ੴ

ਵਾਹੁਗੁਰ ਜੀ ਕਾ ਖਾਲਸਾ
ਵਾਹੁਗੁਰ ਜੀ ਕੀ ਫਤਹ ॥

ਗੁਰਮਤਿ ਪ੍ਰਬੋਧ

ਕਰਤਾ

ਇਕਾਂਤੀ

"ਪੰਚ ਖਾਲਸਾ ਦੀਵਾਨ"
ਅਰਥਾਤ
"ਖਾਲਸਾ ਪਾਰਲੀਮੈਂਟ"
ਵੱਲੋਂ

ਢੰਡੋਰਾ

ਏਹ **ਗੁਰਮੰਤ੍ਰ ਪ੍ਰਬੋਧ** ਨਾਮੀ ਪੁਸਤਕ ਖਾਲਸਾ ਪੰਥੀਆਂ ਦੀ ਵਿਚਾਰ ਤੇ ਵਰਤੋਂ ਹਿਤ ਪ੍ਰਕਾਸ਼ਤ ਕੀਤਾ ਜਾਂਦਾ ਹੈ।

ਆਸ਼ਾ ਹੈ ਜੋ ਸਮੂੰਹ ਸੱਜਨ ਇਸਦੇ ਸਿਧਾਂਤ ਨੂੰ ਗ੍ਰਹਿਣ ਕਰਦੇ ਹੋਏ ਲਾਹੇ ਪ੍ਰਾਪਤ ਕਰਨ ਗੇ॥

ਪੰਃ ਖਾਃ ਕਿੰਃ

ਤੇਜਾ ਸਿੰਘ ਰੀਟਾਯਰਡ, ਐਸ. ਡੀ. ਓ.

ਤਾਰੀਖ	ਸੇਵਕ
੧ ਮੱਘਰ ਸੰਃ ੪੫੭ ਖਾਃ	ਪੰਚ ਖਾਲਸਾ ਦੀਵਾਨ
ਮੁਤਾਬਕ	ਅਰਥਾਤ
੧ ਮੱਘਰ ਸੰਃ ੧੯੮੨ ਬਿਃ	ਖਾਲਸਾ ਪਾਰਲੀਮੈਂਟ

ਮੁਕਾਮ ਪੰਚ ਖੰਡ, ਡਾਕਘਰ ਭਸੌੜ, ਰਾਜ ਪਟਿਆਲਾ

੧ ੴ ਸਤਿ ਗੁਰ ਪ੍ਰਸਾਦਿ ॥

ਭੂਮਿਕਾ

(ੳ) **ਬਹੁਤ ਸਾਰੇ ਖਾਲਸਾ** ਭਾਈ ਜਿਨ੍ਹਾਂ ਦੇ ਦਿਮਾਗ ਤੇ ਅੰਤਹਕਰਨ ਵਿਚ ਹਿੰਦੂਮਤ ਸਿੱਧਾਂਤ ਦੀਆਂ ਪੁਸਤਕਾਂ, ਅਤੇ ਓਨ੍ਹਾਂ ਦੇ ਅਵਤਾਰਾਂ ਅਤੇ ਦੇਵੀ ਦੇਵਤਿਆਂ ਨੇ ਸੂਖ੍ਮ ਸਰੂਪ ਦ੍ਵਾਰਾ ਨਿਵਾਸ ਕੀਤਾ ਹੋਯਾ ਹੈ, **ਓਹ ਵੀਰ** ਸ੍ਰੀਗੁਰੂ ਗ੍ਰੰਥ ਸਾਹਿਬ ਜੀਨੂੰ **ਵੇਦਾਂ ਦਾ ਸਾਰ**, ਅਤੇ ਸ੍ਰੀਗੁਰੂ ਨਾਨਕ ਦੇਵ ਜੀ ਤੋਂ ਲੈਕੇ ਦਸਮਗੁਰੂ ਜੀ ਤਕ ਨੂੰ ਸ੍ਰੀ ਬਾਵਨ, ਸ੍ਰੀ ਰਾਮਚੰਦ੍ਰ ਤੇ ਸ੍ਰੀ ਕ੍ਰਿਸ਼ਨ ਜੀ ਆਦਿ ਵਤ ਸ੍ਰੀ ਬਿਸ਼ਨੂੰ ਜੀ ਦੇ ਅਵਤਾਰ ਆਪ ਮੰਨਦੇ ਤੇ ਹੋਰਨਾਂ ਖਾਲਸਾ ਵੀਰਾਂ ਭੈਣਾਂ ਤੋਂ ਮਲੋਮੱਲੀ ਮਨਵਾਉਂਦੇ ਹਨ ।

ਪਰ ਸਾਡੇ ਓਨ੍ਹਾਂ ਖਾਲਸਾ ਵੀਰਾਂ ਦਾ ਏਹ ਕੁੜਾਵਾ ਨਿਸਚਾ ਗੁਰੂ ਸਾਹਿਬਾਂ ਦੀ ਮੁਖਵਾਕ ਬਾਣੀ ਤੋਂ ਬੇਓੜਕਾ ਪ੍ਰੇਡੇ ਸੁਟਨ ਵਾਲਾ ਹੈ, ਜੈਸਾ ਕਿ ਇਸ **ਗੁਰਮੰਤ੍ਰ ਪ੍ਰਬੋਧ** ਨਾਮੀ ਪੁਸਤਕ ਵਿਚ ਦਿਠੀਗਈ **ਧਰਮਜੀਵਨ ਤੁਲਾ** ਤੋਂ ਸਾਬਤ ਹੈ ।

(ਅ) **ਇਸਤੋਂ ਬਿਨਾਂ** ਓਹ ਸਾਡੇ ਖਾਲਸਾ ਵੀਰ ਗੁਰੂ ਆਸ਼ੇ ਵਿਰੁਧ **ਵਾਹਿਗੁਰੂ** ਵਾਕ ਨੂੰ ਗੁਰਮੰਤ੍ਰ (ਮਹਾਂਮੰਤ੍ਰ) ਭਾਵ ਖਾਲਸਾ ਧਰਮੀਆਂ ਦੇ ਅਭ੍ਯਾਸ ਕਰਨ ਯੋਗ ਜੀਵਨ ਬੂਟੀ ਮੰਨਕੇ ਇਸਦਾ **ਜਾਪ** ਆਪ ਜਪਦੇ ਅਤੇ ਅਪਨੇ ਵੀਰਨਾਂ ਨੂੰ ਜਪਾਉਂਦੇ ਹਨ, ਜੋ ਓਨ੍ਹਾਂ ਦੀ ਸਖਤ ਭੁੱਲ ਤੇ ਮਨਮਤ ਹੈ ॥

ਯਾਂਤੇ ਓਨ੍ਹਾਂ ਵੀਰਨਾਂ ਦੀ ਇਸ ਮਨਮਤ ਨੂੰ ਦੂਰਕਰਨ ਹਿਤ ਇਹ **ਗੁਰਮੰਤ੍ਰ ਪ੍ਰਬੋਧ** ਨਾਂਮੀ ਪੁਸਤਕ ਤਿਆਰ ਕੀਤੀ ਗਈ ਹੈ, ਜਿਸ ਵਿਚ ਸਿੱਧ ਕੀਤਾ ਗਿਆ ਹੈ, ਕਿ **ਵਾਹਿਗੁਰੂ** ਸ਼ਬਦ ਅਕਾਲਬੋਧਕ ਨਾਮੁ ਨਹੀ, ਪਰ ਉਸਦੇ ਥਾਂਓ ਖਾਲਸਾ-ਧਰਮੀਆਂ ਦਾ ਗੁਰਮੰਤ੍ਰ (ਮਹਾਂਮੰਤ੍ਰ) **ਵਾਹੁਗੁਰ** ਹੈ, ਜਿਸਦੇ ਅਭ੍ਯਾਸ ਕਰਨੇ ਕਰਕੇ ਪ੍ਰਾਣੀ ਅਪਨੀ ਜੀਵਨਯਾਤ੍ਰਾ ਨੂੰ ਸਹਿਜ ਹੀ ਸਫਲ ਕਰ ਲੈਂਦਾ ਹੈ ॥

ਸੂਚਨਾ

ਇਸ ਪੁਸਤਕ ਵਿਚ ਜੋ ਪੰਨੇ ਸ਼ਬਦ ਪ੍ਰਮਾਣਾਂ ਦੇ ਦਿਤੇ ਗਏ ਹਨ ਓਹ ਲਕੀਰੋਂ ਉਤਲੇ ੧੪੨੯ ਤੇ ਲਕੀਰੋਂ ਹੇਠਲੇ ੧੨੫੬ ਪੰਨੇ ਵਾਲੀਆਂ ਸ੍ਰੀਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਦੇ ਜਾਣਨੇ॥

ਪ੍ਰਾਰਥਿਕ

'ਇਕਾਂਤੀ'

ਸੇਵਕ

ਗੁਰਮੰਤ੍ਰ ਪ੍ਰਬੋਧ

ੴ ਸਤਿ ਗੁਰ ਪ੍ਰਸਾਦਿ ॥

ਗੁਰਮਤਿ ਪ੍ਰਬੋਧ

ਪ੍ਰਿਥਮ ਕਾਂਡ

—o—

(੧) ਸਾਰੇ ਸੰਸਾਰ ਵਿਚ ਅਕਾਲਪੁਰਖ ਨੇ ਦੋ ਹੀ ਸ੍ਰੇਣੀਆਂ ਉਤਪਨ ਕੀਤੀਆਂ ਹਨ, ਜਿਨ੍ਹਾਂ ਵਿਚੋਂ ਇਕ ਨੂੰ **ਨਰ**, ਦੂਜੀ ਨੂੰ **ਮਦੀਨ** ਆਖੀਦਾ ਹੈ।

ਪਰ ਅਸੀ ਸੰਸਾਰ ਦੇ ਸਾਰੇ ਪ੍ਰਾਣਧਾਰੀਆਂ ਨੂੰ ਛੱਡਕੇ ਕੇਵਲ ਮਨੁੱਖ ਸੰਗਜਾ ਦੇ ਪ੍ਰਾਣੀਆਂ ਦਾ ਹੀ ਜ਼ਿਕਰ ਕਰਦੇ ਹਾਂ।

ਇਸ ਵਿਚੋਂ ਇਕ ਹਿੱਸੇ ਨੂੰ **ਪੁਰਸ਼** ਅਤੇ ਦੂਜੇ ਨੂੰ **ਇਸਤ੍ਰੀ** ਆਖਦੇ ਹਨ।

ਗੱਲ ਕੀ ਸੰਸਾਰ ਵਿਚ **ਪੁਰਸ਼** ਅਤੇ **ਇਸਤ੍ਰੀ** ਦੋ ਹੀ ਜ਼ਾਤਾਂ ਅਕਾਲਪੁਰਖ ਵਲੋਂ ਬਨਾਈਆਂ ਗਈਆਂ ਹਨ, ਬਾਕੀ ਸਾਰੀਆਂ ਜਾਤਾਂ ਆਪੋ ਅਪਨੀਆਂ ਕੌਮਾਂ ਦੇ ਅਵਤਾਰਾਂ ਯਾ ਪੈਗੰਬਰਾਂ ਦੀਆਂ ਮਨੋਕਲਪਤ ਹਨ ॥

ਇਸਤੇ ਬਿਨਾਂ ਸੰਸਾਰ ਦੀ ਸਾਰੀ **ਮਨੁੱਖ** ਜਾਤੀ ਵਿਚੋਂ ਕੇਵਲ ਦੋ ਹੀ ਸ੍ਰੇਣੀਆਂ ਹਨ, ਜਿਨ੍ਹਾਂ ਵਿਚੋਂ ਇਕ ਨੂੰ **ਆਸਤਕ** (ਈਸ੍ਵਰ ਮੰਨਨ ਵਾਲੀ) ਯਥਾ **ਹਿੰਦੂ, ਮੁਸਲਮਾਨ, ਈਸਾਈ, ਮੂਸਾਈ, ਖਾਲਸਾ** ਆਦਿ ਹੈ। ਦੂਜੀ ਸ੍ਰੇਣੀ ਦਾ

ਨਾਮ **ਨਾਸਤਕ** (ਈਸ੍ਵਰ ਨਾਂ ਮੰਨਨ ਵਾਲੇ ਭਾਵ ਮੁਨਕਿਰ) ਹੈ, ਜਿਸ ਵਿਚੋਂ ਬੋਧ, ਜੈਨ, ਚਾਰਵਾਕ ਆਦਿਕ ਸ੍ਰੇਣੀਆਂ ਹਨ ॥

ਹੁਣ ਅਸੀਂ ਏਹ ਬਾਤ ਦਸਨੀ ਹੈ ਕਿ ਆਸਤਕ ਸ੍ਰੇਣੀ ਵਿਚ ਆਪੋ ਆਪਣੇ ਅਵਤਾਰਾਂ, ਪੈਗੰਬ੍ਰਾਂ (ਆਚਾਰਜਾਂ) ਆਦਿ ਦੇ ਪ੍ਰਵਿਰਤਕ ਨਿਯਮਾਂ ਅਨੁਸਾਰ ਆਸਤਕਾਂ ਦੀਆਂ ਭੀ ਬਹੁਤ ਸਾਰੀਆਂ ਸ਼ਾਖਾਂ (ਕੌਮਾਂ) ਵਿਖਾਈ ਦਿੰਦੀਆਂ ਹਨ, ਜੋ ਆਪੋ ਆਪਣੇ ਅਵਤਾਰ, ਪੈਗੰਬ੍ਰ (ਕੌਮੀ ਅਚਾਰਜਾਂ) ਦੇ ਦ੍ਰਿੜ੍ਹ ਵਿਸ੍ਵਾਸ ਅਨੁਸਾਰ ਹਰ ਇਕ ਆਸਤਕ ਸ੍ਰੇਣੀ ਵਿਚ ਉਸ **ਜਗਤਕਰਤਾ ਜਗਤਪਾਲਕ, ਜਗਤਘਾਲਕ** ਆਦਿ ਸ਼ਕਤੀ ਦੇ, (ਆਪੋ ਆਪਨੇ ਨਿਸਚਿਆਂ ਅਨੁਸਾਰ) **ਈਸ੍ਵਰ, ਅੱਲਾ, ਗਾਡ** ਆਦਿਕ ਨਾਮ ਰਖੇ ਹੋਏ ਹਨ॥ ਜਿਨ੍ਹਾਂ ਨਾਮਾਂ ਦ੍ਵਾਰਾ ਓਹ ਕੌਮਾਂ ਉਸ ਅਸਲਸ਼ਕਤੀ ਦਾ ਉਨ੍ਹਾਂ ਨੀਯਤ ਕੀਤੇ ਗਏ ਨਾਮਾਂ ਦ੍ਵਾਰਾ ਚਿੰਤਨ ਕਰਦੀਆਂ ਹਨ।

ਇਸਤੇ ਬਿਨਾਂ ਉਸ ਅਸਲੀ (ਸੰਕੇਤੀ) ਨਾਮ ਤੋਂ ਬਿਨਾਂ ਓਹ ਕੌਮਾਂ ਆਪੋ ਆਪਣੇ ਵਿਸ੍ਵਾਸ ਦ੍ਵਾਰਾ ਉਸ ਅਸਲੀ ਸ਼ਕਤੀ ਦੇ ਕ੍ਰਿਤਕ ਵਿਸ਼ੇਸ਼ ਤਥਾ ਗੁਣਵਾਚਕ ਨਾਮ ਭੀ ਕਾਇਮ ਕਰਲੈਂਦੀਆਂ ਹਨ, । ਭਾਵੇਂ ਦੂਜੀਆਂ ਕੌਮਾਂ ਵਿਚ ਭੀ ਏਹੋਜਿਹੇ ਨਾਮ ਨੀਯਤ ਕਰਨ ਦਾ ਵਰਤਵਾਰਾ ਦੇਖੀਦਾ ਹੈ, **ਪਰ** ਹਿੰਦੂ ਮਤ ਵਿੱਚ ਬਹੁਤ ਕਰਕੇ ਐਸੇ ਗੁਣਵਾਚਕ ਨਾਮਾਂ ਦੀ ਬਹੁਲਤਾ ਹੈ, ਜਿਸ ਕਰਕੇ ਅਸਲੀ ਨਾਮ ਕਿਰਤਮ ਨਾਮਾਂ ਵਿਚ ਲੁਪਤ ਹੋਜਾਨ ਦੇ ਕਾਰਨ **ਰਾਧੇਕ੍ਰਿਸ਼ਨ, ਸੀਤਾਰਾਮ** ਆਦਿਕ ਨਾਮਾਂ ਦ੍ਵਾਰਾ ਉਸ ਆਦਿ ਸ਼ਕਤੀ (ਅਕਾਲਪੁਰਖ) ਨੂੰ ਸਿਮ੍ਰਨ ਕਰਨ ਦਾ ਰਿਵਾਜ ਦਿਖਾਈ ਦਿੰਦਾ ਹੈ ॥

ਜਿਸਦਾ ਸੰਖੇਪ ਸਬੂਤ ਅੱਗੇ ਲਿਖੇ ਗੁਰੂਸ਼ਬਦ ਤੋਂ ਪ੍ਰਤੱਖ ਹੈ।

ਯਥਾ:—

(੨) **ਰਾਗੁ ਮਾਰੂ ਮਹਲਾ ੫**

ਸਬਦ ੧੧ ਸਫਾ ੧੦੮੨/੮੫੪ ਸ੍ਰੀ ਗੁਰੂ

(ੳ) ਅਚੁਤ ਪਾਰਬ੍ਰਹਮ ਪਰਮੇਸੁਰ ਅੰਤਰਜਾਮੀ ॥
ਮਧੁਸੂਦਨ ਦਾਮੋਦਰ ਸੁਆਮੀ ॥
ਰਿਖੀਕੇਸ ਗੋਵਰਧਨਧਾਰੀ
ਮੁਰਲੀਮਨੋਹਰ ਹਰਿਰੰਗਾ ॥ ੧ ॥
ਮੋਹਨ ਮਾਧਵ ਕ੍ਰਿਸ੍ਨ ਮੁਰਾਰੇ ॥
ਜਗਦੀਸੁਰ ਹਰਿਜੀਉ ਅਸੁਰਸੰਘਾਰੇ ॥
ਜਗਜੀਵਨ ਅਬਿਨਾਸੀ ਠਾਕੁਰ
ਘਟ ਘਟ ਵਾਸੀ ਹੈ ਸੰਗਾ ॥ ੨ ॥
ਧਰਣੀਧਰ ਈਸ ਨਰਸਿੰਘ ਨਾਰਾਇਣ ॥
ਦਾੜਾ ਅਗ੍ਰੇ ਪ੍ਰਿਥਮਿ ਧਰਾਇਣ ॥
ਬਾਵਨਰੂਪੁ ਕੀਆ ਤੁਧੁ ਕਰਤੇ
ਸਭਹੀ ਸੇਤੀ ਹੈ ਚੰਗਾ ॥ ੩ ॥
ਸ੍ਰੀਰਾਮਚੰਦ ਜਿਸੁ ਰੂਪੁ ਨ ਰੇਖਿਆ ॥
ਬਨਵਾਲੀ ਚਕ੍ਰਪਾਣਿ ਦਰਸਿ ਅਨੂਪਿਆ ॥
ਸਹਸਨੇਤ੍ਰ ਮੂਰਤਿ ਹੈ ਸਹਸਾ
ਇਕੁ ਦਾਤਾ ਸਭ ਹੈ ਮੰਗਾ ॥ ੪ ॥
ਭਗਤਿਵਛਲੁ ਅਨਾਥਹਨਾਥੇ ॥
ਗੋਪੀਨਾਥੁ ਸਗਲ ਹੈ ਸਾਥੇ ॥
ਬਾਸੁਦੇਵ ਨਿਰੰਜਨ ਦਾਤੇ
ਬਰਨਿ ਨ ਸਾਕਉ ਗੁਣ ਅੰਗਾ ॥ ੫ ॥

ਮੁਕੰਦ ਮਨੋਹਰ ਲਖਮੀਨਾਰਾਇਣ ॥
ਦ੍ਰੋਪਤੀ ਲਜਾ ਨਿਵਾਰ ਉਧਾਰਣ ॥
ਕਮਲਾਕੰਤ ਕਰਹਿ ਕੰਤੂਹਲ
ਅਨਦਬਿਨੋਦੀ ਨਿਹਸੰਗਾ ॥ ੬ ॥
ਅਮੋਘਦਰਸਨ ਆਜੂਨੀ ਸੰਭਉ ॥
ਅਕਾਲਮੂਰਤਿ ਜਿਸੁ ਕਦੇ ਨਾਹੀ ਖਉ ॥
ਅਬਿਨਾਸੀ ਅਬਿਗਤਿ ਅਗੋਚਰ
ਸਭੁਕਿਛੁ ਤੁਝਹੀ ਹੈ ਲਗਾ ॥ ੭ ॥
ਸ੍ਰੀਰੰਗ ਬੈਕੁੰਠ ਕੇ ਵਾਸੀ ॥
ਮਛੁ ਕਛੁ ਕੂਰਮੁ ਆਗਿਆ ਅਉਤਰਾਸੀ ॥
ਕੇਸਵ ਚਲਤ ਕਰਹਿ ਨਿਰਾਲੇ
ਕੀਤਾ ਲੋੜਹਿ ਸੋ ਹੋਇਗਾ ॥ ੮ ॥
ਨਿਰਾਹਾਰੀ ਨਿਰਵੈਰੁ ਸਮਾਇਆ ॥
ਧਾਰਿ ਖੇਲੁ ਚਤੁਰਭੁਜੁ ਕਹਾਇਆ ॥
ਸਾਵਲ ਸੁੰਦਰ ਰੂਪ ਬਣਾਵਹਿ
ਬੇਣੁ ਸੁਨਤ ਸਭ ਮੋਹੈਗਾ ॥ ੯ ॥
ਬਨਮਾਲਾ ਬਿਭੂਖਨ ਕਮਲਨੈਨ ॥
ਸੁੰਦਰ ਕੁੰਡਲ ਮੁਕਟ ਬੈਨ ॥
ਸੰਖ ਚਕ੍ਰ ਗਦਾ ਹੈ ਧਾਰੀ
ਮਹਾਸਾਰਥੀ ਸਤਸੰਗਾ ॥ ੧੦ ॥
ਪੀਤ ਪੀਤੰਬਰ ਤ੍ਰਿਭਵਣ ਧਣੀ ॥
ਜਗੰਨਾਥੁ ਗੋਪਾਲੁ ਮੁਖਿ ਭਣੀ ॥
ਸਾਰਿੰਗਧਰ ਭਗਵਾਨ ਬੀਠੁਲਾ
ਮੈ ਗਣਤ ਨ ਆਵੈ ਸਰਬੰਗਾ ॥ ੧੧ ॥
ਨਿਹਕੰਟਕੁ ਨਿਹਕੇਵਲੁ ਕਹੀਐ ॥
ਧਨੰਜੈ ਜਲਿ ਥਲਿ ਹੈ ਮਹੀਐ ॥

ਮਿਰਤਲੋਕ ਪਇਆਲ ਸਮੀਪਤ
ਅਸਥਿਰਥਾਨੁ ਜਿਸੁ ਹੈ ਅਭਗਾ ॥੧੨॥
ਪਤਤਪਾਵਨ ਦੁਖ ਭੈ ਭੰਜਨੁ ॥
ਅਹੰਕਾਰੁ ਨਿਵਾਰਣੁ ਹੈ ਭਵਖੰਡਨੁ ॥
ਭਗਤੀਤੋਖਤ ਦੀਨ ਕ੍ਰਿਪਾਲਾ
ਗੁਣੇ ਨ ਕਿਤਹੀ ਹੈ ਭਿਗਾ ॥੧੩॥
ਨਿਰੰਕਾਰੁ ਅਛਲ ਅਡੋਲੋ ॥
ਜੋਤਿਸਰੂਪੀ ਸਭੁ ਜਗ ਮਉਲੋ ॥
ਸੋ ਮਿਲੈ ਜਿਸੁ ਆਪਿ ਮਿਲਾਏ
ਆਪਹੁ ਕੋਇ ਨ ਪਾਵੈਗਾ ॥੧੪॥
ਆਪੇ ਗੋਪੀ ਆਪੇ ਕਾਨ੍ਹਾ ॥
ਆਪੇ ਗਊ ਚਰਾਵੈ ਬਾਨਾ ॥
ਆਪਿ ਉਪਾਵਹਿ ਆਪਿ ਖਪਾਵਹਿ
ਤੁਧੁ ਲੇਪੁ ਨਹੀ ਇਕੁ ਤਿਲੁ ਰੰਗਾ ॥੧੫॥
ਏਕ ਜੀਹ ਗੁਣ ਕਵਨ ਬਖਾਨੈ ॥
ਸਹਸਫਨੀ ਸੇਖ ਅੰਤ ਨ ਜਾਨੈ ॥
ਨਵਤਨ ਨਾਮ ਜਪੈ ਦਿਨੁ ਰਾਤੀ
ਇਕੁ ਗੁਣ ਨਾਹੀ ਪ੍ਰਭ ਕਹਿ ਸੰਗਾ ॥੧੬॥
ਓਟ ਗਹੀ ਜਗਤਪਿਤ ਸਰਣਾਇਆ ॥
ਭੈ ਭਇਆਨਕ ਜਮਦੂਤ ਦੁਤਰ ਹੈ ਮਾਇਆ ॥
ਹੋਹੁ ਕ੍ਰਿਪਾਲ ਇਛਾ ਕਰਿ ਰਾਖਹੁ
ਸਾਧਸੰਤਨ ਕੈ ਸੰਗਿ ਸੰਗਾ ॥੧੭॥
ਦ੍ਰਿਸਟਿਮਾਨ ਹੈ ਸਗਲ ਮਿਥੇਨਾ ॥
ਇਕੁ ਮਾਗਉ ਦਾਨੁ ਗੋਬਿਦਸੰਤ ਰੇਨਾ ॥
ਮਸਤਕ ਲਾਇ ਪਰਮਪਦੁ ਪਾਵਉ
ਜਿਸ ਪ੍ਰਾਪਤਿ ਸੋ ਪਾਵੈਗਾ ॥੧੮॥
ਜਿਨ ਕਉ ਕ੍ਰਿਪਾ ਕਰੀ ਸੁਖਦਾਤੇ ॥

ਤਿਨ ਸਾਧੂਚਰਣ ਲੈ ਰਿਦੈ ਪਰਾਤੇ ॥
ਸਗਲਨਾਮ ਨਿਧਾਨੁ ਤਿਨ ਪਾਇਆ
ਅਨਹਦਸਬਦ ਮਨਿ ਵਾਜੰਗਾ ॥ ੧੯ ॥

ਕਿਰਤਮਨਾਮ ਕਥੇ ਤੇਰੇ ਜਿਹਬਾ ॥

ਸਤਿਨਾਮੁ (ਵਾਹੁਗੁਰ) ਤੇਰਾ ਪਰਾ ਪੂਰਬਲਾ ॥

ਕਹੁ ਨਾਨਕ ਭਗਤ ਪਏ ਸਰਨਾਈ
ਦੇਹੁ ਦਰਸੁ ਮਨਿ ਰੰਗੁ ਲਗਾ ॥ ੨੦ ॥
ਤੇਰੀ ਗਤਿ ਮਿਤਿ ਤੂਹੈ ਜਾਣਹਿ ॥
ਤੂ ਆਪੇ ਕਥਹਿ ਤੈ ਆਪਿ ਵਖਾਣਹਿ ॥
ਨਾਨਕ ਦਾਸੁਦਾਸਨ ਕੋ ਕਰੀਅਹੁ
ਹਰਿ ਭਾਵੈ ਦਾਸਾ ਰਾਖੁ ਸੰਗਾ ॥ ੨੧ ॥

ਇਸਤੇ ਬਿਨਾਂ ਹਿੰਦੂ ਤੇ ਮੁਸਲਮਾਨੀ ਮਤ ਦੇ ਕੁਛਕ ਵਿਸ਼ੇਸ਼ਣ [ਗੁਣਵਾਚਕ] ਨਾਮ ਹੇਠ ਲਿਖੇ ਸ਼ਬਦ ਦ੍ਵਾਰਾ ਦਿਖਾਏ ਜਾਂਦੇ ਹਨ ॥

ਯਥਾ—

ਰਾਗੁ ਰਾਮਕਲੀ ਮਹਲਾ ੫

ਸਬਦ ੪੫ ਸਫਾ ੮੯੬/੧੯੩ ਸ੍ਰੀਗੁਰੂਃ

(ਅ) ਕਾਰਨਕਰਨ ਕਰੀਮ ॥
ਸਰਬਪ੍ਰਤਿਪਾਲ ਰਹੀਮ ॥
ਅਲਹ ਅਲਖ ਅਪਾਰ ॥
ਖੁਦਿਖੁਦਾਇ ਵਡ ਬੇਸੁਮਾਰ ॥ ੧ ॥
ਓਨਿਮੋ ਭਗਵੰਤ ਗੁਸਾਈ ॥
ਖਾਲਕੁ ਰਵਿਰਹਿਆ ਸਰਬ ਠਾਈ ॥ ੧ ॥ ਰਹਾਉ ॥
ਜਗੰਨਾਥ ਜਗਜੀਵਨ ਮਾਧੋਃ ॥

ਭਉਭੰਜਨ ਰਿਦ ਮਾਹਿ ਅਰਾਧੇ ॥
ਰਿਖੀਕੇਸ ਗੋਪਾਲ ਗੋੁਵਿੰਦ ॥
ਪੂਰਨ ਸਰਬਤ੍ਰ ਮੁਕੰਦ ॥ ੨ ॥
ਮਿਹਰਵਾਨ ਮਉਲਾ ਤੂਹੀ ਏਕ ॥
ਪੀਰ ਪੈਕਾਂਬਰ ਸੇਖ ॥
ਦਿਲਾ ਕਾ ਮਾਲਕੁ ਕਰੇ ਹਾਕੁ ॥
ਕੁਰਾਨ ਕਤੇਬ ਤੇ ਪਾਕੁ ॥ ੩ ॥
ਨਾਰਾਇਣ ਨਰਹਰ ਦਇਆਲ ॥
ਰਮਤ ਰਾਮ ਘਟ ਘਟ ਆਧਾਰ ॥
ਬਾਸੁਦੇਵ ਬਸਤ ਸਭ ਠਾਇ ॥
ਲੀਲਾ ਕਿਛੁ ਲਖੀ ਨ ਜਾਇ ॥ ੪ ॥
ਮਿਹਰ ਦਇਆ ਕਰਿ ਕਰਨੈਹਾਰ ॥
ਭਗਤਿ ਬੰਦਗੀ ਦੇਹਿ ਸਿਰਜਣਹਾਰ ॥
ਕਹੁ ਨਾਨਕ ਗੁਰਿ ਖੋਏ ਭਰਮ ॥
ਏਕੋ ਅਲਹੁ ਪਾਰਬ੍ਰਹਮ ॥ ੫ ॥

ਏਨ੍ਹਾਂ ਸਬਦਾਂ ਤੋਂ ਇਹ ਸਿੱਧ ਹੈ ਕਿ "ਉਤੇ ਲਿਖੇ ਅਨੁਸਾਰ ਬੇਅੰਤ ਕਿਰਤਮ ਨਾਮ ਉਸ ਜਗਤਪਾਲਕ ਦੇ ਹਿੰਦੂ, ਮੁਸਲਮਾਨ ਆਦਿ ਕੌਮਾਂ ਵੱਲੋਂ ਆਪੋ ਆਪਣੇ ਮਤਿਅਨੁਸਾਰ ਕਿਸੇ ਨ ਕਿਸੇ ਉਸਦੀ ਵਰਤਗਈ ਤਾਕਤ ਅਥਵਾ ਕਿਸੇ ਖਿਆਲ ਨੂੰ ਮੁਖ ਰੱਖਕੇ ਕਾਇਮ ਕੀਤੇਗਏ ਹਨ, ਪ੍ਰੰਤੂ ਉਸਦਾ ਸਭ ਤੋਂ ਪੂਰਬਲਾ ਅਰਥਾਤ ਪਹਿਲਾ ਨਾਉਂ **ਸਤਿਨਾਮੁ** (ਵਾਹੁਗੁਰ) ਹੈ ॥

ਕਿਉਂਕਿ ਉਸਤੋਂ ਬਿਨਾਂ ਬਾਕੀ ਦੇ ਸਾਰੇ ਨਾਮ ਕਿਸੇ ਨ ਕਿਸੇ ਗੁਣ ਅਨੁਸਾਰ ਵਰਤੀਗਈ ਅਕਾਲੀ ਤਾਕਤ ਨੂੰ ਮੁਖਜ ਰੱਖਕੇ ਕੌਮਾਂ ਦੇ ਅਵਤਾਰਾਂ, ਪੈਗੰਬਰਾਂ (ਕੌਮੀ ਅਚਾਰਜਾਂ)ਨੇ ਕਾਇਮ (ਨੀਯਤ) ਕੀਤੇ ਹਨ, ਵਧੀਕ ਨਿਰਣਯ ਲਈ ਪੜ੍ਹੋ, 'ਜਾਪੁ ਸਾਹਿਬ' (ਪਾਤਸ਼ਾਹੀ ੧੦)

(੩) **ਬੱਸ** ਪ੍ਰਮਾਤਮਾਂ ਦਾ **ਸਤਿਨਾਮੁ** ਭਾਵ ਓਹ **ਨਾਮ** ਜੋ ਆਰੰਭ ਤੋਂ ਹੀ ਸਦੀਵ ਲਈ **ਸਤਿ** ਹੈ, ਜਰੂਰ **ਸੱਚਾਨਾਮੁ** ਹੈ॥

ਸੋ ਓਹੀ **ਸਤਿਨਾਮੁ** (ਅਸਲੀ ਨਾਮ) ਸ੍ਰੀਗੁਰੂ ਨਾਨਕ ਦੇਵ ਜੀ ਨੂੰ ਉਸ ਸਤਿਨਾਮੀ (ਅਕਾਲਪੁਰਖ) ਤੋਂ ਪ੍ਰਾਪਤ ਹੋਯਾ, ਕਿਉਂਕਿ ਸ੍ਰੀਗੁਰੂ ਨਾਨਕ ਦੇਵ ਜੀ ਦਾ **ਗੁਰੂ** ਓਹੀ ਸਤਿਨਾਮੀ ਪ੍ਰਮੇਸ਼੍ਵਰ ਹੈ, ਸਬੂਤ ਲਈ ਦੇਖੋ:-

ਰਾਗੁ ਸੋਰਠ ਮਹਲਾ ੧

ਸਬਦ ੧੧ ਸਫਾ $\frac{\text{੫੯੮}}{\text{੫੩੨}}$ ਸ੍ਰੀਗੁਰੂ:

(ੲ) ਸਰਬਜੀਆ ਸਿਰਿਲੇਖੁ ਧੁਰਾਹੂ
ਬਿਨੁ ਲੇਖੇ ਨਹੀ ਕੋਈ ਜੀਉ।
ਆਪਿ ਅਲੇਖੁ ਕੁਦਰਤਿ ਕਰਿ ਦੇਖੈ
ਹੁਕਮਿ ਚਲਾਏ ਸੋਈ ਜੀਉ ॥੧॥
ਮਨ ਰੇ ਰਾਮ ਜਪਹੁ ਸੁਖੁ ਹੋਈ ॥
ਅਹਿਨਿਸਿ ਗੁਰ ਕੇ ਚਰਨ ਸਰੇਵਹੁ
ਹਰਿ ਦਾਤਾ ਭੁਗਤਾ ਸੋਈ ।੧॥ ਰਹਾਉ ॥
ਜੋ ਅੰਤਰਿ ਸੋ ਬਾਹਰਿ ਦੇਖਹੁ
ਅਵਰੁ ਨ ਦੂਜਾ ਕੋਈ ਜੀਉ।
ਗੁਰਮੁਖਿ ਏਕਦ੍ਰਿਸਟਿ ਕਰਿ ਦੇਖਹੁ
ਘਟਿ ਘਟਿ ਜੋਤਿ ਸਮੋਈ ਜੀਉ ॥੨॥
ਚਲਤੌ ਠਾਕਿਰਖਹੁ ਘਰਿ ਅਪਨੈ
ਗੁਰ ਮਿਲਿਐ ਇਹ ਮਤਿ ਹੋਈ ਜੀਉ।
ਦੇਖਿ ਅਦ੍ਰਿਸਟ ਰਹਉ ਬਿਸਮਾਦੀ
ਦੁਖੁ ਬਿਸਰੈ ਸੁਖੁ ਹੋਈ ਜੀਉ ॥੩॥

ਪੀਵਹੁ ਅਪਿਉ ਪਰਮਸੁਖ ਪਾਈਐ
ਨਿਜਘਰਿ ਵਾਸਾ ਹੋਈ ਜੀਉ ।
ਜਨਮ ਮਰਣ ਭਵ ਭੰਜਨੁ ਗਾਈਐ
ਪੁਨਰਪਿ ਜਨਮੁ ਨ ਹੋਈ ਜੀਉ ॥ ੪ ॥
ਤਤੁ ਨਿਰੰਜਨੁ ਜੋਤਿਸਬਾਈ
ਸੋਹੰ ਭੇਦੁ ਨ ਕੋਈ ਜੀਉ ।
ਅਪਰੰਪਰ ਪਾਰਬ੍ਰਹਮੁ ਪਰਮੇਸੁਰ
ਨਾਨਕ 'ਗੁਰ' ਮਿਲਿਆ ਸੋਈ ਜੀਉ ॥੫॥

ਬਸ ਇਸ ਉਤਲੇ ਸਬਦ ਤੋਂ ਸਿਧ ਹੋਯਾ ਜੋ ਸ੍ਰੀਗੁਰੂ ਨਾਨਕ ਦੇਵ ਜੀ ਦਾ ਗੁਰੂ ਸਤਿਨਾਮੀ (ਅਕਾਲਪੁਰਖ) ਹੈ, ਅਤੇ **ਸਤਿਨਾਮੁ** (ਸਦੀਵੀ ਸੱਤਿ) ਪਰਾ ਪੂਰਬਲਾ ਨਾਮ ਅਕਾਲਪੁਰਖੁ ਤੋਂ ਹੀ ਪ੍ਰਾਪਤ ਹੋਯਾ ਹੈ, ਅਤੇ ਸ੍ਰੀਗੁਰੂ ਨਾਨਕ ਦੇਵ ਜੀਨੇ ਓਹੀ **ਨਾਮੁ** (ਗੁਰਮੰਤ੍ਰ ਯਾ ਮਹਾਂਮੰਤ੍ਰ) ਗੁਰਸਿਖਾਂ (ਖਾਲਸਾ ਪੰਥੀਆਂ) ਵਿਚ ਵਰਤਾਯਾ ।

ਗੱਲ ਕੀ ਓਹੀ **ਨਾਮ** ਸ੍ਰੀਗੁਰੂ ਨਾਨਕ ਦੇਵ ਜੀ ਤੋਂ ਸ੍ਰੀਗੁਰੂ ਅੰਗਦ ਜੀ ਨੂੰ ਤੇ ਸ੍ਰੀਗੁਰੂ ਅੰਗਦ ਦੇਵ ਜੀ ਤੋਂ ਸ੍ਰੀਗੁਰੂ ਅਮਰ ਦੇਵ ਜੀ ਆਦਿ ਨੂੰ ਸਿਲਸਿਲੇਵਾਰ ਸ੍ਰੀਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤਕ ਪਹੁੰਚਿਆ, ਜਿਨ੍ਹਾਂ ਨੇ ੧ ਵੈਸਾਖ ਸੰ:੧੭੫੬ਬਿ: ਨੂੰ ਅੰਮ੍ਰਿਤਪ੍ਰਚਾਰ (ਖਾਲਸਾਧਰਮ ਸਾਜਨ) ਸਮੇਂ ਪੰਜਾਂ ਪਜਾਰਿਆਂ ਨੂੰ ਪ੍ਰਦਾਨ ਕੀਤਾ, ਅਤੇ ਓਹੀ **ਨਾਮੁ** ਹੁਣ ਭੀ ਪੁਰਾਤਨ ਮ੍ਰਯਾਦਾ ਅਨੁਸਾਰ ਪੰਜਾਂ ਪਜਾਰਿਆਂ ਦ੍ਵਾਰਾ ਖਾਲਸਾਧਰਮ ਧਾਰਨ ਵਾਲਿਆਂ ਭਾਵ ਅੰਮ੍ਰਿਤ ਅਭਲਾਖੀਆਂ ਨੂੰ ਅੰਮ੍ਰਿਤ ਛਕਾਨ ਸਮੇਂ ਦਿੱਤਾ ਜਾਂਦਾ ਹੈ, ਜਿਸਨੂੰ **'ਗੁਰਮੰਤ੍ਰ'** (ਮਹਾਂਮੰਤ੍ਰ) **(ਵਾਹਗੁਰ)** ਕਰਕੇ ਉਚਾਰਨ ਕੀਤਾ ਜਾਂਦਾ ਹੈ ॥

ਪ੍ਰੰਤੂ ਅਫਸੋਸ ! ਕਈਕ ਗੁਰਮਤਿ ਅਗਜਾਤ ਵੀਰ ਭੈਣਾਂ ਵਿਚ ਉਸ ਅਸਲੀ **ਨਾਮੁ ਵਾਹੁਗੁਰ** (ਗੁਰਮੰਤ੍ਰ) ਦੇ ਥਾਉਂ **ਵਾਹਿਗੁਰੂ** ਨਾਮੀ (ਗੁਰਮੰਤ੍ਰ) ਗੁਰੂ ਆਸ਼ੇ ਵਿਰੁੱਧ ਪ੍ਰਵਿਰਤ ਹੋ ਗਿਆ ਹੈ, ਅਤੇ ਏਹ **ਵਾਹਿਗੁਰੂ** ਸ਼ਬਦ ਦੋ ਪਦਾਂ "ਵਾਹਿ+ਗੁਰੂ" ਤੋਂ ਰਲਕੇ ਬਨਿਆ ਹੋਯਾ ਹੈ ॥

ਪਰ ਕੋਸ਼ ਵਿਚ ਜਿਸ ਪਦ ਦੇ ਅਰਥ ਅਸਚਰਜ ਯਾ ਧੰਨਜ ਹਨ ਓਹ ਪਦ '**ਵਾਹੁ**' ਹੈ ਪਰ ਪ੍ਰਵਿਰਤੀ ਭਾਵ ਅਨੁਸਾਰ ਹਰਹਾਲਤ ਵਿੱਚ ਐਸੇ **ਵਾਹਿ** ਪਦ ਦੇ ਅਰਥ ਭੀ ਧੰਨਜ ਤੇ ਅਸਚਰਜ ਹੀ ਮੰਨੇ ਜਾਣੇ ਪ੍ਰਵਿਰਤ ਹਨ । ਪ੍ਰੰਤੂ **ਵਾਹਿ** ਪਦ ਦਸਾਂ ਗੁਰਾਂ ਦੀ ਮੁਖਵਾਕ ਬਾਣੀ ਵਿੱਚ ਕਿਤੇ ਨਹੀਂ ਲਭਦਾ ਜਿਸਨੂੰ ਸ਼ਕ ਹੋਵੇ ਉਹ ਸ੍ਰੀਗੁਰੂ ਨਾਨਕ ਦੇਵ ਜੀ ਤੋਂ ਲੈਕੇ ਦਸਮਗੁਰੂ ਜੀ ਤਕ ਦੀ ਮੁਖਵਾਕ ਬਾਣੀ ਨੂੰ ਪੜ੍ਹਕੇ ਸ਼ੰਕਾ ਦੂਰ ਕਰੇ ਪਰ ਹਾਂ ! **ਵਾਹਿ** ਪਦ ਦੇ ਥਾਓਂ **ਵਾਹੁ** ਪਦ ਗੁਰੂ ਸਾਹਿਬਾਂ ਦੀ ਮੁਖਵਾਕ ਬਾਣੀ ਵਿਚ ਬਹੁਤ ਥਾਂਵੀਂ ਵਰਤਿਆ ਹੋਯਾ ਮਿਲਦਾ ਹੈ ।

ਜਿਸਦੇ ਬਹੁਤ ਸਾਰੇ ਪ੍ਰਮਾਨ ਹਨ, ਪਾਠੀ ਜਨ ਸੁਤੇ ਸਿਧ ਹੀ ਇਸ ਭੇਦ ਨੂੰ ਜਾਣ ਸਕਦੇ ਹਨ ॥

ਇਸਤੋਂ ਪ੍ਰਗਟ ਹੈ, ਜੋ ਗੁਰੂ ਸਾਹਿਬਾਂ ਰਚਿਤ ਬਾਣੀ ਦੇ ਪ੍ਰਮਾਣਾਂ ਅਨੁਸਾਰ ਵਾਹਿਦੇ ਥਾਓਂ ਵਾਹੁ ਪਦ ਸਾਬਤ ਹੈ॥

ਇਸ ਬਾਤ ਦੀ ਪੌਹੜਤਾ ਲਈ ਦੇਖੋ ਅਗੇ ਲਿਖੇ ਗੁਰਸ਼ਬਦ॥

ਯਥਾ:—

ਗਉੜੀ ਮਹਲਾ ੧

ਸਬਦ ੭ ਸਫਾ ੧੫੩/੧੩੫ ਸ੍ਰੀਗੁਰੂ:

(ਸ) ਕਾਮੁ ਕ੍ਰੋਧੁ ਮਾਇਆ ਮਹਿ ਚੀਤੁ ॥
ਝੂਠ ਵਿਕਾਰਿ ਜਾਗੈ ਹਿਤ ਚੀਤੁ ॥
ਪੂੰਜੀ ਪਾਪ ਲੋਭ ਕੀ ਕੀਤੁ ॥
ਤਰੁ ਤਾਰੀ ਮਨਿ ਨਾਮੁ ਸੁ ਚੀਤੁ ॥ ੧ ॥
ਵਾਹੁ ਵਾਹੁ "ਸਾਚੇ" ਮੈ ਤੇਰੀ ਟੇਕ ॥
ਹਉ ਪਾਪੀ ਤੂੰ ਨਿਰਮਲੁ ਏਕ ॥ ੧ ॥ ਰਹਾਉ ॥

ਵਾਹੁ ਦਾ ਸੰਖੇਪ ਭਾਵ

ਹੇ ! ਸਚੇ ਵਾਹੁ ਸਰੂਪ ਅਕਾਲ ਪੁਰਖ ਜੀ !
ਆਪ ਵਾਹੁ-ਅਸਚਰਜ ਹੋ ॥

ਸੂਚਨਾ

ਇਸ ਸ਼ਬਦ ਵਿਚ ਵਾਹੁ (ਅਸਚਰਜ) ਪਦ ਸੱਚੇ (ਅਕਾਲਪੁਰਖੁ) ਦਾ ਵਿਸ਼ੇਸ਼ਨ ਹੈ ॥

ਗਉੜੀ ਮਹਲਾ ੧

ਅਸਟਪਦੀ ੧੨

ਪਉੜੀ ੬ ਸਫਾ ੨੨੬/੨੦੧ ਸ੍ਰੀਗੁਰੂ:

(ਹ) ਤਿਸ ਕਉ ਵਾਹੁ ਵਾਹੁ ਜਿ ਵਾਟ ਦਿਖਾਵੈ ॥
ਤਿਸ ਕਉ ਵਾਹੁ ਵਾਹੁ ਜਿ ਸਬਦੁ ਸੁਣਾਵੈ ॥

ਤਿਸ ਕਉ ਵਾਹੁ ਵਾਹੁ ਜਿ ਮੇਲਿ ਮਿਲਾਵੈ॥੬॥

ਵਾਹੁ ਵਾਹੁ ਤਿਸ ਕਉ ਜਿਸ ਕਾ ਇਹੁ ਜੀਉ ॥
ਗੁਰਸਬਦੀ ਮਥਿ ਅੰਮ੍ਰਿਤੁ ਪੀਉ ॥
ਨਾਮ ਵਡਾਈ ਤੁਧੁ ਭਾਣੈ ਦੀਉ ॥ ੭ ॥

ਸੂਚਨਾ

ਇਸ ਸ਼ਬਦ ਵਿਚ ਵਾਹੁ ਪਦ ਦੇ ਅਰਥ ਧੰਨਜ ਹਨ, ਕਿਉਂਕਿ ਓਹੀ ਧੰਨਜਬਾਦ ਦੇ ਯੋਗ ਹੈ ਜਿਸਦੀ ਕ੍ਰਿਪਾ ਕਰਕੇ ਉਤੇ ਦੱਸੇ ਸਾਧਨ ਪ੍ਰਾਪਤ ਹੋਏ ਹਨ।

ਪੁਨਾਃ—

ਗੂਜਰੀ ਵਾਰ ਮਹਲਾ ੩ ਪਉੜੀ ੧੪

ਸਫ਼ਾ $\frac{੫੧੪}{੪੫੮}$ ਸ੍ਰੀ ਗੁਰੂਃ

ਸਲੋਕ ਮਃ ੩

(ਕ) ਵਾਹੁ ਵਾਹੁ ਆਪਿ ਅਖਾਇਦਾ ਗੁਰਸਬਦੀ ਸਚੁ ਸੋਇ।
ਵਾਹੁ ਵਾਹੁ ਸਿਫਤਿ ਸਲਾਹ ਹੈ ਗੁਰਮੁਖਿ ਬੂਝੈ ਕੋਇ॥
ਵਾਹੁ ਵਾਹੁ ਬਾਣੀ ਸਚੁ ਹੈ ਸਚਿ ਮਿਲਾਵਾ ਹੋਇ॥
ਨਾਨਕ ਵਾਹੁ ਵਾਹੁ ਕਰਤਿਆ
ਪ੍ਰਭੁ ਪਾਇਆ ਕਰਮਿ ਪਰਾਪਤਿ ਹੋਇ ॥

ਪੁਨਾਃ—

ਮਹਲਾ ੩

ਵਾਹੁ ਵਾਹੁ ਕਰੰਤੀ ਰਸਨਾ ਸਬਦ ਸੁਹਾਈ।
ਪੂਰੇਸਬਦਿ ਪ੍ਰਭੁ ਮਿਲਿਆ ਆਈ।
ਵਡਭਾਗੀਆ ਵਾਹੁ ਵਾਹੁ ਮੁਹਹੁ ਕਢਾਈ।

ਵਾਹੁ ਵਾਹੁ ਕਰਹਿ ਸੇਈ ਜਨ ਸੋਹਣੇ
ਤਿਨ ਕਉ ਪਰਜਾ ਪੂਜਣ ਆਈ ॥
ਵਾਹੁ ਵਾਹੁ ਕਰਮਿ ਪਰਾਪਤਿ ਹੋਵੈ
ਨਾਨਕ ਦਰਿ ਸਚੈ ਸੋਭਾ ਪਾਈ ॥

ਪੁਨਾਃ—

ਗੂਜਰੀ ਵਾਰ ਮਹਲਾ ੩ ਪਉੜੀ ੧੫

ਸਫਾ $\frac{੫੧੪}{੪੫੮}$ ਸ੍ਰੀਗੁਰੂਃ

ਸਲੋਕ ਮਃ ੩

(ਖ) ਵਾਹੁ ਵਾਹੁ ਕਰਤਿਆ ਰੈਣਿ ਸੁਖਿ ਵਿਹਾਇ ॥
ਵਾਹੁ ਵਾਹੁ ਕਰਤਿਆ ਸਦਾ ਅਨੰਦ ਹੋਵੈ ਮੇਰੀ ਮਾਇ ॥
ਵਾਹੁ ਵਾਹੁ ਕਰਤਿਆ ਹਰਿ ਸਿਉ ਲਿਵ ਲਾਇ ॥
ਵਾਹੁ ਵਾਹੁ ਕਰਮੀ ਬੋਲੈ ਬੋਲਾਇ ॥
ਵਾਹੁ ਵਾਹੁ ਕਰਤਿਆ ਸੋਭਾ ਪਾਇ ॥
ਨਾਨਕ ਵਾਹੁ ਵਾਹੁ ਸਤਿ ਰਜਾਇ ॥

ਪੁਨਾਃ ॥ ਮਃ ੩

(ਗ) ਵਾਹੁ ਵਾਹੁ ਬਾਣੀ ਸਚੁ ਹੈ ਗੁਰਮੁਖਿ ਲਧੀ ਭਾਲਿ ॥
ਵਾਹੁ ਵਾਹੁ ਸਬਦੇ ਉਚਰੈ ਵਾਹੁ ਵਾਹੁ ਹਿਰਦੈ ਨਾਲਿ ॥
ਵਾਹੁ ਵਾਹੁ ਕਰਤਿਆ ਹਰਿ ਪਾਇਆ
ਸਹਜੇ ਗੁਰਮੁਖਿ ਭਾਲਿ ॥
ਸੇਵਡਭਾਗੀ ਨਾਨਕਾ ਹਰਿ ਹਰਿ ਰਿਦੈ ਸਮਾਲਿ ॥

ਪੁਨਾਃ–

ਗੂਜਰੀ ਵਾਰ ਮਹਲਾ ੩ ਪਉੜੀ ੧੬

ਸਫਾ $\frac{੫੧੪}{੪੫੮}$ ਸ੍ਰੀਗੁਰੂਃ

ਸਲੋਕ ਮਃ ੩

(ਘ) ਵਾਹੁ ਵਾਹੁ ਤਿਸ ਨੋ ਆਖੀਐ ਜਿ ਸਚਾ ਗਹਿਰਗੰਭੀਰੁ।
ਵਾਹੁ ਵਾਹੁ ਤਿਸ ਨੋ ਆਖੀਐ ਜਿ ਗੁਣਦਾਤਾ ਮਤਿਧੀਰੁ।
ਵਾਹੁ ਵਾਹੁ ਤਿਸਨੋ ਆਖੀਐ ਜਿ ਸਭ ਮਹਿ ਰਹਿਆ ਸਮਾਇ।
ਵਾਹੁ ਵਾਹੁ ਤਿਸ ਨੋ ਆਖੀਐ ਜਿ ਦੇਦਾ ਰਿਜਕੁ ਸਬਾਹਿ।
ਨਾਨਕ ਵਾਹੁ ਵਾਹੁ ਇਕੋ ਕਰਿ ਸਾਲਾਹੀਐ
ਜਿ ਸਤਿਗੁਰ ਦੀਆ ਦਿਖਾਇ ॥

ਸੂਚਨਾ

ਉਤਲੇ ਸਭਨਾਂ ਸਬਦਾਂ ਵਿਚ ਵਾਹੁ (ਅਸਚਰਜ) ਪਦ ਅਕਾਲਬੋਧਕ ਹੈ, ਏਨ੍ਹਾਂ ਵਿਚ ਵਾਹਿ ਪਦ ਉੱਕਾ ਹੀ ਨਹੀਂ ਹੈ ਅਤੇ ਨਾਂ ਕਿਤੇ ਦਸੋ ਗੁਰੂ ਸਾਹਿਬਾਂ ਦੀ ਮੁਖਵਾਕ ਬਾਣੀ ਵਿਚ ਹੈ ॥

ਪੁਨਾਃ–

ਗਉੜੀ ਵਾਰ ਮਹਲਾ ੪ ਪਉੜੀ ੨੨

ਸਲੋਕ ਮਃ ੪ ਸਫਾ $\frac{੩੧੩}{੨੭੯}$ ਸ੍ਰੀਗੁਰੂਃ

(ਙ) (੧) ਕਿਆ ਸਵਣਾ ਕਿਆ ਜਾਗਣਾ
ਗੁਰਮੁਖਿ ਤੇ ਪਰਵਾਣੁ।

(੨) ਜਿਨਾ ਸਾਸਿ ਗਿਰਾਸਿ ਨ ਵਿਸਰੈ
ਸੇ ਪੂਰੇਪੁਰਖ ਪਰਧਾਨ ।
(੩) ਕਰਮੀ ਸਤਿਗੁਰੁ ਪਾਈਐ
ਅਨਦਿਨੁ ਲਗੈ ਧਿਆਨੁ ।
(੪) ਤਿਨ ਕੀ ਸੰਗਤਿ ਮਿਲਿਰਹਾ
ਦਰਗਹ ਪਾਈ ਮਾਨੁ ।
(੫) ਸਉਦੇ ਵਾਹੁ ਵਾਹੁ ਉਚਰਹਿ
ਉਠਦੇ ਭੀ ਵਾਹੁ ਕਰੇਨਿ ।
(੬) ਨਾਨਕ ਤੇ ਮੁਖ ਉਜਲੇ
ਜਿ ਨਿਤ ਉਠਿ ਸੰਮਾਲੇਨਿ ॥ ੧ ॥

ਸਿਧਾਂਤ

ਤੁਕ ੨, ੧ ਅਨੁਸਾਰ, ਜਿਨ੍ਹਾਂ ਮਾਨੁਖ ਪ੍ਰਾਣੀਆਂ ਨੂੰ ਵਾਹੁ ਵਾਹੁ ਕਰਨਾ ਸਾਸ ਗ੍ਰਾਸ ਨਹੀਂ ਭੁਲਦਾ ਓਹੀ **ਪੂਰੇ ਪ੍ਰਧਾਨ** ਹਨ ਯਾਂਤੇ ਓਹਨਾਂ ਗੁਰਮੁਖਾਂ ਦਾ ਜਾਗਨਾਂ ਤੇ ਸੌਣਾ ਸਦਰਸ ਹੈ ਅਤੇ ਤੁਕ ੫, ੬ ਦਾ ਭਾਵ ਏਹ ਹੈ ਕਿ ਜੋ ਪ੍ਰਾਣੀ ਜਾਗਨ ਤੇ ਸੌਣ ਸਮੇਂ "ਵਾਹੁ (ਹੇ ਅਕਾਲਪੁਰਖ) ਤੂੰ ਅਸਚਰਜ ਹੈਂ" ਆਖਦੇ ਹਨ ਅਤੇ ਜੋ ਉਤੇ ਲਿਖੇ ਵਤ ਨਿਤਾਪ੍ਰਤੀ ਅਕਾਲਪੁਰਖੁ ਨੂੰ ਸੰਭਾਲਦੇ ਹਨ ਭਾਵ ਸਿਮ੍ਰਨ ਕਰਦੇ ਹਨ, ਓਹੀਪ੍ਰਾਣੀ ਉਜਲਮੁਖੀ ਹਨ ।

ਸੂਚਨਾ

ਉਤਲੇ ਸ਼ਬਦ ਵਿਚ ਵਾਹੁ ਪਦ ਸੰਖੇਪ ਸੂਰਤ ਵਿਚ ਅਕਾਲਬੋਧਕ ਹੈ ॥

ਗੂਜਰੀ ਵਾਰ ਮਹਲਾ ੫ ਪਉੜੀ ੭

ਸਫਾ $\frac{੫੧੯}{੪੬੩}$ ਸ੍ਰੀਗੁਰੂ:

(੩) ਪਾਇਓਨਿ ਸਭਿ ਨਿਧਾਨ ਤੇਰੈ ਰੰਗਿ ਰਤਿਆਂ ॥

ਨ ਹੋਵੀ ਪਛੋਤਾਉ ਤੁਧਨੋ ਜਪਤਿਆਂ ॥
ਪਹੁਚਿ ਨ ਸਕੈ ਕੋਇ ਤੇਰੀ ਟੇਕ ਜਨ ॥
ਗੁਰ ਪੂਰੈ **ਵਾਹੁ ਵਾਹੁ** ਸੁਖ ਲਹਾਂ ਚਿਤਾਰ ਮਨ ॥

ਭਾਵ

ਹੇ ਗੁਰਪੂਰੇ (ਅਕਾਲਪੁਰਖੁ) ਜੀ ਤੇਰੇ ਰੰਗ ਵਿਚ (ਪ੍ਰੇਮ ਵਿਚ) ਰਤਿਆਂ ਨੂੰ ਸਭੇ ਨਿਧਾਨ(ਖਜਾਨੇਂ) ਪ੍ਰਾਪਤ ਹਨ, ਭਾਵ ਓਹ ਉਕੇ ਹੀ ਤ੍ਰਿਪਤ ਹੋਜਾਂਦੇ ਹਨ। ਯਾਂਤੇ ਹੇ ! ਪੂਰੇਗੁਰ (ਅਕਾਲ-ਪੁਰਖੁ) ਜੀ ਮੈ ਆਪ ਨੂੰ ਨਿਤਾਪ੍ਰਤੀ **ਵਾਹੁ** ਦ੍ਵਾਰਾ ਜਪਕੇ ਸੁਖ ਪ੍ਰਾਪਤ ਕਰਾਂ।ਯਾਂਤੇ ਇਸ ਥਾਓਂ **ਵਾਹੁ** ਪਦ ਸੰਖੇਪ ਅਕਾਲ-ਬੋਧਕ ਹੈ ॥

ਪੁਨਾਃ-

ਗੂਜਰੀ ਵਾਰ ਮਹਲਾ ੫ ਪਉੜੀ ੧੩

ਸਫਾ $\frac{੫੨੧}{੪੬੪}$ ਸ੍ਰੀਗੁਰੂਃ

(ਛ) **ਵਾਹੁ ਵਾਹੁ** ਸਿਰਜਣਹਾਰ ਪਾਈਅਨੁ ਠਾਢਿ ਆਪਿ ॥
ਜੀਅ ਜੰਤ ਮਿਹਰਵਾਨੁ ਤਿਸਨੋ ਸਦਾ ਜਾਪਿ ॥

ਭਾਵ

ਹੇ ਭਾਈ ! ਓਹ ਸਿਰਜਣਹਾਰ (ਕਰਤਾ) ਵਾਹੁ (ਅਸਚਰਜ) ਹੈ ਉਸਨੇ ਅਤਿ ਕ੍ਰਿਪਾ ਕਰਕੇ ਸਾਰੇ ਸੰਸਾਰ ਵਿਚ ਠੰਡ ਵਰਤਾਈ ਹੈ ਅਰਥਾਤ ਉਸਦਾ ਸੀਤਲ ਨਾਮਅਭ੍ਯਾਸ ਸ਼ਾਂਤਿ (ਠੰਡ) ਕਰ ਦਿੰਦਾ ਹੈ ਉਹ ਅਕਾਲਪੁਰਖੁ ਜੀਅ ਜੰਤ ਉਤੇ ਕ੍ਰਿਪਾ ਕਰਦਾ ਹੈ। ਯਾਂਤੇ ਉਸਨੂੰ ਸਦਾਹੀ ਜਪਨਾ ਕਰੋ ॥

ਪ੍ਰਨਾ:—

ਵਡਹੰਸ ਮਹਲਾ ੩

ਸਫਾ $\frac{੫੬੫}{੫੮੩}$ ਸ੍ਰੀਗੁਰੂ:

ਅਸਟਪਦੀ ੨

(ਜ) ਮਨੂਆ ਦਹਦਿਸ ਧਾਵਦਾ ਓਹ ਕੈਸੇ ਹਰਿ ਗੁਣ ਗਾਵੈ ।
ਇੰਦ੍ਰੀ ਵਿਆਪਿ ਰਹੀ ਅਧਿਕਾਈ
ਕਾਮ ਕ੍ਰੋਧੁ ਨਿਤ ਸੰਤਾਵੈ ॥ ੧ ॥
ਵਾਹੁ ਵਾਹੁ ਸਹਜੇ ਗੁਣ ਰਵੀਜੈ ।
ਰਾਮ ਨਾਮੁ ਇਸੁ ਜੁਗ ਮਹਿ ਦੁਲਭੁ ਹੈ
ਗੁਰਮਤਿ ਹਰਿਰਸੁ ਪੀਜੈ ॥ ੧ ॥ ਰਹਾਉ ॥

ਭਾਵ

ਪ੍ਰਾਣੀਆਂ ਦਾ ਮਨ ਦਸੋਂ ਦਿਸਾ ਵੱਲ ਭੱਜਦਾ ਹੈ, ਇਸ ਹਾਲਤ ਵਿਚ ਕੈਸੇ ਹਰੀਗੁਣ ਗਾਵੀਏ । ਕਿਉਂਕਿ ਇੰਦ੍ਰੀਆਂ ਬਹੁਤ ਹੀ ਪ੍ਰਬਲ ਹੋ ਰਹੀਆਂ ਹਨ, ਇਸ ਕਰਕੇ ਕਾਮ, ਕ੍ਰੋਧ ਆਦਿਕ ਸਭ ਪ੍ਰਾਣੀਆਂ ਨੂੰ ਸਦਾ ਦੁੱਖ ਦੇ ਰਹੇ ਹਨ, ਕਿਉਂ ਜੋ ਰਾਮ ਨਾਮ ਇਸ ਜੁਗ ਵਿਚ ਦੁਰਲਭ ਹੈ ।

ਇਸ ਕਰਕੇ ਗੁਰਮਤ ਦ੍ਵਾਰਾ ਹਰਿਰਸ ਪੀਵੋ ਭਾਵ ਨਾਮ ਜਪੋ, ਯਾਂਤੇ **ਵਾਹੁ ਵਾਹੁ** (ਭਾਵ ਅਸਚਰਜ ਰੂਪ) ਦੇ ਗੁਰਮੰਤ੍ਰ ਦ੍ਵਾਰਾ ਉਸਦੇ ਗੁਣ ਕਹੋ (ਨਾਮ ਜਪੋ) ।

ਪੁਨਾਃ—

ਰਾਗ ਸੂਹੀ ਮਹਲਾ ੩

ਸਫਾ $\frac{੭੫੫}{੬੭੦}$ ਸ੍ਰੀਗੁਰੂਃ

ਅਸਟਪਦੀ ੧

(ਝ) ਦੁਨੀਆ ਨ ਸਾਲਾਹਿ ਜੋ ਮਰਿ ਵੰਞਸੀ ॥
ਲੋਕਾ ਨ ਸਾਲਾਹਿ ਜੋ ਮਰਿ ਖਾਕੁ ਥੀਈ ॥ ੧ ॥
ਵਾਹੁ ਮੇਰੇਸਾਹਿਬਾ ਵਾਹੁ ॥
ਗੁਰਮੁਖਿ ਸਦਾ ਸਲਾਹੀਐ ਸਚਾ ਵੇਪਰਵਾਹੁ ॥

ਭਾਵ

ਦੁਨੀਆਂ ਨੂੰ ਮਤ ਸਾਲਾਹੋ,ਕਿਉਂਕਿ ਉਸਨੂੰ ਮਰਕੇ ਛਡਨਾ ਹੈ। ਅਤੇ ਲੋਕਾਂ ਨੂੰ ਭੀ ਮਤ ਵਡਿਆਓ, ਕਿਉਂਕਿ ਓਨਾਂ ਭੀ ਮਰਕੇ ਖਾਕ ਹੋ ਜਾਣਾ ਹੈ,ਯਾਂਤੇ ਗੁਰਮੁਖ ਸਦਾ ਹੀ **"ਵਾਹੁ ਮੇਰੇਸਾਹਿਬਾ ਵਾਹੁ"** ਉਚਾਰਨ ਕਰਕੇ ਅਕਾਲਪੁਰਖੁ ਨੂੰ ਸਾਲਾਹੁੰਦੇ ਹਨ ਕਿਉਂ-ਕਿ ਓਹ ਸਚਾ ਤੇ ਵੇਪ੍ਰਵਾਹ ਹੈ ॥

ਪੁਨਾਃ—

ਰਾਮਕਲੀਕੀ ਵਾਰ ਮਹਲਾ ੩

ਪਉੜੀ੧ ਸਫਾ $\frac{੯੪੭}{੮੩੭}$ ਸ੍ਰੀਗੁਰੂਃ

(ਞ) ਸਚੈ ਤਖਤੁ ਰਚਾਇਆ ਬੈਸਣ ਕਉ ਜਾਂਈ ॥
ਸਭੁਕਿਛੁ ਆਪੇਆਪਿ ਹੈ ਗੁਰਸਬਦ ਸੁਣਾਈ ॥
ਆਪੇ ਕੁਦਰਤਿ ਸਾਜੀਅਨੁ ਕਰਿ ਮਹਲ ਸਰਾਈ ॥
ਚੰਦ ਸੂਰਜੁ ਦੁਇ ਚਾਨਣੇ ਪੂਰੀ ਬਣਤ ਬਣਾਈ ॥

ਆਪੇ ਵੇਖੈ ਸੁਣੇ ਆਪਿ ਗੁਰਸਬਦਿ ਧਿਆਈ ॥
ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ॥੧॥ਰਹਾਉ॥

ਸੂਚਨਾ

ਇਸ ਸ਼ਬਦ ਦੀ ਅੰਤਮ ਤੁਕ ਦਾ ਭਾਵ ਏਹ ਹੈ ਕਿ "ਹੇ ਸਚੇ ਪਾਤਸ਼ਾਹ ਤੇਰਾ ਇਨਸਾਫ (ਯਾ ਨਾਮ) ਸੱਚਾ ਹੈ ਅਤੇ ਤੂੰ ਵਾਹੁ ਵਾਹੁ (ਪੂਰਨ ਅਸਚਰਜ) ਹੈਂ ਭਾਵ ਤੈਨੂੰ ਵਾਹੁ ਵਾਹੁ ਪਦਾਂ ਦ੍ਵਾਰਾ ਸੰਬੋਧ ਕੀਤਾ ਜਾਂਦਾ ਹੈ" (ਧਿਆਇਆ ਜਾਂਦਾ ਹੈ)

ਮਲਾਰ ਮਹਲਾ ੩ ਅਸਟਪਦੀ ੨

ਸਫਾ $\frac{੧੨੭੬}{੧੧੨੪}$ ਸ੍ਰੀਗੁਰੂ:

(ਟ) ਬੇਦਬਾਣੀ ਜਗੁ ਵਰਤਦਾ ਤ੍ਰੈਗੁਣ ਕਰੇ ਬੀਚਾਰ ।
ਬਿਨੁ ਨਾਵੈ ਜਮਡੰਡੁ ਸਹੈ ਮਰਿਜਨਮੈ ਵਾਰੋਵਾਰ ।
ਸਤਿਗੁਰ ਭੇਟੇ ਮੁਕਤਿ ਹੋਇ ਪਾਏ ਮੋਖਦੁਆਰੁ ॥ ੧ ॥
ਮਨ ਰੇ ਸਤਿਗੁਰੁ ਸੇਵਿ ਸਮਾਇ ।
ਵਡੈਭਾਗਿ ਗੁਰੁਪੂਰਾ ਪਾਇਆ
ਹਰਿ ਹਰਿ ਨਾਮੁ ਧਿਆਇ ॥ ੧ ॥ ਰਹਾਉ ॥
ਹਰਿ ਆਪਣੈ ਭਾਣੈ ਸ੍ਰਿਸਟਿ ਉਪਾਈ
ਹਰਿ ਆਪੇ ਦੇਇ ਆਧਾਰੁ ।
ਹਰਿ ਆਪਣੈ ਭਾਣੈ ਮਨੁ ਨਿਰਮਲੁ ਕੀਆ
ਹਰਿਸਿਉ ਲਾਗਾ ਪਿਆਰੁ ।
ਹਰਿ ਕੈ ਭਾਣੈ ਸਤਿਗੁਰੁ ਭੇਟਿਆ
ਸਭੁ ਜਨਮੁ ਸਵਾਰਣਹਾਰੁ ॥ ੨ ॥
ਵਾਹੁ ਵਾਹੁ ਬਾਣੀ ਸਤਿ ਹੈ ਗੁਰਮੁਖਿ ਬੂਝੈ ਕੋਇ ।

ਵਾਹੁ ਵਾਹੁ ਕਰਿ ਪ੍ਰਭੁ ਸਾਲਾਹੀਐ
ਤਿਸੁ ਜੇਵਡੁ ਅਵਰੁ ਨ ਕੋਇ ।
ਆਪੇ ਬਖਸੇ ਮੇਲਿਲਏ ਕਰਮਿ ਪਰਾਪਤਿ ਹੋਇ ॥ ੩ ॥

ਭਾਵ

ਵਾਹੁ ਵਾਹੁ ਨਾਮੀ ਬਾਣੀ ਸਤਿ (ਸਤਤਾ ਪ੍ਰਗਟਾਊ) ਹੈ ਭਾਵ ਅਕਾਲਬੋਧਕ ਹੈ, ਇਸਨੂੰ ਕਾਈ ਗੁਰਮੁਖ (ਜਿਨ੍ਹਾਂ ਦਾ ਅਕਾਲ-ਪੁਰਖੁ ਵਲ ਮੂੰਹ ਹੈ) ਬੁਝਦੇ ਹਨ ॥

ਅਤੇ ਵਾਹੁ ਵਾਹੁ ਪਦਾਂ ਦ੍ਵਾਰਾ ਪ੍ਰਭੂ (ਅਕਾਲਪੁਰਖੁ) ਸਲਾਹੀਦਾ ਹੈ ਕਿਉਂਕਿ ਉਸ ਦੇ ਤੁਲਜ ਹੋਰ ਕੋਈ ਨਹੀਂ ।

ਸੂਚਨਾ

ਇਸ ਸ਼ਬਦ ਵਿਚ ਭੀ ਵਾਹੁ (ਅਸਚਰਜ) ਪਦ ਅਕਾਲ ਬੋਧਕ ਹੈ ।

ਸਲੋਕ ਵਾਰਾਂ ਤੇ ਵਧੀਕ

ਸਫ਼ਾ ੧੪੨੧/੧੨੪੯ ਸ੍ਰੀਗੁਰੂ:

ਸਲੋਕ ਮਹਲਾ ੪

(ਠ) ਵਡਭਾਗੀਆ ਸੋਹਾਗਣੀ
ਜਿਨਾ ਗੁਰਮੁਖਿ ਮਿਲਿਆ ਹਰਿਰਾਇ ॥
ਅੰਤਰਿ ਜੋਤਿ ਪਰਗਾਸੀਆ
ਨਾਨਕ ਨਾਮਿ ਸਮਾਇ ॥ ੧ ॥
ਵਾਹੁ ਵਾਹੁ ਸਤਿਗੁਰੁਪੁਰਖੁ ਹੈ
ਜਿਨਿ ਸਚੁ ਜਾਤਾ ਸੋਇ ॥

ਜਿਤੁ ਮਿਲਿਐ ਤਿਖ ਉਤਰੈ
ਤਨੁ ਮਨੁ ਸੀਤਲੁ ਹੋਇ ॥
ਵਾਹੁ ਵਾਹੁ ਸਤਿਗੁਰੁ ਸਤਿਪੁਰਖੁ ਹੈ
ਜਿਸਨੋ ਸਮਤੁ ਸਭਕੋਇ ॥
ਵਾਹੁ ਵਾਹੁ ਸਤਿਗੁਰੁ ਨਿਰਵੈਰੁ ਹੈ
ਜਿਸੁ ਨਿੰਦਾ ਉਸਤਤਿ ਤੁਲਿ ਹੋਇ ॥
ਵਾਹੁ ਵਾਹੁ ਸਤਿਗੁਰੁ ਸੁਜਾਣੁ ਹੈ
ਜਿਸੁ ਅੰਤਰਿ ਬ੍ਰਹਮੁਵੀਚਾਰੁ ॥
ਵਾਹੁ ਵਾਹੁ ਸਤਿਗੁਰੁ ਨਿਰੰਕਾਰੁ ਹੈ
ਜਿਸੁ ਅੰਤੁ ਨ ਪਾਰਾਵਾਰੁ ॥
ਵਾਹੁ ਵਾਹੁ ਸਤਿਗੁਰੂ ਹੈ
ਜਿ ਸਚੁ ਦ੍ਰਿੜ੍ਹਾਏ ਸੋਇ ॥
ਨਾਨਕ ਸਤਿਗੁਰ **ਵਾਹੁ ਵਾਹੁ**
ਜਿਸ ਤੇ ਨਾਮੁ ਪਰਾਪਤਿ ਹੋਇ ॥ ੨ ॥

ਸੂਚਨਾ

ਇਸ ਉਤਲੇ ਸ਼ਬਦ ਵਿਚ ਸਭੇ **ਵਾਹੁ** ਪਦ ਅਸਚਰਜ ਅਥਵਾ ਧੰਨਤਾ ਦੇ ਵਾਚਕ ਹਨ, ਭਾਵ ਓਹ ਸਤਿਗੁਰੂ ਧੰਨਤਾ ਯੋਗ ਹੈ ਜਿਸਦੀ ਕ੍ਰਿਪਾ ਕਰਕੇ ਉਤਲੇ ਸਭੇ ਗੁਣ ਪ੍ਰਾਪਤ ਹੁੰਦੇ ਹਨ ॥

ਸਿਧਾਂਤ

(੫) ਉਪਰ ਦਰਜ ਕੀਤੇ ਗਏ ਗੁਰੂਸ਼ਬਦਾਂ ਦੇ ਉਦਾਹਰਨਾਂ ਤੋਂ ਸਾਬਤ ਹੁੰਦਾ ਹੈ ਕਿ ਏਹਨਾਂ ਸ਼ਬਦਾਂ ਵਿਚ **ਵਾਹੁ** ਪਦ ਜਿਥੇ ਭੀ ਵਰਤਿਆ ਹੈ ਉਸਦੇ ਅਰਥ **ਅਸਚਰਜ** (ਅਕਾਲਬੋਧਕ)

ਹਨ, ਅਥਵਾ **ਧੰਨਜਤਾ ਯੋਗ** ਦੇ ਭਾਵਾਂ ਵਿਚ ਵਰਤਿਆ ਹੈ ॥

ਉਪ੍ਰੋਕਤ ਸ਼ਬਦਾਂ ਵਿਚ ਬਲਕੇ ਸ੍ਰੀਗੁਰੂ ਨਾਨਕ ਦੇਵ ਜੀ ਤੋਂ ਲੈਕੇ ਦਸਮਗੁਰੂ ਜੀ ਦੀ ਸਾਰੀ ਮੁਖਵਾਕਬਾਨੀ ਵਿੱਚ **ਵਾਹਿ** ਪਦ ਉੱਕਾ ਹੀ ਨਹੀਂ ਵਰਤਿਆ ਗਿਆ, ਪਰ ਹਾਂ ! ਉਸਦੇ ਥਾਉਂ **ਵਾਹੁ** ਪਦ ਉਤੇ ਲਿਖੇ ਵਤ ਗੁਰੂ ਸਾਹਿਬਾਂ ਨੇ ਆਪਣੀ ਮੁਖਵਾਕ-ਬਾਣੀ ਵਿੱਚ ਅਨੇਕ ਵਾਰ ਵਰਤਿਆ ਹੈ ।

ਜਿਸ ਤੋਂ ਸਿੱਧ ਹੈ ਜੋ ਗੁਰੂ ਸਾਹਿਬਾਂ ਦੀ ਬਾਣੀ ਅਨੁਸਾਰ **ਵਾਹੁ** ਪਦ (ਅਕਾਲਬੋਧਕ) ਸੁੱਧ ਤੇ ਸਹੀ ਪਦ ਹੈ, ਜਿਸਦੇ ਅਰਥ ਹਨ **ਅਸਚਰਜ**, ਅਤੇ ਇਹੀ ਇਸਦਾ ਅਸਲੀ ਰੂਪ ਹੈ ॥ **ਬਸ** ਚੂੰਕੇ ਖਾਲਸਾ ਪੰਥੀ ਦਸਾਂ ਗੁਰਾਂ ਦੇ ਮੁਖਵਾਕ ਆਸ਼ੇ ਅਨੁਸਾਰ ਕੇਵਲ ਅਕਾਲਸੇਵੀ ਹੈ ॥

ਯਥਾ ਪ੍ਰਮਾਨ

ਬਿਨ ਕਰਤਾਰ ਨ ਕਿਰਤਮ ਮਾਨੋ ॥
ਆਦਿ ਅਜੋਨਿ ਅਜੈ ਅਬਿਨਾਸੀ ਤਿਹ ਪਰਮੇਸਰ ਜਾਨੋ ॥
(ਪਾਦਸ਼ਾਹੀ ੧੦)

ਭਾਵ--ਬਿਨਾਂ ਅਕਾਲਪੁਰਖੁ ਦੇ ਹੋਰ ਜੋ ਭੀ ਦੁਨੀਆਂ ਅੰਦਰ ਪੰਜਭੂਤਕ ਸਰੂਪ ਵਿਚ ਹੈ, ਓਹ ਜਰੂਰ ਕਿਰਤਮ ਹੈ । ਤਦੇ ਹੀ ਗੁਰੂ-ਜੀ ਦੀ ਬਾਣੀ (ਅਕਾਲੀਬਾਣੀ) ਦਾ ਹੁਕਮ ਹੈ ਕਿ:–

"ਏਕੋ ਚੇਤਿ ਗਵਾਰ ਕਾਜਿ ਤੇਰੈ ਆਵਹੀ"

ਫੁਨਹੇ ੨੧ ਸਫਾ $\frac{੧੩੬੩}{੧੧੯੯}$ ਸ੍ਰੀਗੁਰੂ:

ਪੁਨਾ:–

ਏਕੁ ਸਿਮਰਿ ਮਨ ਮਾਹੀ ॥ ੧ ॥ ਰਹਾਉ ॥

ਨਾਮੁ ਧਿਆਵਹੁ ਰਿਦੈ ਬਸਾਵਹੁ ਤਿਸੁ ਬਿਨੁ ਕੋ ਨਾਹੀ॥

ਆਸਾ ਮਃ ੫ ਸਫਾ $\frac{੪੦੭}{੩੬੩}$ ਸ੍ਰੀਗੁਰੂਃ

ਪੁਨਾਃ—

ਜੋ ਦੀਸੈ ਸੋ ਸਗਲ ਬਿਨਾਸੈ
ਜਿਉ ਬਾਦਰ ਕੀ ਛਾਈ॥

ਸਾਰੰਗ ਮਃ ੯ ਸਫਾ $\frac{੧੨੩੧}{੧੦੮੫}$ ਸ੍ਰੀਗੁਰੂਃ

ਪੁਨਾਃ—

"ਜੋ ਦੀਸੈ ਸੋ ਚਾਲਸੀ"

ਦਖਣੀ ੴਕਾਰ ਸਫਾ $\frac{੯੩੬}{੮੨੭}$ ਸ੍ਰੀਗੁਰੂਃ

ਗੁਰਬਾਨੀ ਦੇ ਸ਼ਬਦਾਂ ਤੋਂ ਇਹ ਗੱਲ ਸੁਤੇ ਹੀ ਸਿੱਧ ਹੈ ਕਿ "ਦਸਾਂ ਗੁਰਾਂ ਨੇ ਖਾਲਸਾ ਜੀਨੂੰ ਨਿਰੋਲ ਅਕਾਲਸੇਵੀ ਬਨਾਯਾ ਹੈ" ਤਦੇ ਸਤਿਗੁਰੂ ਜੀਨੇ ਫੁਰਮਾਯਾ ਹੈ ਕਿ **"ਏਕੋ ਜਪਿ ਏਕੋ ਸਾਲਾਹਿ॥ ਏਕੁ ਸਿਮਰਿ ਏਕੋ ਮਨ ਆਹਿ॥"**

ਸੁਖਮਨੀ ਸਫਾ $\frac{੨੮੯}{੨੫੮}$ ਸ੍ਰੀਗੁਰੂਃ

ਯਾਂਤੇ

ਜਰੂਰੀ ਹੈ, ਜੋ ਖਾਲਸਾ ਪੰਥੀਆਂ (ਅਕਾਲ-ਸੇਵੀਆਂ) ਨੂੰ ਗੁਰਮੰਤ੍ਰ (ਮਹਾਂਮੰਤ੍ਰ) ਵਿੱਚ ਦੋ ਪ੍ਰਿਥਮ

ਪਦ ਵਾਹਿ ਦੇ ਥਾਂਓਂ ਵਾਹੁ ਪਦ ਉਤੇ ਲਿਖੇ ਨਿਰਣਯ ਅਨੁਸਾਰ ਦ੍ਰਿੜਤਾ ਸਹਿਤ ਨਿਸਚੇ ਕਰਨਾ ਚਾਹੀਦਾ ਹੈ ॥

ਗੱਲ ਕੀ ਜੋ ਅਸਲ ਗੁਰਮੰਤ੍ਰ ਅਗਯਾਤ ਖਾਲਸਾ ਵੀਰ ਭੈਣਾਂ ਨੇ ਉਸ ਦੇ ਥਾਂਉ ਵਾਹਿਗੁਰੂ(ਵਾਹਿ+ਗੁਰੂ) ਵਾਕ ਗੁਰੂ ਆਸੇ ਤੋਂ ਵਿਰੁਧ, ਨਾਮਅਭ੍ਯਾਸੀ (ਨਾਮੁ) ਪ੍ਰਵਿਰਤ ਕਰਲਿੱਤਾ ਹੈ, ਉਸਦੇ ਪ੍ਰਿਥਮ ਪਦ ਵਾਹਿ ਦੇ ਥਾਂਓ ਗੁਰਾਂ ਦੀ ਬਾਣੀ ਅਨੁਸਾਰ ਵਾਹੁ ਪਦ ਵਰਤਨਾ ਚਾਹੀਏ ॥

੧ ਓ ਸਤਿ ਗੁਰ ਪ੍ਰਸਾਦਿ ॥

ਗੁਰਮੰਤ੍ਰ ਪ੍ਰਬੋਧ

ਦੂਜਾ ਕਾਂਡ

—○—

(੬) ਪ੍ਰਿਥਮ ਕਾਂਡ ਵਿੱਚ ਇਹ ਸਾਬਤ ਕੀਤਾ ਗਿਆ ਹੈ ਕਿ ਗੁਰਮਤ ਕਸਵੱਟੀ ਅਗ਼ਜ਼ਾਤ ਖਾਲਸਾ ਵੀਰ, ਭੈਣਾਂ ਵਿਚ ਜੋ **ਵਾਹਿਗੁਰੂ**(ਵਾਹਿ+ਗੁਰੂ) **ਨਾਮੁ** ਪ੍ਰਵਿਰਤ ਹੈ ਤਿਸਦੇ ਪ੍ਰਿਥਮਭਾਗ **ਵਾਹਿ** ਪਦ ਦੇ ਥਾਂਓਂ ਗੁਰੂ ਸਾਹਿਬਾਂ ਦੀ ਮੁਖਵਾਕਬਾਣੀ ਅਨੁਸਾਰ **ਵਾਹੁ** ਪਦ ਵਰਤਨਾ ਜਰੂਰੀ ਹੈ।

ਹੁਣ ਅਸੀ ਉਸ **ਨਾਮੁ** ਦੇ ਦੂਜੇ ਭਾਗ **ਗੁਰੂ** ਪਦ ਬਾਬਤ ਵਿਚਾਰ ਕਰਦੇ ਹਾਂ ਕਿ (ਜੋ ਖਾਲਸਾ ਪੰਥੀਆਂ ਨੂੰ ਅਕਾਲ-ਸੇਵੀ ਹੋਣ ਦੀ ਸੂਰਤ ਵਿੱਚ) ਏਹੁ **ਗੁਰੂ** ਪਦ ਆਪਣੇ ਪੰਥਕ ਗੁਰਮੰਤ੍ਰ (ਮਹਾਮੰਤ੍ਰ, ਇਸਮਆਜ਼ਮ) ਵਿਚ ਵਰਤਨਾ ਯੋਗ ਹੈ, ਯਾ ਕਿ **ਗੁਰ** ਪਦ ?

ਪਸਚਾਤ ਏਹ ਭੀ ਨਿਰਣਯ ਕੀਤਾ ਜਾਵੇਗਾ, ਕਿ **ਗੁਰੂ** (**ਗੁਰੁ**) ਤਥਾ **ਗੁਰ** ਸ਼ਬਦ ਗੁਰਬਾਣੀ ਅਨੁਸਾਰ ਪਰਸਪਰ ਕੀ ਭੇਦ ਰਖਦੇ ਹਨ, ਭਾਵ **ਗੁਰੂ** (ਗੁਰੁ) ਪਦ ਦਸਾਂਗੁਰਾਂ (ਸ੍ਰੀਗੁਰੂ ਨਾਨਕ ਦੇਵ ਜੀ ਤੋਂ ਲੈਕੇ ਦਸਮ ਗੁਰੂਜੀ ਤਕ ਦਾ) ਬੋਧਕ ਹੈ ਅਤੇ **ਗੁਰ** ਪਦ ਨਿਰੋਲ ਅਕਾਲਬੋਧਕ ਹੈ। ਯਾਂਤੇ ਉਪਰ ਪ੍ਰਗਟ ਕੀਤੀ-ਗਈ ਵਿਚਾਰ ਦੇ ਸਬੂਤ ਲਈ ਹੇਠ ਲਿਖੀ ਗੁਰੂ ਸਾਹਿਬਾਂ ਦੀ ਮੁਖ-

ਵਾਕ ਬਾਣੀ ਦ੍ਵਾਰਾ ਨਿਰਸੰਸੇ ਕੀਤਾ ਜਾਂਦਾ ਹੈ ॥

ਯਥਾਃ—

ਸ੍ਰੀ ਰਾਗੁ ਮਹਲਾ ੧ ਸਬਦ ੯

ਸਫਾ $\frac{੧੭}{੧੫}$ ਸ੍ਰੀਗੁਰੂਃ

(੭)(ੳ) ਗੁਰੁ ਪਉੜੀ ਬੇੜੀ ਗੁਰੂ ਗੁਰੁ ਤੁਲਹਾ ਹਰਿਨਾਉ ॥
ਗੁਰੁ ਸਰੁ ਸਾਗਰੁ ਬੋਹਿਥੋ ਗੁਰੁ ਤੀਰਥੁ ਦਰੀਆਉ ॥
ਜੇ ਤਿਸੁ ਭਾਵੈ ਊਜਲੀ ਸਤਿਸਰਿ ਨ੍ਾਵਣੁ ਜਾਉ ॥ ੩ ॥

ਭਾਵ ਅਰਥ

ਗੁਰੂ ਜੀ ਵੱਲੋਂ ਹਰਿਨਾਉ ਹੀ ਪਉੜੀ ਹੈ, ਸਤਿਮਾਰਗ ਵਿਖੇ ਪਹੁਚਨ ਖਾਤਰ, ਅਤੇ ਹਰਿਨਾਉ ਹੀ ਬੇੜੀ ਹੈ, ਸਤਿਮਾਰਗ ਦੀ ਪ੍ਰਾਪਤੀ ਲਈ, ਤੇ ਸੰਸਾਰ ਸਮੁੰਦ੍ਰੋਂ ਤਰਨ ਖਾਤਰ ਹਰਿਨਾਉ ਹੀ ਤੁਲਹਾ ਹੈ ॥

ਸੂਚਨਾ

ਗੱਲ ਕੀ ਗੁਰੂ ਜੀਨੇ ਸਰੁ ਤੇ ਸਾਗਰ, ਤੀਰਥ, ਦਰਿਆਉ ਆਦਿਕ ਸਭ ਕੁਛ ਹਰਿਨਾਉ ਹੀ ਮੰਨਿਆ ਹੈ ॥

ਸੋ ਏਨ੍ਹਾਂ ਤੁਕਾਂ ਵਿਚ ਗੁਰੁ ਤੇ ਗੁਰੂ ਦੋਨੋਂ ਪਦ ਦਸਾਂ ਗੁਰਾਂ ਬੋਧਕ ਹਨ। ਯਾਂਤੇ ਗੁਰੁ ਯਾ ਗੁਰੂ ਪਦ ਅਕਾਲਬੋਧਕ ਨਹੀਂ ਹਨ॥

ਪੁਨਾਃ—

ਸ੍ਰੀ ਰਾਗੁ ਮਹਲਾ ੧

ਸਬਦ ੧੧ ਸਫਾ $\frac{੧੮}{੧੫}$ ਸ੍ਰੀਗੁਰੂਃ

(ਅ) ਭਲੀ ਸਰੀ ਜਿ ਉਬਰੀ ਹਉਮੈ ਮੁਈ ਘਰਾਹੁ ॥

ਦੂਤ ਲਗੇ ਫਿਰਿ ਚਾਕਰੀ **ਸਤਿਗੁਰ** ਕਾ ਵੇਸਾਹੁ ॥
ਕਲਪ ਤਿਆਗੀ ਬਾਦਿ ਹੈ ਸਚਾ ਬੇਪਰਵਾਹੁ ॥੧॥

ਸੂਚਨਾ

ਇਸ ਅੰਕ ਵਿਚ **ਗੁਰ** ਪਦ ਅਕਾਲਬੋਧਕ ਹੈ ॥

ਪੁਨਾਃ--

ਸ੍ਰੀ ਰਾਗੁ ਮਹਲਾ ੧

ਸਬਦ ੧੨ ਸਫਾ ੧੮/੧੯ ਸ੍ਰੀਗੁਰੂਃ

(ੲ) ਤ੍ਰਿਬਿਧਿ ਕਰਮ ਕਮਾਈਅਹਿ
ਆਸ ਅੰਦੇਸਾ ਹੋਇ।
ਕਿਉ **ਗੁਰ** ਬਿਨੁ ਤ੍ਰਿਕੁਟੀ ਛੁਟਸੀ
ਸਹਜਿ ਮਿਲਿਐ ਸੁਖੁ ਹੋਇ।
ਨਿਜਘਰਿ ਮਹਲੁ ਪਛਾਣੀਐ
ਨਦਰਿ ਕਰੇ ਮਲੁ ਧੋਇ ॥੩॥
ਬਿਨੁ **ਗੁਰ** ਮੈਲੁ ਨ ਉਤਰੈ
ਬਿਨੁ ਹਰਿ ਕਿਉ ਘਰ ਵਾਸੁ।
ਏਕੋ ਸਬਦੁ ਵੀਚਾਰੀਐ
ਅਵਰ ਤਿਆਗੈ ਆਸ।
ਨਾਨਕ ਦੇਖਿ ਦਿਖਾਈਐ
ਹਉ ਸਦ ਬਲਿਹਾਰੈ ਜਾਸੁ ॥੪॥

ਸੂਚਨਾ

ਇਸ ਸ਼ਬਦ ਦੀ ਤੀਜੇ ਅੰਕ ਦੀ ਤੁਕ "ਕਿਉ **ਗੁਰ** ਬਿਨੁ ਤ੍ਰਿਕੁਟੀ ਛੁਟਸੀ" ਔਰ ਇਸੇ ਸਬਦ ਦੇ ਚੌਥੇ ਅੰਕ ਦੀ ਤੁਕ "ਬਿਨ

ਗੁਰ ਮੈਲੁ ਨ ਉਤਰੈ" ਤੋਂ ਸਾਫ ਸਿੱਧ ਹੈ ਕਿ **ਗੁਰ** ਭਾਵ ਅਕਾਲ-ਪੁਰਖੁ ਪਰ ਭਰੋਸਾ ਕਰੇਬਿਨਾਂ ਤ੍ਰਿਕੁਟੀ ਨਹੀ ਛੁੱਟਸਕਦੀ। ਅਤੇ ਚਿਤ ਦੀ ਮੈਲ ਭੀ **ਗੁਰ** (ਭਾਵ ਅਕਾਲਪੁਰਖੁ) ਪਰ ਦ੍ਰਿੜ੍ਹਤਾ ਕੀਤੇ ਬਿਨਾਂ ਦੂਰ ਨਹੀ ਹੁੰਦੀ, ਕਿਉਂਕਿ ਇਸ ਸ਼ਬਦ ਦੀ ਤੁਕ "ਤ੍ਰਿਬਿਧਿ ਕਰਮ ਕਮਾਈਐ" ਪੁਨਾਃ–"ਬਿਨੁ ਹਰਿ ਕਿਉ ਘਰਵਾਸੁ" ਤੋਂ **ਗੁਰ** ਸਬਦ ਦੀ ਅਕਾਲਬੋਧਕ ਪ੍ਰੌੜ੍ਹਤਾ ਸਾਬਤ ਹੁੰਦੀ ਹੈ, ਜਦ ਏਨ੍ਹਾਂ ਦਾ ਸਿੱਟਾ ਦੇਖੀਦਾ ਹੈ। ਅਤੇ ਅੰਤ ਨੂੰ ਇਸੇ ਸਬਦ ਵਿਚੋਂ "ਏਕੋ **ਸਬਦ** (ਗੁਰਮੰਤ੍ਰ) ਵੀਚਾਰੀਐ" ਦਾ ਹੁਕਮ ਦੇਕੇ ਐਲਾਨ ਕਰ ਦਿਤਾ ਹੈ ਕਿ "ਅਵਰ ਤਿਆਗੈ ਆਸ" ਬੱਸ ਸਤਿਗੁਰਾਂ ਦੇ ਇਸ ਐਲਾਨ ਅਨੁਸਾਰ ਸਭਦਾ ਫਰਜ ਹੈ ਜੋ **ਗੁਰ** (ਸਭਤੋਂ ਬਡੇ ਭਾਵ ਅਕਾਲਪੁਰਖੁ) ਪਰ ਪੂਰਨ ਭਰੋਸਾ ਕੀਤਾ ਜਾਵੇ ॥

ਸੂਚਨਾ

ਉਤੇ ਦਸੇ ਪ੍ਰਮਾਣਾਂ ਤੋਂ ਸਿੱਧ ਹੈ ਕਿ **ਗੁਰ** ਪਦ ਅਕਾਲ-ਬੋਧਕ ਹੈ।

ਪੁਨਾਃ–

ਸ੍ਰੀ ਰਾਗੁ ਮਹਲਾ ੧ ਸਬਦ ੧੩

ਸਫ਼ਾ ੧੯/੧੬ ਸ੍ਰੀਗੁਰੂਃ

(ਹ) **ਗੁਰ** ਕਉ ਜਾਨਿ ਨ ਜਾਣਈ
ਕਿਆ ਤਿਸੁ ਚਜੁ ਅਚਾਰੁ ॥
ਅੰਧਲੈ ਨਾਮੁ ਵਿਸਾਰਿਆ ਮਨਮੁਖਿ ਅੰਧੁ ਗੁਬਾਰੁ।
ਆਵਣੁ ਜਾਣੁ ਨ ਚੁਕਈ ਮਰਿ ਜਨਮੈ ਹੋਇ ਖੁਆਰੁ ॥੩॥

ਭਾਵ

ਜੋ **ਗੁਰ** (ਅਕਾਲਪੁਰਖੁ) ਨੂੰ ਨਹੀਂ ਜਾਨਦੇ ਉਨ੍ਹਾਂ ਦਾ ਚੱਜ, ਆਚਾਰ, ਅਥਵਾ ਕੀਤਾ ਕਤਰਿਆ ਸਭ ਨਿਸਫਲ ਹੈ ! ਤਥਾ ਰਹਿਤ ਬਹਿਤ ਮ੍ਰਯਾਦਾ ਯਾ ਧਾਰਨਾਂ ਤਦੇ ਸੋਭਨੀਕ ਹੈ ਜਦ **ਗੁਰ** (ਅਕਾਲਪੁਰਖ) ਨੂੰ ਦ੍ਰਿੜਤਾ ਕਰਕੇ ਜਾਣੇ ॥

ਸੂਚਨਾ

ਇਸ ਸ਼ਬਦ ਵਿਚ ਭੀ **ਗੁਰ** ਪਦ ਅਕਾਲ ਬੋਧਕ ਹੈ ॥

ਪੁਨਾਃ—

ਸਿਰੀ ਰਾਗੁ ਮਹਲਾ ੧ ਸਬਦ ੧੬

ਸਫਾ $\frac{੨੦}{੧੭}$ ਸ੍ਰੀਗੁਰੂਃ

(ਕ) **ਗੁਰ** ਬਿਨੁ ਕਿਉ ਤਰੀਐ ਸੁਖ ਹੋਇ ॥
ਜਿਉ ਭਾਵੈ ਤਿਉ ਰਾਖੁ ਤੂ ਮੈ ਅਵਰੁ ਨ ਦੂਜਾ ਕੋਇ ॥

ਭਾਵ

ਹੇ ਪੁਰਸ਼ੋ ! **ਗੁਰ** (ਅਕਾਲਪੁਰਖ) ਉਤੇ ਭਰੋਸਾ ਕੀਤੇ ਬਿਨਾਂ ਕਿਉਂ ਸੰਸਾਰ ਸਮੁੰਦ੍ਰੋਂ ਤਰ ਸਕਦੇ ਹਾਂ ਅਤੇ ਕਿਉਂ ਸੁਖ ਹੁੰਦਾ ਹੈ ? ਯਾਂਤੇ ਅਸੀ ਸੱਚੇ ਦਿਲੋਂ ਅਕਾਲਪੁਰਖ ਅਗੇ ਏਹੀ ਬੇਨਤੀ ਕਰੀਏ ਕਿ ਹੇ ! ਗੁਰ (ਅਕਾਲਪੁਰਖੁ) ਜੀ ਜਿਕੂੰ ਆਪਨੂੰ ਭਾਵੇ ਤਿਵੇਂ ਸਾਨੂੰ ਰਖੋ, ਕਿਉਂਕਿ ਸਾਡਾ ਆਪਤੋਂ ਬਿਨਾਂ ਹੋਰਕਾਈ ਰਾਖਾ ਨਹੀ ਹੈ ॥

ਸੂਚਨਾ

ਇਸ ਸ਼ਬਦ ਵਿਚ ਭੀ **ਗੁਰ** ਪਦ ਅਕਾਲ ਬੋਧਕ ਹੈ ॥

ਸ੍ਰੀ ਰਾਗੁ ਮਹਲਾ ੧ ਸਬਦ ੧੯

ਸਫਾ $\frac{੨੧}{੧੮}$ ਸ੍ਰੀਗੁਰੂ:

(ਖ) ਮਨ ਰੇ ਹਉਮੈ ਛੋਡਿ ਗੁਮਾਨੁ ।
ਹਰਿ, ਗੁਰੁ ਸਰਵਰੁ ਸੇਵ ਤੂ
ਪਾਵਹਿ ਦਰਗਹ ਮਾਨੁ ॥ ੧ ॥ ਰਹਾਉ ॥

ਭਾਵ

ਹੇ ! ਪ੍ਰਾਣੀ ਤੂੰ ਹਰਿ (ਅਕਾਲਪੁਰਖੁ) ਅਤੇ ਗੁਰੁ (ਦਸਾਂਗੁਰਾਂ) ਨੂੰ ਸੇਵਨ ਕਰ, ਭਾਵ ਉਨ੍ਹਾਂਦੇ ਹੁਕਮ ਮੰਨ ਅਰਥਾਤ ਉਨ੍ਹਾਂ ਦੀ ਸਿਖ੍ਯਾ ਪਰ ਤੁਰ ਤਾਂ ਕਿ ਸਚਖੰਡ ਵਿਖੇ ਮਾਨ (ਇਜ਼ਤ) ਪਾਵੇਂ ।

ਸੂਚਨਾ

ਇਸ ਸ਼ਬਦ ਵਿਚ ਗੁਰੁ ਪਦ ਦਸਾਂ ਗੁਰਾਂ ਦਾ ਵਾਚਕ ਹੈ, ਅਤੇ ਹਰਿ ਪਦ ਅਕਾਲ ਬੋਧਕ ਹੈ ।

ਪੁਨਾ:—

ਸਿਰੀ ਰਾਗ ਮਹਲਾ ੧ ਸਬਦ ੨੨

ਸਫਾ $\frac{੨੨}{੧੯}$ ਸ੍ਰੀਗੁਰੂ:

(ਗ) ਜਿਨਾ ਸਤਿਗੁਰੁ ਰਸਿ ਮਿਲੈ ਸੇ ਪੂਰੇ ਪੁਰਖ ਸੁਜਾਣ ।
ਗੁਰ ਮਿਲਿ ਭਉਜਲੁ ਲੰਘੀਐ
ਦਰਗਹ ਪਤਿ ਪਰਵਾਣੁ ।

ਭਾਵ

ਓਹੀ ਪੁਰਖ ਪੂਰੇ ਸੁਜਾਣ (ਚਤੁ) ਭਾਵ ਸਿਆਣੇ ਹਨ ਜਿਨ੍ਹਾਂ ਨੂੰ ਸਤਗੁਰੂ ਦ੍ਵਾਰਾ ਆਤਮਰਸ ਪ੍ਰਾਪਤ ਹੋਯਾ ਹੈ।

ਤਦੇ ਓਹ ਪ੍ਰਾਣੀ ਗੁਰ (ਅਕਾਲਪੁਰਖ) ਨਾਲ ਮਿਲਕੇ (ਅਭੇਦ ਦ੍ਰਿੜਤਾ ਕਰਕੇ) ਸੰਸਾਰ ਸਾਗਰੋਂ ਪਾਰ ਲੰਘ ਸਕਦੇ ਹਨ। ਇਸ ਅਵਸਥਾ ਤੋਂ ਬਿਨਾ ਸਭ ਕੁਛ ਮਾਯਾਵੀ ਬਨਾਓ ਠਨਾਓ ਹੈ॥

ਸੂਚਨਾ

ਇਸ ਸ਼ਬਦ ਵਿਚ **ਗੁਰੁ** ਪਦ ਦਸਾਂ ਗੁਰਾਂ ਦਾ ਬੋਧਕ ਹੈ ਅਤੇ **ਗੁਰ** ਪਦ ਅਕਾਲਪੁਰਖ ਵਾਚਕ ਹੈ॥

ਪੁਨਃ—

ਸਿਰੀ ਰਾਗੁ ਮਹਲਾ ੩ ਸਬਦ ੩੭

ਸਫਾ $\frac{੨੭}{੨੪}$ ਸ੍ਰੀਗੁਰੂਃ

(ਘ) ਜਿਨ ਸਬਦਿ **ਗੁਰੂ** ਸੁਣਿ ਮੰਨਿਆ
ਤਿਨ ਮਨਿ ਧਿਆਇਆ ਹਰਿ ਸੋਇ।
ਅਨ ਦਿਨ ਭਗਤੀ ਰਤਿਆ ਮਨੁ ਤਨੁ ਨਿਰਮਲੁ ਹੋਇ।

ਭਾਵ

ਜਿਨ੍ਹਾਂ ਪ੍ਰਾਣੀਆਂ ਨੇ ਸਬਦ (ਉਪਦੇਸ਼) **ਗੁਰੂ** ਸੁਣਕੇ ਮੰਨਿਆਂ (ਧਾਰਨ ਕੀਤਾ) ਹੈ ਤਿਨਾਂ ਨੇ ਹਰਿ (ਅਕਾਲਪੁਰਖੁ) ਨੂੰ ਧਿਆਇਆ ਹੈ।

ਅਤੇ ਰਾਤ ਦਿਨੇ ਭਗਤੀ ਵਿਖੇ ਰੱਤੇ ਰਹਿਣ ਕਰਕੇ ਓਹਨਾਂ ਦਾ ਤਨ ਮਨ ਨਿਰਮਲ (ਪਵਿਤ੍ਰ) ਹੋ ਜਾਂਦਾ ਹੈ।

ਸੂਚਨਾ

ਇਸ ਸਬਦ ਵਿਚ **ਗੁਰੂ** ਪਦ ਦਸਾਂ ਗੁਰਾਂ ਦਾ ਬੋਧਕ ਹੈ।

ਸ੍ਰੀ ਰਾਗੁ ਮਹਲਾ ੩ ਸਬਦ ੪੬

ਸਫ਼ਾ $\frac{੩੫}{੨੭}$ ਸ੍ਰੀਗੁਰੂਃ

(ਙ) ਪੂਰੈ ਭਾਗਿ **ਸਤਿਗੁਰੁ** ਮਿਲੈ ਜਾਂ ਭਾਗੈ ਕਾ ਉਦਉ ਹੋਇ॥
ਅੰਤਰਹੁ ਦੁਖੁ ਭ੍ਰਮੁ ਕਟੀਐ ਸੁਖੁ ਪਰਾਪਤਿ ਹੋਇ ॥
ਗੁਰਕੈ ਭਾਣੈ ਜੋ ਚਲੈ ਦੁਖੁ ਨ ਪਾਵੈ ਕੋਇ ॥ ੩ ॥

ਭਾਵ

ਜੇ ਕਿਸਮਤ ਚੰਗੀ ਹੋਵੇ ਤਾਂ ਸਤਿਗੁਰੂ ਜੀ ਮਿਲਦੇ ਹਨ ਜਿਸ ਕਰਕੇ ਅੰਤਹਕਰਨ ਵਿਚੋਂ ਦੁਖ, ਭ੍ਰਮ ਕਟਕੇ ਸੁਖ ਪ੍ਰਾਪਤ ਹੋ ਜਾਂਦੇ ਹਨ ॥

ਉਪ੍ਰੰਤ ਜੋ ਪ੍ਰਾਣੀ **ਗੁਰ** (ਅਕਾਲੀ) ਭਾਣੇ ਵਿਚ ਚਲਦਾ (ਅਰਥਾਤ ਭਾਣਾ ਮਿਠਾ ਮੰਨਦਾ) ਹੈ ਓਹ ਦੁਖ ਨਹੀਂ ਪੌਂਦਾ ॥

ਪੁਨਾਃ—ਤੁਕ ੪

ਗੁਰ ਕੇ ਭਾਣੇ ਵਿਚ ਅੰਮ੍ਰਿਤੁ ਹੈ ਸਹਜੇ ਪਾਵੈ ਕੋਇ ।

ਭਾਵ

ਗੁਰ (ਅਕਾਲਪੁਰਖ) ਦੇ ਭਾਣੇ ਮੰਨਨ ਵਿਚ ਅੰਮ੍ਰਿਤਸਰੂਪ (ਮੌਤ ਰਹਿਤ) ਅਵਸਥਾ ਹੋਜਾਂਦੀ ਹੈ ॥

ਸੂਚਨਾ

ਇਸ ਸਬਦ ਵਿਚ**ਗੁਰੁ** ਪਦ ਦਸਾਂ ਗੁਰਾਂ ਦਾ ਬੋਧਕ ਹੈ ਅਤੇ **ਗੁਰ** ਪਦ ਅਕਾਲ ਵਾਚਕ ਹੈ ॥

ਪੁਨਾਃ—

ਸਿਰੀ ਰਾਗੁ ਮਹਲਾ ੩ ਸਬਦ ੪੭

ਸਫਾ $\frac{੩੧}{੨੭}$ ਸ੍ਰੀਗੁਰੂਃ

(ਚ) ਭਾਈ ਰੇ ਗੁਰ ਬਿਨੁ ਭਗਤਿ ਨ ਹੋਇ ॥

ਬਿਨੁ ਗੁਰ ਭਗਤਿ ਨ ਪਾਈਐ ਜੇ ਲੋਚੈ ਸਭੁ ਕੋਇ ॥

ਭਾਵ

ਭਗਤੀ ਓਹ ਹੈ ਜੋ ਨਿਰੋਲ ਗੁਰ (ਅਕਾਲਪੁਰਖੁ) ਦੀ ਹੋਵੇ ਇਸਤੇ ਬਿਨਾਂ ਹੋਰ ਸੱਚੀ ਭਗਤੀ ਨਹੀ ਹੋਸਕਦੀ ॥

ਇਸਤੇ ਬਿਨਾ ਗੁਰ (ਅਕਾਲ ਪੁਰਖੁ) ਤੋਂ ਬਿਨਾਂ ਹੋਰਸ ਦੇਵੀ ਦੇਵਤੇ ਦੀ ਪੂਜਾ, ਅਰਚਾ, ਸੇਵਨਾ ਸਬੰਧੀ ਜੋ ਭਗਤੀ ਆਖਦੇ ਹਨ ਓਹ ਭਗਤੀ ਆਖਣਾ ਠੀਕ ਨਹੀਂ, ਕਿਉਂਕਿ ਓਹ ਸਚੀ ਭਗਤੀ ਹੀ ਨਹੀਂ, ਭਾਵ ਓਹ ਅਕਾਲ ਭਗਤੀ ਨਹੀਂ।

ਪੁਨਃ ਤੁਕ ੨ ਸਬਦ ਉਤਲਾ

ਲਖ ਚਉਰਾਸੀਹ ਫੇਰੁ ਪਇਆ ਕਾਮਣਿ ਦੂਜੈਭਾਇ।

ਬਿਨੁ ਗੁਰ ਨੀਦ ਨ ਆਵਹੀ ਦੁਖੀ ਰੈਣਿ ਵਿਹਾਇ।

ਭਾਵ

ਬਿਨਾਂ ਗੁਰ (ਅਕਾਲਪੁਰਖ) ਸੇਵਾ ਤੋਂ ਨੀਂਦ (ਸਾਂਤਿ) ਨਹੀਂ ਹੁੰਦੀ, ਅਰਥਾਤ ਅਕਾਲਸੇਵਾ ਕੀਤੇ ਬਿਨਾਂ ਦੁਖਾਂ ਵਿਚ ਹੀ ਰਾਤ ਦਿਨ ਬੀਤਦੇ ਹਨ, ਇਸਤੇ ਬਿਨਾਂ ਅਕਾਲਪੁਰਖ ਤੋਂ ਬੇਮੁਖ ਹੋਕੇ ਚੌਰਾਸੀ ਦੇ ਗੇੜ (ਜਨਮ ਮਰਨ) ਵਿਚ ਫਿਰਨਾ ਪੈਂਦਾ ਹੈ।

ਸੂਚਨਾ

ਇਸ ਸ਼ਬਦ ਵਿਚ ਗੁਰ ਪਦ ਅਕਾਲ ਬੋਧਕ ਹੈ।

ਸਿਰੀ ਰਾਗੁ ਮਹਲਾ ੧ ਸਬਦ ੪੯

ਸਫਾ ੩੨/੨੯ ਸ੍ਰੀਗੁਰੂਃ

(ਛ) ਭਾਈ ਰੇ ਭਗਤਿਹੀਣੁ ਕਾਹੇ ਜਗਿ ਆਇਆ।
ਪੂਰੇ ਗੁਰ ਕੀ ਸੇਵ ਨ ਕੀਨੀ ਬਿਰਥਾ ਜਨਮੁ ਗਵਾਇਆ।

ਭਾਵ

ਜੋ ਪੂਰਾ (ਪੂਰਣ) ਅਤੇ ਗੁਰ (ਵੱਡਾ) ਹੈ ਉਸ ਦੀ ਸੇਵਾ ਨਹੀਂ ਕਰਦਾ, ਭਾਵ ਜਿਸਨੇ ਉਸ ਅਕਾਲਪੁਰਖੁ ਦੇ ਭਾਣੇ ਵਿਚ ਸਾਂਤਿ ਹੋਕੇ ਭਾਣਾ ਨਹੀਂ ਮੰਨਿਆ, ਤੇ ਨਾਂ ਜੀਵ ਮਾਤ੍ਰ ਦੁਖੀ ਪ੍ਰਾਣੀਆਂ ਦੀ ਸੇਵਾ, ਸਹਾਇਤਾ ਕੀਤੀ। ਉਸ ਐਸੇ ਪ੍ਰਾਣੀ ਨੇ ਜਨਮ ਬੇਅਰਥ ਖੋ ਲਿਤਾ ਹੈ॥

ਸੂਚਨਾ—ਇਸ ਸਬਦ ਵਿਚ ਗੁਰ ਪਦ ਅਕਾਲ ਬੋਧਕ ਹੈ।

ਸਿਰੀ ਰਾਗ ਮਹਲਾ ੩ ਸਬਦ ਪ੩

ਸਫਾ ੩੪/੩੦ ਸ੍ਰੀਗੁਰੂਃ

(ਜ) **ਸਤਗੁਰੂ** ਕਿਆ ਫਿਟਕਿਆ ਮੰਗ ਥਕੇ ਸੰਸਾਰਿ॥
ਸਚਾ ਸਬਦੁ ਨ ਸੇਵਿਓ ਸਭਿ ਕਾਜ ਸਵਾਰਣਹਾਰੁ॥

ਭਾਵ

ਜੋ ਪ੍ਰਾਣੀ ਦਸਾਂ ਗੁਰਾਂ ਨੇ ਫਿਟਕੇ ਹਨ ਓਹ ਸੰਸਾਰ ਵਿਚ ਮੰਗਦੇ ਮੰਗਦੇ (ਭਾਵ ਭਟਕਦੇ ਭਟਕਦੇ) ਥਕਗਏ ਅਰਥਾਤ ਮਰਗਏ ਹਨ।

ਕਿਉਂਕਿ ਓਹਨਾਂ ਸਚੇ ਸਬਦ (ਸਚੇ ਉਪਦੇਸ਼) ਦੀ ਸੇਵਨਾ ਨਹੀ ਕੀਤੀ ਭਾਵ ਗੁਰਮੰਤ੍ਰ ਦਾ ਅਭ੍ਯਾਸ ਨਹੀ ਕੀਤਾ ਜੋ ਹਰ ਪ੍ਰਕਾਰ ਦੇ ਕੰਮ ਸਵਾਰਨਵਾਲਾ ਹੈ॥

ਨੋਟ-ਜੋ ਖਾਲਸਾ ਵੀਰ, ਭੈਣ ਨਾਮਅਭਯਾਸ (ਭਾਵ ਪੁਨਃ ਪੁਨਃ ਨਾਮ ਜਪਣ) ਵਿਚ ਢਿੱਲੇ ਹਨ ਓਹੀ **ਢਿੱਲੜ** ਹਨ ॥

ਸੂਚਨਾ

ਇਸ ਸਬਦ ਵਿਚ **ਗੁਰੂ** ਪਦ ਅਕਾਲ ਬੋਧੋਕ ਨਹੀ ਭਾਵ ਦਸੇ **ਗੁਰਾਂ** ਦਾ ਬੋਧਕ ਹੈ ॥

ਪੁਨਾਃ-

ਸਿਰੀ ਰਾਗ ਮਹਲਾ ੩ ਸਬਦ ੬੩

ਸਫਾ ੩੮/੩੪ ਸ੍ਰੀਗੁਰੂਃ

(ਝ) ਹਰਿ ਜੀ ਸਚਾ ਸਚੁ ਤੂ ਸਭੁਕਿਛੁ ਤੇਰੈ ਚੀਰੈ ॥
ਲਖ ਚਉਰਾਸੀਹ ਤਰਸਦੇ ਫਿਰੇ ਬਿਨ **ਗੁਰ** ਭੇਟੇ ਪੀਰੈ ॥

ਭਾਵ

ਬਹੁਤਸਾਰੇ ਪ੍ਰਾਣੀ ਗੁਰ (ਅਕਾਲਪੁਰਖ)ਦ੍ਰਿੜਤਾ ਤੋਂ ਬਿਨਾਂ ਅਤੇ **ਪੀਰ** ਕਹੀਏ **ਗੁਰੂ** ਤੋਂ ਸਿਖਯਾ ਲਏ ਬਿਨਾਂ ਚਉਰਾਸੀਹ ਲਖ ਜੋਨੀਆਂ ਵਿਚ ਤਰਸਦੇ ਫਿਰਦੇ ਹਨ ॥

ਸੂਚਨਾ--ਇਸ ਸਬਦ ਵਿਚ **ਗੁਰ** ਪਦ ਅਕਾਲ ਬੋਧਕ ਹੈ ॥

ਸਿਰੀ ਰਾਗੁ ਮਹਲਾ ੫ ਸਬਦ ੯੦

ਸਫਾ ੪੯/੪੪ ਸ੍ਰੀਗੁਰੂਃ

(ਞ) ਮੇਰੇ ਮਨ **ਗੁਰ** ਜੇਵਡ ਅਵਰ ਨ ਕੋਇ।
ਦੂਜਾ ਥਾਉ ਨ ਕੋ ਸੁਝੈ ਗੁਰ ਮੇਲੇ ਸਚ ਸੋਇ।

ਭਾਵ

ਗੁਰ ਓਹ ਹੈ ਜਿਸਦੇ ਸਦਰਸ ਹੋਰਕੋਈ ਨਹੀ ਯਾਂਤੇ ਸਿੱਧ ਹੋਯਾ ਜੋ ਗੁਰ ਪਦ ਅਕਾਲ ਬੋਧਕ ਹੈ॥

ਪੁਨਾਃ-ਤੁਕ ੪

ਗੁਰ ਨਾਲਿ ਤੁਲਿ ਨ ਲਗਈ ਖੋਜਿ ਡਿਠਾ ਬ੍ਰਹਮੰਡ ॥

ਭਾਵ

ਸਾਰੀ ਦੁਨੀਆਂ ਨੂੰ ਢੂੰਡਿਆ ਪ੍ਰੰਤੂ ਗੁਰ ਸਦਰਸ ਹੋਰ ਕੋਈ ਵੀ ਨਹੀਂ ਲੱਭਾ॥

ਇਸਤੋਂ ਸਾਫ ਸਿੱਧ ਹੈ ਕਿ ਗੁਰ ਪਦ ਅਕਾਲ ਬੋਧਕ ਹੈ।

ਸਿਰੀ ਰਾਗੁ ਮਹਲਾ ੫ ਸਬਦ ੯੯

ਸਫਾ ੫੨/੪੬ ਸ੍ਰੀਗੁਰੂਃ

(ਟ) ਗੁਰ ਤੇ ਬਾਹਰਿ ਕਿਛੁ ਨਹੀ ਗੁਰ ਕੀਤਾ ਲੋੜੇ ਸੁ ਹੋਇ।

ਪੁਨਾਃ-ਅੰਕ ੩

ਗੁਰ ਕੀ ਮਹਿਮਾ ਅਗਮ ਹੈ ਕਿਆ ਕਥੈ ਕਥਨਹਾਰੁ॥

ਸੂਚਨਾ

ਉਤਲੀ ਦੋਨਾਂ ਤੁਕਾਂ ਦੇ ਭਾਵਾਂ ਤੋਂ ਪ੍ਰਗਟ ਹੈ ਜੋ ਗੁਰ ਪਦ ਅਕਾਲ ਬੋਧਕ ਹੈ॥

ਕਿਉਂਕਿ ਗੁਰ (ਅਕਾਲਪੁਰਖੁ) ਤੋਂ ਜਰੂਰ ਸਭਕੋਈ ਬਾਹਰ ਨਹੀ ਅਤੇ ਓਹ ਗੁਰ (ਅਕਾਲਪੁਰਖ) ਜੋ ਚਾਹੁੰਦਾ ਹੈ ਸੋ ਕਰਦਾ ਹੈ ਗੱਲ ਕੀ ਏਹੋ ਜਿਹੇ ਗੁਣ ਹੋਰ ਕਿਸੇ ਵਿਚ ਨਹੀ ਹੋ ਸਕਦੇ ਇਸੇ ਲਈ ਉਹ ਬੇਅੰਤ ਹੈ॥

ਸਿਰੀ ਰਾਗੁ ਮਹਲਾ ੧ ਅਸਟਪਦੀ ੩

ਸਫਾ $\frac{੫੪}{੪੮}$ ਸ੍ਰੀਗੁਰੂ:

(ਠ) ਆਪੇ ਸਾਗਰੁ ਬੋਹਿਥਾ ਆਪੇ ਪਾਰੁ ਅਪਾਰੁ।
ਸਾਚੀ ਵਾਟ ਸੁਜਾਣੁ ਤੂੰ ਸਬਦਿ ਲਘਾਵਣ ਹਾਰੁ।
ਨਿਡਰਿਆ ਡਰੁ ਜਾਣੀਐ ਬਾਝੁ **ਗੁਰੂ** ਗੁਬਾਰੁ।

ਸਿੱਟਾ

ਗੁਰੂ ਜੀ ਦੀ ਸਿਖ੍ਯਾ (ਗੁਰੂਬਾਣੀ) ਅਨੁਸਾਰ ਧਾਰਨ ਧਾਰੇ ਬਿਨਾਂ ਅੰਧੇਰਾ (ਅਗ੍ਯਾਨ ਹੀ) ਹੈ।

ਇਥੇ **ਗੁਰੂ** ਪਦ ਦਸਾਂ ਗੁਰਾਂ ਦਾ ਬੋਧਕ ਹੈ।

ਸਿਰੀ ਰਾਗੁ ਮਹਲਾ ੧ ਅਸਟਪਦੀ ੪

ਸਫਾ $\frac{੫੫}{੪੯}$ ਸ੍ਰੀਗੁਰੂ:

(ਡ) ਬਾਝੁ **ਗੁਰੂ** ਗੁਬਾਰੁ ਹੈ ਬਿਨੁ ਸਬਦੇ ਬੂਝ ਨ ਪਾਇ।

ਭਾਵ--**ਗੁਰੂ** ਉਪਦੇਸ਼ ਗ੍ਰਹਿਣ ਕੀਤੇ ਬਿਨਾਂ ਅੰਧੇਰ ਹੈ ਯਾਂਤੇ ਐਥੇ ਭੀ **ਗੁਰੂ** ਪਦ ਦਸਾਂ ਗੁਰਾਂ ਦਾ ਬੋਧਕ ਹੈ।

ਸਿਰੀ ਰਾਗੁ ਮਹਲਾ ੧ ਅਸਟਪਦੀ ੮

ਸਫਾ $\frac{੫੮}{੫੧}$ ਸ੍ਰੀਗੁਰੂ:

(ਢ) **ਗੁਰੂ** ਜਿਨਾਂ ਕਾ ਅੰਧੁਲਾ ਚੇਲੇ ਨਾਹੀ ਠਾਉ।

ਭਾਵ--ਜਿਨ੍ਹਾਂ ਪ੍ਰਾਣੀਆਂ ਦਾ **ਗੁਰੂ** ਹੀ ਅਗ੍ਯਾਨੀ ਹੋਵੇ, ਉਸਦੇ

ਚੇਲਿਆਂ (ਅਨੁਸਾਰੀਆਂ ਨੂੰ) ਕਿਥੇ ਥਾਓਂ ਹੋ ਸਕਦੀ ਹੈ।

ਸੂਚਨਾ-ਇਸ ਮਹਾਂਵਾਕ ਵਿਚ **ਗੁਰੂ** ਪਦ ਅਕਾਲ ਬੋਧਕ ਨਹੀ ਹੈ।

ਸਿਰੀ ਰਾਗੁ ਮਹਲਾ ੧ ਅਸਟਪਦੀ੧੨

ਸਫਾ $\frac{੬੧}{੫੪}$ ਸ੍ਰੀਗੁਰੂਃ

(ਣ) **ਗੁਰ** ਕੀ ਚਰਣੀ ਲਗਿ ਰਹੁ ਵਿਚਹੁ ਆਪੁ ਗਵਾਇ।

ਭਾਵ--**ਗੁਰ** (ਅਕਾਲਪੁਰਖੁ) ਦੀ ਚਰਨੀ ਲਗ ਰਹੋ, ਅਤੇ ਅਪਨੇ ਅੰਤਹ ਕਰਨ ਵਿਚੋਂ ਹੰਕਾਰ ਖੋ ਦੇਵੋ।

ਸੂਚਨਾ--ਇਸ ਥਾਂਓ ਭੀ **ਗੁਰ** ਪਦ ਅਕਾਲ ਬੋਧਕ ਹੈ।

ਪੁਨਃ—ਪਉੜੀ ੮ ਅਸਟਪਦੀ ੧੨

ਭੁਲਣ ਅੰਦਰਿ ਸਭੁ ਕੋ ਅਭੁਲ **ਗੁਰੂ** ਕਰਤਾਰੁ।

ਭਾਵ--**ਗੁਰੂ** ਅਤੇ **ਕਰਤਾਰ** ਤੋਂ ਬਿਨਾਂ ਸਭੇ ਬਾਕੀ (ਪ੍ਰਾਣੀ) ਭੁਲਣ ਵਿਚ ਹਨ।

ਬੱਸ ਸਿੱਧ ਹੋਯਾ ਜੋ ਐਥੇ **ਗੁਰੂ** ਪਦ ਦਸਾਂ ਗੁਰਾਂ ਦਾ ਬੋਧਕ ਹੈ।

ਪੁਨਃ--

ਸਿਰੀ ਰਾਗੁ ਮਹਲਾ ੩ ਅਸਟਪਦੀ੨੧

ਸਫਾ $\frac{੬੬}{੫੯}$ ਸ੍ਰੀਗੁਰੂਃ

(ਤ) ਭਾਈ ਰੇ ਦਾਸਨਿਦਾਸਾ ਹੋਇ।

ਗੁਰ ਕੀ ਸੇਵਾ **ਗੁਰਭਗਤ** ਹੈ ਵਿਰਲਾ ਪਾਏ ਕੋਇ॥

ਭਾਵ—ਹੇ! ਭਾਈ ਤੂੰ ਅਕਾਲਪੁਰਖ ਦੇ ਦਾਸਾਂ ਦਾ ਦਾਸ ਬਨ।

ਅਤੇ ਗੁਰ (ਅਕਾਲਪੁਰਖ) ਦੀ ਸੇਵਾ ਗੁਰਭਗਤ (ਹਰਿਭਗਤ) ਅਰਥਾਤ ਅਕਾਲਪੁਰਖੁ ਅਨੁਸਾਰਤਾ ਹੈ, ਜਿਸਨੂੰ ਕਾਈ ਵਿਰਲਾ ਹੀ ਪ੍ਰਾਪਤ ਕਰਦਾ ਹੈ ।

ਸੂਚਨਾ-- ਇਸ ਸਬਦ ਵਿਚ ਭੀ ਗੁਰ ਪਦ ਅਕਾਲ ਬੋਧਕ ਹੈ।

ਰਾਗੁ ਮਾਝ ਮਹਲਾ੫ ਸਬਦ ੨੨

ਸਫਾ $\frac{੧੦੧}{੮੯}$ ਸ੍ਰੀਗੁਰੂਃ

(ਥ) ਜੋ ਜੋ ਪੀਵੈ ਸੋ ਤ੍ਰਿਪਤਾਵੈ। ਅਮਰੁ ਹੋਵੈ ਜੋ ਨਾਮਰਸੁ ਪਾਵੈ।
ਨਾਮਨਿਧਾਨ ਤਿਸਹਿ ਪਰਾਪਤਿ,
ਜਿਸੁ ਸਬਦੁ ਗੁਰੂ ਮਨਿ ਵੂਠਾ ਜੀਉ ।

ਭਾਵ—ਜੋ ਜੋ ਪ੍ਰਾਣੀ ਨਾਮਰਸ ਪੀਂਦੇ ਹਨ ਓਹ ਤ੍ਰਿਪਤ ਹੋਕੇ ਅਮਰ (ਲਾਮੌਤ) ਹੋਜਾਂਦੇ ਹਨ ।

ਪ੍ਰੰਤੂ ਏਹ ਨਾਮਨਿਧਾਨ ਓਨ੍ਹਾਂ ਨੂੰ ਮਿਲਦਾ ਹੈ ਜਿਨ੍ਹਾਂ ਨੇ ਗੁਰੂ (ਦਸਾਂ ਗੁਰਾਂ) ਦੇ ਉਪਦੇਸ਼ਾਂ ਨੂੰ ਧਾਰਨ ਕੀਤਾ ਹੈ ।

ਸੂਚਨਾ--ਇਸ ਸਬਦ ਵਿਚ ਗੁਰੂ ਪਦ ਦਸਾਂ ਗੁਰਾਂ ਦਾ ਬੋਧਕ ਹੈ।

ਰਾਗੁ ਮਾਝ ਮਹਲਾ ੫ ਸਬਦ ੨੩

ਸਫਾ $\frac{੧੦੧}{੮੯}$ ਸ੍ਰੀਗੁਰੂਃ

(ਦ) ਜਾਕਉ ਖੋਜਹਿ ਸਰਬ ਉਪਾਏ ।
ਵਡਭਾਗੀ ਦਰਸਨੁ ਕੋ ਵਿਰਲਾ ਪਾਏ ।
ਊਚ ਅਪਾਰ ਅਗੋਚਰ ਥਾਨਾ,
ਓਹ ਮਹਲੁ ਗੁਰੂ ਦੇਖਾਈ ਜੀਉ ।

ਭਾਵ-ਜਿਸ (ਅਕਾਲ) ਨੂੰ ਸਭ ਬਿਧਾਂ ਨਾਲ ਖੋਜਦੇ ਹਨ ਅਥਵਾ

ਜਿਸਨੂੰ ਸਾਰੇ ਪੈਦਾ ਕੀਤੇ ਹੋਏ ਟੋਲਦੇ ਹਨ। ਉਸਦੇ ਕੋਈ ਵਿਰਲਾ ਵਡਭਾਗੀ ਹੀ ਦਰਸਨ ਪ੍ਰਾਪਤ ਕਰਦਾ ਹੈ ਪ੍ਰੰਤੂ ਉਸ ਅਗਮ ਅਗੋਚਰ ਉਚ ਅਸਥਾਨੀ ਦਾ ਥਾਂਓਂ ਗੁਰੂ (ਦਸਾਂ ਗੁਰਾਂ) ਨੇ ਦਿਖਾ ਦਿਤਾ ਹੈ।

ਸੂਚਨਾ

ਇਸ ਥਾਂਓ ਗੁਰੂ ਪਦ ਦਸ਼ਾਂ ਗੁਰਾਂ ਦਾ ਬੋਧਕ ਹੈ।

ਰਾਗੁ ਮਾਝ ਮਹਲਾ ੩ ਅਸਟਪਦੀ ੩

ਸਫਾ ੧੧੧/੯੮ ਸ੍ਰੀਗੁਰੂ:

(ਧ) ਲਖ ਚਉਰਾਸੀਹ ਜੀਅ ਉਪਾਏ।
ਜਿਸ ਨੋ ਨਦਰਿ ਕਰੇ ਤਿਸੁ ਗੁਰੂ ਮਿਲਾਏ।

ਭਾਵ—ਪੁਰਸ਼ ਸ੍ਰਿਸਟੀ ਵਿਚੋਂ ਜਿਸ ਪਰ ਕ੍ਰਿਪਾ ਹੁੰਦੀ ਹੈ ਉਸ ਨੂੰ ਗੁਰੂ ਅਕਾਲਪੁਰਖ ਨੂੰ ਮਿਲਾ ਦਿੰਦਾ ਹੈ॥

ਅਥਵਾ:—

ਜਿਸ ਪੁਰਸ਼ ਪਰ ਅਕਾਲਪੁਰਖ ਦੀ ਕ੍ਰਿਪਾ ਹੁੰਦੀ ਹੈ ਉਸਨੂੰ ਗੁਰੂ ਮਿਲਾ ਦਿੰਦਾ ਹੈ ਦੂਜੇ ਭਟਕਦੇ ਫਿਰਦੇ ਹਨ॥

ਸੂਚਨਾ—ਇਸ ਸਬਦ ਵਿਚ ਗੁਰੂ ਪਦ ਦਸਾਂ ਗੁਰਾਂ ਦਾ ਬੋਧਕ ਹੈ।

ਰਾਗੁ ਮਾਝ ਮਹਲਾ ੩ ਅਸਟਪਦੀ ੮

ਪਉੜੀ ੧ ਸਫਾ ੧੧੩/੧੦੦ ਸ੍ਰੀਗੁਰੂ:

(ਨ) (੧) "ਅੰਮ੍ਰਿਤ ਬਾਣੀ ਗੁਰ ਕੀ ਮੀਠੀ"॥
ਗੁਰਮੁਖਿ ਵਿਰਲੈ ਕਿਨੈ ਚਖਿ ਡੀਠੀ॥

ਪਉੜੀ ੩

(੨) **ਗੁਰ** ਕੈ ਸਬਦਿ ਤਿਖਾ ਨਿਵਾਰੀ ਸਹਜੈ ਸੂਖਿ ਸਮਾਵਣਿਆ॥

ਭਾਵ--(੧) **ਗੁਰ** ਕੀ ਬਾਣੀ (ਅਕਾਲਪੁਰਖ ਦੀ ਬਾਣੀ) ਭਾਵ ਮੂਲਮੰਤ੍ਰ:- ੴ

੧ ਓ ਸਤਿਨਾਮੁ, ਕਰਤਾ, ਪੁਰਖੁ, ਨਿਰਭਉ, ਨਿਰਵੈਰੁ, ਅਕਾਲਮੂਰਤਿ, ਅਜੂਨੀ, ਸੈਭੰ, ਗੁਰ, ਪ੍ਰਸਾਦਿ, ਅਤੀ ਮਿਠੀ ਹੈ ॥

(੨)**ਗੁਰ** (ਅਕਾਲਪੁਰਖੁ) ਦੇ ਸਬਦ (ਗੁਰਮੰਤ੍ਰ ਨਾਮੁ) ਤੋਂ ਤਿਖਾ (ਅਸ਼ਾਂਤੀ) ਦੂਰ ਹੋ ਜਾਂਦੀ ਹੈ ॥

ਸੂਚਨਾ- ਐਥੇ ਭੀ **ਗੁਰ** ਪਦ ਅਕਾਲ ਬੋਧਕ ਹੈ ॥

ਰਾਗੁ ਮਾਝ ਮਹਲਾ ੩ ਅਸਟਪਦੀ ੧੩

ਪਉੜੀ ੪ ਸਫਾ ੧੧੭/੧੦੩ ਸ੍ਰੀਗੁਰੂ:

(੫) ਕਿਲਵਿਖ ਕਾਟੈ ਕ੍ਰੋਧ ਨਿਵਾਰੇ ।

ਗੁਰ ਕਾ ਸਬਦੁ ਰਖੈ ਉਰਧਾਰੇ ।

ਭਾਵ-ਜੋ ਪ੍ਰਾਣੀ ਗੁਰ ਦਾ ਸ਼ਬਦ ਗੁਰਮੰਤ੍ਰ ਭਾਵ ਗੁਰ (ਅਕਾਲ-ਪੁਰਖੁ) ਲਖਾਇਕ ਨਾਮ ਅਪਨੇ ਉਰ (ਚਿੱਤ ਵਿਚ) ਧਾਰਨ ਰਖ-ਦਾ ਹੈ ਉਸਦੇ ਬੱਜਰ ਪਾਪ ਤੇ ਕ੍ਰੋਧ ਆਦਿਕ ਸਭ ਨਾਸ ਹੁੰਦੇ ਹਨ।

ਸੋ ਐਥੇ ਭੀ **ਗੁਰ** ਪਦ ਅਕਾਲ ਬੋਧਕ ਹੈ।

ਰਾਗੁ ਮਾਝ ਮਹਲਾ ੩ ਅਸਟਪਦੀ੨੫

ਪਉੜੀ ੭ ਸਫਾ ੧੨੫/੧੧੧ ਸ੍ਰੀਗੁਰੂ:

(ਫ) ਬਾਝੁ **ਗੁਰੂ** ਹੈ ਅੰਧਅੰਧਾਰਾ ।

ਜਮਕਾਲਿ ਗਰਠੇ ਕਰਹਿ ਪੁਕਾਰਾ ।

ਭਾਵ

ਗੁਰੂ ਤੋਂ ਬਿਨਾ ਗਜਾਨ ਨਹੀਂ ਹੁੰਦਾ, ਨਿਰਾ ਅੰਧਕਾਰਾ ਹੀ ਰੈਂਹਦਾ ਹੈ, ਜਿਸ ਕਰਕੇ ਪ੍ਰਾਣੀ ਜਮਕਾਲ ਦੇ ਪਕੜੇ ਹੋਏ ਹਾਲਦੁਹਾਈ ਕਰਦੇ ਹਨ।

ਸੂਚਨਾ–ਐਥੇ ਗੁਰੂ ਪਦ ਦਸਾਂ ਗੁਰਾਂ ਦਾ ਬੋਧਕ ਹੈ।

ਵਾਰ ਮਾਝ ਮਹਲਾ ੧ ਪਉੜੀ ੧

ਸਲੋਕ੨ ਸਫਾ $\frac{੧੩੮}{੧੨੨}$ ਸ੍ਰੀਗੁਰੂ:

(ਬ) ਨਾਨਕ ਮਨਮੁਖਿ ਅੰਧੁ ਪਿਆਰੁ। ਬਾਝੁ ਗੁਰੂ ਡੁਬਾ ਸੰਸਾਰੁ

ਭਾਵ–ਮਨਮੁਖਾਂ ਦਾ ਅੰਧਤਾ (ਅਗਜਾਨਤਾ) ਨਾਲ ਪਿਆਰ ਹੈ ਇਸ ਕਰਕੇ ਗੁਰੂ ਬਿਨਾਂ(ਗੁਰੂ ਉਪਦੇਸ ਪ੍ਰਾਪਤ ਕੀਤੇ ਬਿਨਾ)ਸਾਰਾ ਸੰਸਾਰ ਡੁਬਦਾ ਹੈ।

ਸੂਚਨਾ-ਐਥੇ ਗੁਰੂ ਪਦ ਦਸਾਂ ਗੁਰਾਂ ਦਾ ਬੋਧਕ ਹੈ।

ਵਾਰ ਮਾਝ ਮਹਲਾ ੧ ਪਉੜੀ ੧

ਸਲੋਕ ੧ ਸਫਾ $\frac{੧੫੦}{੧੩੨,\ ੧੩੩}$ ਸ੍ਰੀਗੁਰੂ:

(ਭ) ਗੁਰੂ ਸਮੁੰਦੁ ਨਦੀ ਸਭਿ ਸਿਖੀ ਨ੍ਹਾਤੈ ਜਿਤੁ ਵਡਿਆਈ ॥
ਨਾਨਕ ਜੇ ਸਿਰਖੁਥੇ ਨ੍ਹਾਵਨਿ ਨਾਹੀ,
ਤਾਂ ਸਤਿ ਚਟੇ ਸਿਰਿ ਛਾਈ।

ਭਾਵ–ਗੁਰੂ ਸਮੁੰਦ੍ਰ ਹੈ ਤੇ ਉਸ ਵਿਚ ਨਦੀ ਰੂਪੀ ਸਿਖੀ ਪੈਂਦੀ ਹੈ ਅਰਥਾਤ ਗੁਰਮਤ ਨੂੰ ਗ੍ਰਹਿਣ (ਧਾਰਨ) ਕਰਕੇ ਗੁਰੂ ਦੇ ਸਿਖ ਗੁਰੂ ਵਿੱਚ ਅਭੇਦ ਹੋ ਜਾਂਦੇ ਹਨ।

ਪ੍ਰੰਤੂ ਜੋ ਪ੍ਰਾਣੀ ਐਸੇ ਗੁਰੂ ਰੂਪ ਸਮੁੰਦ੍ਰ ਵਿਚ ਅਸ਼ਨਾਨ ਨਹੀਂ ਕਰਦੇ ਓਹਨਾਂ ਸਿਰ ਖੁਥਿਆਂ ਦੇ ਸਿਰ ਵਿਚ ਸੁਆਹ ਦੇ ਸੌ ਟੋਕਰੇ ਪਾਵੇ ।

ਸੂਚਨਾ--ਇਸ ਸਬਦ ਵਿਚ ਭੀ **ਗੁਰੂ** ਦੱਸਾਂ ਗੁਰਾਂ ਦਾ ਬੋਧਕ ਹੈ

ਰਾਗੁ ਗਉੜੀ ਮਹਲਾ ੧ ਸਬਦ ੯

ਸਫਾ $\frac{੧੫੩}{੧੩੬}$ ਸ੍ਰੀਗੁਰੂ:

(ਭ) **ਸਤਿਗੁਰਿ** ਮਿਲਿਐ ਸਚ ਸੰਜਮਿ ਸੂਚਾ ।
ਗੁਰ ਕੀ ਪਉੜੀ ਊਚੋ ਊਚਾ ।

ਭਾਵ--ਸਤਿਗੁਰੂ ਮਿਲਨ ਕਰਕੇ **ਸਚ** ਪ੍ਰਾਪਤੀ ਲਈ ਸੂਚਾ(ਚੰਗਾ) ਸੰਜਮੀ ਬਨ ਜਾਂਦਾ ਹੈ (ਗੁਰੂ ਦੀ ਕਿਉਂ ਲੋੜ ਹੈ ?) ਕਿਉਂਕਿ ਗੁਰ (ਅਕਾਲ ਪੁਰਖ) ਦੀ ਪਉੜੀ (ਪ੍ਰਾਪਤੀ) ਊਚੀ ਤੇ ਊਚੀ ਹੈ ।

ਸੂਚਨਾ-ਐਥੇ **ਸਤਿਗੁਰਿ** ਦਸਾਂ ਗੁਰਾਂ ਦਾ ਲਖਾਇਕ ਹੈ ਅਤੇ **ਗੁਰ** ਅਕਾਲ ਬੋਧਕ ਹੈ ।

ਰਾਗੁ ਗਉੜੀ ਗੁਆਰੇਰੀ ਮਹਲਾ ੪

ਸਬਦ ੪੨ ਸਫੇ $\frac{੧੬੪}{੧੪੬}$ ਸ੍ਰੀਗੁਰੂ:

(ਮ) ਚਕਵੀ ਪ੍ਰੀਤਿ ਸੂਰਜੁ ਮੁਖਿ ਲਾਗੈ ॥
ਮਿਲੈ ਪਿਆਰੇ ਸਭ ਦੁਖ ਤਿਆਗੈ ॥
ਗੁਰਸਿਖ ਪ੍ਰੀਤਿ **ਗੁਰੂ** ਮੁਖਿ ਲਾਗੈ ॥
ਬਛਰੇ ਪ੍ਰੀਤਿ ਖੀਰੁ ਮੁਖਿ ਖਾਇ ॥
ਹਿਰਦੈ ਬਿਗਸੈ ਦੇਖੈ ਮਾਇ ॥
ਗੁਰਸਿਖ ਪ੍ਰੀਤਿ **ਗੁਰੂ** ਮੁਖਿ ਲਾਇ ॥ ੩ ॥

ਭਾਵ—ਚਕਵੀ ਦੀ ਪ੍ਰੀਤ ਸੂਰਜ ਨਾਲ ਹੈ, ਤਦੇ ਉਸ ਪਜਾਰੇ (ਸੂਰਜ) ਦੇ ਦਰਸਨ ਕਰਕੇ ਅਪਨੇ ਸਾਰੇ ਦੁਖ ਛਡ ਦਿੰਦੀ ਹੈ ॥

ਇਸੇਤ੍ਰਾਂ **ਗੁਰਸਿਖ** (ਖਾਲਸਾ ਜੀ) ਦੀ **ਗੁਰੂਮੁਖਿ** ਲਗਨ ਦੀ ਪ੍ਰੀਤ ਹੈ, ਕਿਉਂਕਿ **ਗੁਰੂ** (ਦਸਾਂਗੁਰਾਂ) ਦੀ ਕ੍ਰਿਪਾ ਕਰਕੇ ਉਨਾਂ ਨੂੰ ਅਕਾਲਪੁਰਖ ਦੀ ਪ੍ਰਾਪਤੀ ਹੁੰਦੀ ਹੈ ॥

ਇਸਤੇ ਬਿਨਾਂ ਜਿਕੂੰ ਬਛੇ ਦੀ ਪ੍ਰੀਤ ਦੁਧ ਛਕਨ ਨਾਲ ਹੈ ਤਿਵੇਂ ਗੁਰਸਿਖਾਂ (ਖਾਲਸਾ ਜੀ) ਦੀ ਪ੍ਰੀਤਿ ਏਹੀ ਹੈ ਜੋ **ਗੁਰੂ** ਜੀ ਦੇ ਮੁਖ ਲਗੇ ਰਹੀਏ ॥

ਸੂਚਨਾ—ਇਸ ਸਬਦ ਵਿਚ **ਗੁਰੂ** ਪਦ ਦਸਾਂ ਗੁਰਾਂ ਦਾ ਬੋਧਕ ਹੈ।

ਰਾਗੁ ਗਉੜੀ ਬੈਰਾਗਣਿ ਮਹਲਾ ੪

ਸਬਦ ੪੯ ਸਫਾ $\frac{੧੬੭}{੧੪੮}$ ਸ੍ਰੀਗੁਰੂਃ

(ਯ) ਜੋ ਹਮਰੀ ਬਿਧਿ ਹੋਤੀ ਮੇਰੇ **ਸਤਿਗੁਰਾ**
ਸਾ ਬਿਧਿ ਤੁਮ ਹਰਿ ਜਾਣਹੁ ਆਪੇ ॥
ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ
ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥
ਧੰਨੁ ਧੰਨੁ **ਗੁਰੂ** ਨਾਨਕ ਜਨ ਕੇਰਾ
ਜਿਤੁ ਮਿਲਿਐ ਚੂਕੇ ਸਭਿ ਸੋਗ ਸੰਤਾਪੇ।

ਭਾਵ--ਚੌਥੀ ਪਾਤਸ਼ਾਹੀ ਅਪਨੀ ਪ੍ਰਿਥਮ ਅਵਸਥਾ ਦਾ ਜ਼ਿਕਰ ਕਰਦੇ ਹੋਏ ਦਸਦੇ ਹਨ ਕਿ **ਗੁਰ** (ਅਕਾਲਪੁਰਖ) ਜੋ **ਸਤਿਗੁਰ** (ਉੱਕਾ ਹੀ ਬੱਡਾ) ਹੈ, ਓਸ ਦਾ ਸੰਗ ਹੋਣ ਕਰਕੇ ਤਥਾ ਅਕਾਲਪੁਰਖੁ ਦੇ ਚਰਨਾਂ ਵਿਚ ਅਭੇਦ ਹੋਣ ਕਰਕੇ, ਦੁਨੀਆਂ

ਵਿਚ ਅਸੀਂ ਜੋ ਕੀੜਿਆਂ ਸਦਰਸ਼ (ਭਾਵ ਛੋਟੀ ਹੈਸੀਅਤ ਦੇ) ਥੇ, ਉਸ ਦਸ਼ਾ ਵਿੱਚੋਂ ਕੱਢਕੇ ਸਥਿਰ ਕਰਦਿਤੇ ਭਾਵ ਦ੍ਰਿੜ ਵਿਸ੍ਵਾਸੀ ਬਨਾ ਦਿਤੇ।

ਸੋ ਏਹ ਕ੍ਰਿਪਾ ਸਾਡੇ **ਗੁਰੂ** ਜੀਦੀ ਹੈ ਇਸ ਕਰਕੇ **ਗੁਰੂ** ਅਮਰ ਦੇਵ ਜੀ ਦਾ ਧੰਨਬਾਦ ਹੈ ਜਿਸਦੇ ਮਿਲਨੇ ਕਰਕੇ ਸਾਰੇ ਸੋਗ, ਸੰਤਾਪ ਚੁਕ ਗਏ । ਭਾਵ ਦੁਖ ਦੂਰ ਹੋਗਏ ।

ਸੂਚਨਾ-ਇਸ ਸਬਦ ਵਿਚ **ਗੁਰ ਸਤਿਗੁਰ** ਪਦ ਅਕਾਲ ਬੋਧਕ ਹੈ ਅਤੇ **ਗੁਰੂ** ਪਦ ਦਸਾਂ ਗੁਰਾਂ ਦਾ ਲਖਾਇਕ ਹੈ।

ਗਉੜੀ ਪੂਰਬੀ ਮਹਲਾ ੪ ਸਬਦ ੬੪

ਸਫਾ $\frac{੧੭੨}{੧੫੩}$ ਸ੍ਰੀਗੁਰੂਃ

(ਰ) ਹਮ ਮਲਿ ਮਲਿ ਧੋਵਹਿ ਪਾਵ **ਗੁਰੂ** ਕੇ,
ਜੋ ਹਰਿ ਹਰਿ ਕਥਾ ਸੁਨਾਵੈ ।

ਭਾਵ-ਜੋ **ਗੁਰੂ** ਹਰਿਕਥਾ ਸੁਣਾਵੇ, ਓਸ **ਗੁਰੂ** ਜੀਦੇ ਮਲ ਮਲ ਕੇ ਪੈਰ ਧੋਣੇ ਯੋਗ ਹਨ॥

ਸੂਚਨਾ-ਇਸ ਥਾਂਓ **ਗੁਰੂ** ਪਦ ਦਸਾਂ ਗੁਰਾਂ ਦਾ ਬੋਧਕ ਹੈ।

ਰਾਗੁ ਗਉੜੀ ਮਹਲਾ ੫ ਸਬਦ੧੧੦

ਸਫਾ $\frac{੧੮੮}{੧੬੭}$ ਸ੍ਰੀਗੁਰੂਃ

(ਲ) ਕਹੁ ਨਾਨਕ ਮੈ ਸੋ **ਗੁਰੁ** ਪਾਇਆ।
ਪਾਰਬ੍ਰਹਮ ਪੂਰਨ ਦੇਖਾਇਆ ।

ਭਾਵ--ਪੰਜਮੇਂ ਗੁਰੂ ਜੀ ਫਰਮਾਉਂਦੇ ਹਨ ਕਿ "ਮੈਨੇ ਉਹ ਗੁਰੂ

(ਗੁਰੂ) ਪਾਲਿਤਾ ਹੈ, ਜਿਸਨੇ ਮੈਨੂੰ ਪੂਰਨ ਪਾਰਬ੍ਰਹਮ (ਅਕਾਲ-ਪੁਰਖੁ) ਨੂੰ ਦਿਖਾ ਦਿਤਾ ਹੈ।

ਸੂਚਨਾ--ਇਸ ਸਬਦ ਵਿਚ ਗੁਰੁ ਪਦ ਗੁਰੂ ਬੋਧਕ ਹੈ ॥

ਰਾਗੁ ਗਉੜੀ ਮਹਲਾ ੫ ਸਬਦ੧੨੩

ਸਫਾ $\frac{੧੯੦}{੧੯੯}$ ਸ੍ਰੀਗੁਰੂਃ

(ਵ) ਰਾਖਿ ਲੀਆ **ਗੁਰਿਪੂਰੇ** ਆਪਿ।

ਮਨਮੁਖ ਕਉ ਲਾਗੋ ਸੰਤਾਪੁ ॥ ੧ ॥

ਗੁਰੂਗੁਰੂ ਜਪਿ ਮੀਤ ਹਮਾਰੇ।

ਮੁਖ ਊਜਲ ਹੋਵਹਿ ਦਰਬਾਰੇ ॥ ੧ ॥ ਰਹਾਉ ॥

ਗੁਰ ਕੇ ਚਰਣ ਹਿਰਦੈ ਵਸਾਇ।

ਦੁਖ ਦੁਸਮਨ ਤੇਰੀ ਹਤੈ ਬਲਾਇ ॥ ੨ ॥

ਗੁਰ ਕਾ ਸਬਦੁ ਤੇਰੈ ਸੰਗਿ ਸਹਾਈ।

ਦਇਆਲ ਭਏ ਸਗਲੇ ਜੀਅ ਭਾਈ ॥ ੩ ॥

ਗੁਰਿਪੂਰੈ ਜਬ ਕਿਰਪਾ ਕਰੀ।

ਭਨਤਿ ਨਾਨਕ ਮੇਰੀ ਪੂਰੀ ਪਰੀ ॥ ੪ ॥

ਸੂਚਨਾ-ਇਸ ਸਬਦ ਵਿਚ **ਗੁਰਿਪੂਰਾ**, **ਗੁਰੂਗੁਰੂ**, **ਗੁਰ** ਸਭੇ ਪਦ ਅਕਾਲ ਬੋਧਕ ਹਨ ਕਿਉਂਕਿ **ਪੂਰਾਗੁਰੂ** ਅਕਾਲ ਪੁਰਖੁ ਹੀ ਹੋਸਕਦਾ ਹੈ, ਇਸਦੇ ਬਿਨਾ ਗੁਰੂ (ਸ੍ਰੀਗੁਰੂ ਨਾਨਕ ਦੇਵ) ਦਾ ਗੁਰੂ ਭੀ ਅਕਾਲਪੁਰਖੁ ਹੀ ਹੈ ਸਬੂਤ ਲਈ ਦੇਖੋ ਰਾਗੁ ਸੋਰਠਿ ਮਹਲਾ ੧ ਸਬਦ ੧੧ "ਸਰਬਜੀਆ ਸਿਰਿਲੇਖੁ ਧੁਰਾਹੂ" ਦੀ ਅੰਤਮ ਤੁਕ ॥ ਅਤੇ **ਗੁਰ** ਪਦ ਅਕਾਲਪੁਰਖ ਲਖਾਇਕ ਅਗੇਹੀ ਸਾਬਤ ਹੋ ਚੁਕਾ ਹੈ ॥

ਗਲ ਕੀ ਉਤੇ ਦਸੇ ਸਭੇ ਪਦ ਅਕਾਲਪੁਰਖ ਬੋਧਕ ਹਨ ॥

ਰਾਗੁ ਗਉੜੀ ਮਹਲਾ੫ ਸਬਦ ੧੩੦

ਸਫਾ ੫੯੨/੧੭੦ ਸ੍ਰੀਗੁਰੂ:

(ੜ) (੧) **ਗੁਰ** ਕਾ ਸਬਦੁ ਰਾਖੁ ਮਨ ਮਾਹਿ ॥
(੨) ਨਾਮੁ ਸਿਮਰਿ ਚਿੰਤਾ ਸਭ ਜਾਹਿ ॥ ੧ ॥
(੩) ਬਿਨੁ ਭਗਵੰਤ ਨਾਹੀ ਅਨ ਕੋਇ ॥
(੪) ਮਾਰੈ ਰਾਖੈ ਏਕੋ ਸੋਇ ॥ ੧ ॥ ਰਹਾਉ ॥
(੫) **ਗੁਰ** ਕੇ ਚਰਣ ਰਿਦੇ ਉਰਿ ਧਾਰਿ ॥
(੬) ਅਗਨਿਸਾਗਰੁ ਜਪਿ ਉਤਰਹਿ ਪਾਰਿ ॥ ੨ ॥
(੭) **ਗੁਰਮੂਰਤਿ** ਸਿਉ ਲਾਇ ਧਿਆਨੁ ॥
(੮) ਈਹਾਂ ਊਹਾਂ ਪਾਵਹਿ ਮਾਨੁ ॥ ੩ ॥
(੯) ਸਗਲ ਤਿਆਗਿ ਗੁਰਸਰਣੀ ਆਇਆ ॥
(੧੦) ਮਿਟੇ ਅੰਦੇਸੇ ਨਾਨਕ ਸੁਖੁ ਪਾਇਆ ॥ ੪ ॥

ਭਾਵ

(੧) ਗੁਰ ਅਕਾਲਪੁਰਖ ਦਾ ਸਬਦ (ਨਾਮ) ਮਨ ਵਿਚ ਧਾਰਨ ਕਰੋ ॥

(੨) ਕਿਉਂਕਿ **ਨਾਮ** ਜਪਨ ਕਰਕੇ ਸਭ ਚਿੰਤਾ ਚਲੀ ਜਾਂਦੀਹੈ।

(੩) ਕਾਰਨ ਏਹ ਹੈ ਕਿ ਅਕਾਲਪੁਰਖ ਤੋਂ ਬਿਨਾਂ ਹੋਰ ਕਾਈ ਨਹੀ

(੪) ਓਹ ਇੱਕ ਅਕਾਲਪੁਰਖ ਹੀ ਸਭ ਨੂੰ ਮਾਰਦਾ ਤੇ ਰਖਦਾ ਹੈ

(੫) ਯਾਂਤੇ ਉਸ **ਗੁਰ** (ਅਕਾਲਪੁਰਖ) ਦੇ ਚਰਣ ਹਿਰਦੇ ਵਿਚ ਧਾਰਨ ਕਰੋ, ਭਾਵ ਉਸ ਪਰ ਪੂਰਨ ਭਰੋਸਾ ਕਰੋ ॥

(੬) ਸੰਸਾਰ ਰੂਪੀ ਜੋ ਅਗਨਸਾਗਰ ਹੈ ਉਸ ਤੋਂ ਪਾਰ ਹੋਣ ਲਈ **ਨਾਮ** ਜਪੋ।

(੭) ਗੁਰ ਮੂਰਤਿ (ਅਕਾਲਮੂਰਤੀ) ਜੋ ਕਿ ਮੂਲਮੰਤ੍ਰ—

("੧ ੳ ਸਤਿਨਾਮੁ, ਕਰਤਾ, ਪੁਰਖੁ, ਨਿਰਭਉ, ਨਿਰਵੈਰੁ, ਅਕਾਲ, ਮੂਰਤਿ, ਅਜੂਨੀ, ਸੈਭੰ, ਗੁਰ, ਪ੍ਰਸਾਦਿ") ਵਿਚ ਵਰਣਨ ਕੀਤੀ ਗਈ ਹੈ ਉਸ ਅਬਨਾਸ਼ੀ ਮੂਰਤੀ ਨਾਲ਼ ਧਿਆਨ ਲਾਵੇ ॥

ਨੋਟ

ਜੋ ਪ੍ਰੇਮੀ **ਗੁਰਮੂਰਤਿ** ਦੇ ਅਰਥ ਸਾਕਾਰੀ ਮੂਰਤ ਕਰਦੇ ਹਨ ਓਹ ਉਕੇ ਗੁਰਮਤਿ ਤੋਂ ਅਗਜਾਤ ਹਨ ਕਿਉ ਜੋ ਜੋ ਆਕਾਰ ਸਹਿਤ ਮੂਰਤ ਹੋਵੇਗੀ ਓਹ ਜਰੂਰ ਜੂਨੀ ਵਿਚ ਆਵੇਗੀ ਤੇ ਅੰਤ ਨੂੰ ਉਸਦਾ ਵਿਨਾਸ਼ ਭੀ ਜਰੂਰ ਹੋਵੇਗਾ। ਇਸੇਲਈ ਗੁਰੂ ਵਾਕ ਹੈ ਕਿ **"ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ"** ਸ੍ਰੀਗੁਰੂ

ਪੁਨਾਃ— (ਦਸਮਗੁਰੂ)

ਸੋ ਕਿਮ ਮਾਨਸ ਰੂਪ ਕਹਾਏ ॥
ਸਿੱਧ ਸਮਾਧਿ ਸਾਧ ਕਰ ਹਾਰੇ ਕਿਉਹੂੰ ਨ ਦੇਖਨ ਪਾਏ ॥

ਆਦਿ, ਬੇਅੰਤ ਸਬਦ ਗੁਰੂ ਜੀਦੀ ਬਾਣੀ ਵਿਚ ਹਨ ਜੋ ਸਾਕਾਰੀ ਰਬ ਦੇ ਮੰਨਨ ਨੂੰ ਖੰਡਨ ਕਰਦੇ ਹਨ। ਯਾਂਤੇ ਅਕਾਲੀ ਮੂਰਤ ਓਹੀ ਹੈ ਜੋ **ਮੂਲ ਮੰਤ** ਵਿਚ ਦੱਸੀ ਗਈ ਹੈ, ਤੁਕਾਂ ਦੇ ਅਰਥ ਸਾਧਾਰਨ ਹਨ, ਵਿਸਥਾਰ ਦੀ ਲੋੜ ਨਹੀ॥

ਸੂਚਨਾ—ਉਤਲੇ ਸਬਦ ਵਿਚ **ਗੁਰ** ਸਬਦ ਅਕਾਲ ਵਾਚਕ ਹੈ

ਗਉੜੀ ਮਹਲਾ ੩ ਅਸਟਪਦੀ ੬

ਸਫਾ $\frac{੨੩੨}{੨੦੬}$ ਸ੍ਰੀਗੁਰੂਃ

(ਸ਼) ਅੰਧੇ ਗੁਰੂ ਤੇ ਭਰਮੁ ਨ ਜਾਈ।

ਮੂਲੁ ਛੋਡਿ ਲਾਗੇ ਦੂਜੈਭਾਈ ।
ਬਿਖੁ ਕਾ ਮਾਤਾ ਬਿਖੁ ਮਾਹਿ ਸਮਾਈ।

ਭਾਵ

ਅਗਯਾਨੀ ਗੁਰੂ ਤੋਂ ਭਰਮ ਨਹੀਂ ਜਾਂਦਾ ਇਸ ਕਰਕੇ ਮੂਲ (ਅਕਾਲ ਪੁਰਖੁ) ਨੂੰ ਛਡਕੇ ਦੂਜੈਭਾਈ (ਦੇਵੀ ਦੇਵਤਿਆਂ) ਵਲ ਲਗਦੇ ਹਨ ।

ਸੂਚਨਾ-ਐਥੇ ਭੀ ਗੁਰੂ ਪਦ ਅੰਧਕਾਰ ਨਾਸੀ ਯਾ ਰਸਤਾ ਦਸਨ ਵਾਲੇ ਦਾ ਵਾਚਕ ਹੈ ।

ਸੁਖਮਨੀ ਅਸਟਪਦੀ ੧੮

ਸਫਾ $\frac{੨੮੬}{੨੫੫}$ ਸ੍ਰੀਗੁਰੂਃ

(ਜ਼) ਸਤਿਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਦਾ ਨਾਉ । ਤਿਸਕੈ ਸੰਗਿ ਸਿਖੁ ਉਧਰੈ ਨਾਨਕ ਹਰਿਗੁਣ ਗਾਉ।

ਭਾਵ-ਜਿਸਨੇ ਅਕਾਲਪੁਰਖ ਨੂੰ ਜਾਣਿਆ ਉਸਦਾ ਨਾਉਂ ਸਤਿਗੁਰੁ ਹੈ ਉਸਦੇ ਨਾਲ ਸੰਗਤ ਕਰਨੇ ਕਰਕੇ ਸਿਖ ਉਧਰ-ਜਾਂਦਾ ਹੈ ਯਾਂਤੇ ਸਿਖਾਂ ਦਾ ਫਰਜ਼ ਹੈ ਜੋ ਹਰਿਗੁਣ (ਅਕਾਲਪੁਰਖ ਦੇ ਗੁਣਾਂ)ਨੂੰ ਗਾਵੇਂ।

ਉਤਲੇ ਸ਼ਬਦਾਂ ਵਿਚ ਸਤਿਗੁਰੁ ਪਦ ਦਸਾਂਗੁਰਾਂ ਦਾ ਬੋਧਕ ਹੈ॥

ਜਰੂਰੀ ਨੋਟ

(੮) ਬਾਜੇ ਗਯਾਨੀ ਇਸ ਸਬਦ ਦੇ ਅਰਥਾਂ ਦੇ ਹਵਾਲੇ ਮਾੜੇ ਮੋਟੇ ਸੁਮਾਰਗੀ ਪੁਰਸ਼ ਨੂੰ ਸਤਿਗੁਰੁ ਦੀ ਪਦਵੀ ਦੇ ਦਿੰਦੇ ਹਨ, ਜੋ ਉਨ੍ਹਾਂ ਦੀ ਭੁਲ ਹੈ, ਕਿਉਂਕਿ ਸਭਤੋਂ ਅਗੇ ਸ੍ਰੀਗੁਰੂ ਨਾਨਕ

ਦੇਵ ਜੀ ਨੇ ਸਤਿਪੁਰਖੁ (ਅਕਾਲਪੁਰਖੁ) ਨੂੰ ਜਾਣਿਆ ਹੈ, ਅਤੇ ਸ੍ਰੀਗੁਰੂ ਨਾਨਕ ਦੇਵ ਜੀ ਤੋਂ ਲੈਕੇ ਦਸਮ ਗੁਰੂ ਜੀ ਤਕ "ਜੋਤ ਓਹਾ **ਜੁਗਤਿ ਸਾਇ, ਸਹਿ ਕਾਇਆਂ ਫੇਰ ਪਲਟੀਐ"** ਅਨੁਸਾਰ ਸਾਰੇ ਗੁਰੂ ਇਕੋ ਆਤਮਕਜੋਤੀ ਸਨ ਯਾਂਤੇ ਉਤਲੇ ਪ੍ਰਮਾਣ ਅਨੁਸਾਰ ਦਸਾਂ ਗੁਰਾਂ ਤੋਂ ਬਿਨਾਂ ਹੋਰਸ ਪੁਰਸ਼(ਭਾਂਵੇ ਓਹ ਕਿਤਨਾਂਹੀ ਸ੍ਰੇਸ੍ਟ ਤੇ ਸੁਮਾਰਗੀ ਹੋਵੇ) **ਸਤਿਗੁਰ** ਖਤ੍ਾਬ ਦਾ ਅਧਕਾਰੀ ਨਹੀ ਹੈ॥

ਪੁਨਾਃ—

ਗਉੜੀ ਦੀ ਵਾਰ ਮਹਲਾ ੪ ਪਉੜੀ ੧੧

ਸਲੋਕ ਮਃ ੪ ਸਫਾ $\frac{੩੦੫}{੨੭੨}$ ਸ੍ਰੀਗੁਰੂਃ

(ੳ/ੳ) ਗੁਰ ਸਤਿਗੁਰ ਕਾ ਜੋ ਸਿਖੁ ਅਖਾਏ,
ਸੁ ਭਲਕੇ ਉਠਿ ਹਰਿਨਾਮੁ ਧਿਆਵੈ ॥

ਭਾਵ--ਜੋ ਪੁਰਖ **ਗੁਰ** ਸਤਿਗੁਰ (ਅਕਾਲਪੁਰਖੁ) ਦਾ ਸਿਖ (ਬੰਦਾ) ਅਖਾਵੇ, ਓਹ ਅੰਮ੍ਰਤ ਵੇਲੇ ਸਾਵਧਾਨ ਹੋਕੇ ਨਾਮੁ ਜਪੇ।

ਪੁਨਾਃ—

ਉਪਦੇਸ **ਗੁਰੂ** ਹਰਿ ਹਰਿ ਜਪੁ ਜਾਪੈ ।

ਭਾਵ—ਜੋ ਗੁਰੂ (ਦਸਾਂ ਗੁਰਾਂ ਦਾ) ਉਪਦੇਸ ਹਰਿ ਹਰਿ (ਜੋ ਹਰੇ ਕਰਨੇ ਵਾਲਾ ਹਰੀ ਹੈ) ਉਸਦਾ ਨਾਮ ਜਪੇ ਭਾਵ ਨਾਮ ਅਭ੍ਯਾਸ ਕਰੇ । ਪੁਨਾਃ—

ਫਿਰਿ ਚੜੈ ਦਿਵਸੁ **ਗੁਰਬਾਣੀ** ਗਾਵੈ ।

ਭਾਵ

ਦਿਨ ਚੜਨ ਪਰ ਗੁਰਬਾਣੀ (ਅਕਾਲੀਬਾਣੀ) ਉਚਾਰੇ (ਪੜੇ)।

ਪੁਨਾਃ--

ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ,

ਸੋ **ਗੁਰਸਿਖੁ ਗੁਰੂ** ਮਨਿ ਭਾਵੈ ।

ਭਾਵ--ਜੋ ਗੁਰਸਿਖ (ਖਾਲਸਾ ਭਾਈ) ਸ੍ਵਾਸ ਸ੍ਵਾਸ ਜਾਪ ਜਪਦਾ ਹੈ

ਓਹ **ਗੁਰਸਿਖੁ** (ਅਕਾਲਪੁਰਖ ਦਾ ਸਿਖ) **ਗੁਰੂ** (ਦਸਾਂ ਗੁਰਾਂ) ਦੇ ਮਨ ਪਸਿੰਦ ਹੈ ।

ਸੂਚਨਾ--ਇਸ ਸਬਦ ਵਿਚ **ਗੁਰੂ** ਪਦ ਦਸਾਂ ਗੁਰਾਂ ਦਾ ਬੋਧਕ ਹੈ, ਅਤੇ **ਗੁਰ** ਪਦ ਅਕਾਲਪੁਰਖੁ ਬੋਧਕ ਹੈ ਕਿਉਂਕਿ **ਗੁਰੂ** ਜੀ ਨੇ "**ਖਾਲਸਾ ਪੰਥ**" ਅਕਾਲਪੁਰਖ ਦਾ ਪੰਥ ਬਨਾਯਾ ਹੈ ।

ਰਾਗੁ ਆਸਾ ਮਹਲਾ ੫ ਸਬਦ ੧੭

ਸਫਾ ੩੭੫/੩੩੪ ਸ੍ਰੀਗੁਰੂ:

(ਅ/ਅ) ਗੁਰੁ ਨਾਨਕੁ ਤੁਠਾ ਮਿਲਿਆ ਹਰਿਰਾਇ ।
ਸੁਖਿ ਰੈਣਿ ਵਿਹਾਣੀ ਸਹਿਜਸੁਭਾਇ ।

ਭਾਵ—ਸ੍ਰੀਗੁਰੂ ਨਾਨਕ ਜੀ ਨੇ ਕ੍ਰਿਪਾ ਕਰਕੇ ਸਚਾ ਉਪਦੇਸ ਦਿਤਾ ਤਿਸ ਕਰਕੇ ਹਰਿ ਰਾਇ (ਅਕਾਲਪੁਰਖੁ) ਮਿਲ ਗਿਆ ਅਤੇ ਸੁਖਾਲ ਨਾਲ ਰੈਣ ਮੁਕ ਗਈ ਭਾਵ ਅਗਜਾਨ ਦੂਰ ਹੋਗਿਆ।

ਸੂਚਨਾ--ਐਥੇ ਗੁਰੁ (ਗੁਰੂ) ਪਦ ਦਸਾਂ ਗੁਰਾਂ ਦਾ ਬੋਧਕਹੈ।

ਆਸਾ ਦੀ ਵਾਰ ਮਹਲਾ ੧ ਪਉੜੀ ੧

ਸਫਾ ੪੬੨/੪੧੨ ਸ੍ਰੀਗੁਰੂ:

(ੲ/ੲ) (੧) ਬਲਿਹਾਰੀ **ਗੁਰ** ਆਪਣੇ,ਦਿਉਹਾੜੀ ਸਦਵਾਰ।

ਜਿਨਿ ਮਾਣਸ ਤੇ ਦੇਵਤੇ ਕੀਏ, ਕਰਤ ਨ ਲਾਗੀ ਵਾਰ ॥

ਮਹਲਾ ੨

(੨) ਜੇ ਸਉ ਚੰਦਾ ਉਗਵਹਿ, ਸੂਰਜ ਚੜਹਿ ਹਜਾਰ ।
ਏਤੇ ਚਾਨਣ ਹੋਦਿਆਂ, ਗੁਰ ਬਿਨੁ ਘੋਰਅੰਧਾਰ ।

ਮਹਲਾ ੧

(੩) ਨਾਨਕ ਗੁਰੂ ਨ ਚੇਤਨੀ ਮਨਿ ਆਪਣੈਂ ਸੁਚੇਤ ।
ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ ।

ਭਾਵ

(੧) ਸ੍ਰੀਗੁਰੂ ਨਾਨਕ ਦੇਵ ਜੀ ਉਚਾਰਦੇ ਹਨ, ਕਿ "ਮੈਂ ਅਪਨੇ ਗੁਰ (ਅਕਾਲ ਪੁਰਖੁ) ਦੇ ਬਲਿਹਾਰਨੇ ਹਾਂ, ਬਲਕੇ ਨਿਤ-ਪ੍ਰਤੀ ਸੌਵਾਰ (ਸੈਂਕੜੇਵਾਰ) ਬਲਿਹਾਰਨੇ ਹਾਂ ਕਿਉਂਕਿ ਉਸ ਮੇਰੇ ਗੁਰ (ਅਕਾਲਪੁਰਖੁ) ਨੇ ਮਾਨਸ (ਪੁਰਸ਼) ਅਤੇ ਦੇਵਤੇ ਬਨਾਏ ਹਨ ਜਿਨਾਂ ਦੇ ਸਾਜਨ ਵਿਚ ਰੰਚਕ ਭੀ ਚਿਰ ਨਹੀਂ ਲੱਗਿਆ"।

ਪੁਨਾਃ—ਉਸ ਮੇਰੇ ਗੁਰ (ਅਕਾਲਪੁਰਖੁ) ਨੇ ਆਦਮੀ ਤੋਂ ਦੇਵਤੇ ਬਨਾਨ ਵਿਚ ਰੰਚਕ ਦੇਰ ਨਹੀ ਕੀਤੀ ॥

(੨) ਜੇਕਰ ਹਜਾਰ ਸੂਰਜ ਤੇ ਸੌਚੰਦ ਰੋਸ਼ਨੀ (ਪ੍ਰਕਾਸ਼ ਕਰਣ ਤਦ ਇਤਨੇ ਚਾਨਣ ਦੇ ਹੁੰਦਿਆਂ, ਗੁਰ (ਅਕਾਲਪੁਰਖ) ਉਤੇ ਪੂਰਨ ਨਿਸਚਾ ਕੀਤੇ ਬਿਨਾਂ ਉਕਾ ਹੀ ਅੰਧੇਰਘੁਪ ਹੁੰਦਾ ਹੈ, ਅਰ-ਥਾਤ ਨਿਰਾਪੁਰਾ ਅਗਜਾਨ ਹੀ ਅਗਜਾਨ ਹੁੰਦਾ ਹੈ ॥

(੩) ਸ੍ਰੀਗੁਰੂ ਨਾਨਕ ਜੀ ਫੁਰਮਾਉਂਦੇ ਹਨ, ਕਿ ਜਿਸ ਪੁਰਸ਼ ਨੇ ਗੁਰੂ (ਦਸਾਂਗੁਰਾਂ) ਨੂੰ ਭਾਵ ਉਨਾਂ ਦੀ ਬਾਣੀ ਪਰ ਵਿਚਾਰ ਕਰਕੇ ਚਿੰਤਨ ਨਹੀ ਕੀਤਾ, ਅਤੇ ਉਸ ਤੋਂ ਬੇਮੁਖ ਹੋਕੇ ਆਪਣੇ ਆਪੇ ਵਿਚ ਸੁਚੇਤ ਬਨ ਬੈਠਾ ਹੈ, ਓਹ ਪੁਰਸ਼ ਸੰਸਾਰ ਰੂਪੀ ਖੇਤ ਵਿਚ ਬੂਆੜ ਬੂਟੇ (ਅੱਫਲ ਬੂਟੇ) ਵਤ ਸੁੰਞਾਹੀ ਛਡਿਆ ਜਾਵੇਗਾ ॥

ਸੂਚਨਾ--ਇਸ ਉਤਲੇ ਸਬਦ ਵਿਚ **ਗੁਰ** ਪਦ ਅਕਾਲ ਬੋਧਕ ਹੈ ਔਰ **ਗੁਰੂ** ਪਦ ਦਸਾਂ ਗੁਰਾਂ ਦਾ ਬੋਧਕ ਹੈ॥

ਆਸਾ ਦੀ ਵਾਰ ਪਉੜੀ ੧੦

ਸਫਾ ੪੬੮/੪੧੭ ਸ੍ਰੀਗੁਰੂ:

(ਸ/ਸ) ਸਚੁ ਤਾਂ ਪਰੁ ਜਾਣੀਐ, ਜਾਂ ਆਤਮ ਤੀਰਥਿ ਕਰੇ ਨਿਵਾਸੁ।

ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸ।

ਭਾਵ--ਪੂਰਨ ਸਚ ਤਦ ਜਾਣਿਆਂ ਜਾਂਦਾ ਹੈ, ਜੇ ਆਤਮਕ ਤੀਰਥ ਵਿਖੇ ਅਚਲ ਹੋਕੇ ਅਸਨਾਨ ਕਰੇ। ਭਾਵ ਆਤਮ ਰਸ ਲਵੇ **ਸਤਿਗੁਰੂ** (ਦਸਾਂ ਗੁਰਾਂ ਦੀ ਅਕਾਲੀ ਬਾਣੀ) ਨੂੰ ਪੁਛ ਕੇ ਬੈਹ-ਰਹੇ ਅਰਥਾਤ ਸਥਿਰ ਹੋਕੇ ਨਿਵਾਸ ਕਰੇ ਭਾਵ ਸਭ ਇੰਦ੍ਰੀਆਂ ਨੂੰ ਧਾਵਨ ਤੋਂ ਰੋਕੇ।

ਸੂਚਨਾ-ਇਸ ਸਬਦ ਵਿਚ **ਸਤਿਗੁਰੂ** ਪਦ ਦਸਾਂ ਗੁਰਾਂ ਦਾ ਬੋਧਕ ਹੈ

ਆਸਾ ਮਹਲਾ ੫ ਸਬਦ ੫੮

ਸਫਾ ੩੯੫/੩੪੩ ਸ੍ਰੀਗੁਰੂ:

(ਹ/ਹ) ਸਾਧਸੰਗਿ ਹਰਿ ਕੀਰਤਨ ਗਾਈਐ।

ਏਹੁ ਅਸਥਾਨੁ **ਗੁਰੂ** ਤੇ ਪਾਈਐ।

ਭਾਵ—ਸਾਧਸੰਗਤ ਵਿਚ ਹਰਕੀਰਤਨ ਗਾਇਨ ਕਰੀਏ ਪਰ ਇਹ ਅਵਸਥਾ **ਗੁਰੂ** ਜੀ ਤੋਂ ਪ੍ਰਾਪਤ ਹੁੰਦੀ ਹੈ।

ਸੂਚਨਾ--ਇਸ ਸਬਦ ਵਿਚ **ਗੁਰੂ** ਪਦ ਦਸਾਂ ਗੁਰਾਂ ਦਾ ਬੋਧਕ ਹੈ

ਰਾਗੁ ਆਸਾ ਮਹਲਾ ੪ ਛੰਤ ੨੯ ਪਉੜੀ ੮

ਸਫਾ $\frac{੪੪੪}{੩੯੫}$ ਸ੍ਰੀਗੁਰੂਃ

(ਕ/ਕ) ਗੁਰੂ ਸਿਖੁ, ਸਿਖੁ ਗੁਰੂ ਹੈ ਏਕੋ ਗੁਰਉਪਦੇਸ ਚਲਾਏ।

ਭਾਵ--ਗੁਰੂ ਤੇ ਸਿਖ ਇਕ ਹੈ ਏਹ ਰਲ ਮਿਲਕੇ ਅਕਾਲੀ ਬਾਣੀ ਦਾ ਉਪਦੇਸ ਚਲੌਂਦੇ ਹਨ।

ਸੂਚਨਾ--ਇਥੇ ਗੁਰੂ ਪਦ ਦਸਾਂ ਗੁਰਾਂ ਦਾ ਬੋਧਕ ਹੈ।

ਆਸਾ ਮਹਲਾ ੪ ਛੰਤ ੧

ਪਉੜੀ ੧ ਸਫਾ $\frac{੪੫੧}{੪੦੨}$ ਸ੍ਰੀਗੁਰੂਃ

(ਖ/ਖ) (੧) ਮੇਰੇ ਮਨ ਪਰਦੇਸੀ ਵੇ ਪਿਆਰੇ ਆਉ ਘਰੇ ॥

ਹਰਿ ਗੁਰੂ ਮਿਲਾਵਉ ਮੇਰੇ ਪਿਆਰੇ ਘਰਿਵਸੈ ਹਰੇ।

ਰੰਗਿਰਲੀਆ ਮਾਣਹੁ ਮੇਰੇ ਪਿਆਰੇ, ਹਰਿ ਕਿਰਪਾ ਕਰੇ।

ਗੁਰੁ ਨਾਨਕੁ ਤੁਠਾ ਮੇਰੇ ਪਿਆਰੇ, ਮੇਲੇ ਹਰੇ ॥

ਭਾਵ-- (੧) ਹੇ ਮੇਰੇ ਪਜਾਰੇ ਮਨ ਘਰ ਆਓ, ਭਾਵ ਬਾਹਜ ਬ੍ਰਿਤੀਆਂ ਦਾ ਤਜਾਗ ਕਰ ॥

(੨) ਹੇ ਮੇਰੇ ਗੁਰੂ ਪਜਾਰੇ! ਹਰਿ ਜੀ ਨੂੰ ਮਿਲਾ ਦੇਵੋ।

(੪) ਚੌਥੇ ਪਾਤਸ਼ਾਹ ਜੀ ਫਰਮਾਉਂਦੇ ਹਨ।
ਗੁਰੁ (ਗੁਰੂ) ਭਾਵ ਸ੍ਰੀਗੁਰੂ ਅਮਰਦੇਵ ਜੀਨੇ ਕ੍ਰਿਪਾ ਕੀਤੀ ਤਦੇ ਹਰਿ ਜੀ ਮਿਲ ਗਏ ॥

ਸੂਚਨਾ--ਇਸ ਸਬਦ ਵਿਚ ਗੁਰੂ ਤੇ ਗੁਰੁ ਦੋਨੋਂ ਪਦ ਦਸੋਂ ਗੁਰਾਂ ਦੇ ਬੋਧਕ ਹਨ॥

ਗੂਜਰੀ ਮਹਲਾ ੧ ਅਸਟਪਦੀ ੪

ਪਉੜੀ ੪ ਸਫਾ ੫੦੫/੪੫੦ ਸ੍ਰੀਗੁਰੂ:

(ਗੂ/ਗ) (੧) ਐਸੀ ਗੁਰ ਕੀ ਦਾਤਿ ਨ ਮੇਟੈ ਕੋਈ,
ਮੇਰੈ ਠਾਕੁਰਿ ਆਪਿ ਦਿਵਾਈ ।
(੨) ਨਿੰਦਕ ਨਰ ਕਾਲੇਮੁਖ ਨਿੰਦਾ,
ਜਿਨ ਗੁਰ ਕੀ ਦਾਤਿ ਨ ਭਾਈ ॥

ਪਉੜੀ ੫

(੩) ਐਸੀ ਸਰਣਿ ਪਰੇ ਪ੍ਰਭੁ ਬਖਸਿ ਮਿਲਾਵੈ,
ਬਿਲਮ ਨ ਅਧੂਆ ਰਾਈ ।
(੪) ਆਨਦਮੂਲੁ ਨਾਥੁ ਸਿਰਨਾਥਾਂ,
ਸਤਿਗੁਰੁ ਮੇਲਿ ਮਿਲਾਈ ।

ਭਾਵ

(੧) ਗੁਰ (ਅਕਾਲਪੁਰਖੁ) ਦੀ ਬਖਸਸ ਕੋਈ ਹਟਾ ਨਹੀਂ ਸਕਦਾ, ਏਹ ਦ੍ਰਿੜਤਾ ਮੇਰੇ ਠਾਕੁਰ(ਮਾਲਕ)ਨੇ ਕਰਾ ਦਿਤੀਹੈ।

(੨) ਜਿਨ੍ਹਾਂ ਨੂੰ ਗੁਰ (ਅਕਾਲਪੁਰਖੁ) ਦੀ ਦਾਤ ਚੰਗੀ ਨਹੀਂ-ਲਗਦੀ ਓਹ ਪੁਰਸ਼ ਕਾਲੇਮੁਖੀ-ਨਿੰਦਕ ਹਨ।

(੩) ਐਸਜਨੋ ! ਜੋ ਪ੍ਰਾਣੀ ਪ੍ਰਭ ਦੀ ਸਰਣ ਪੜੇ ਹਨ ਓਹ ਬਖਸਕੇ ਮਿਲਾ ਲਿਤੇ ਹਨ ਰੰਚਕ ਢਿੱਲ ਨਹੀਂ ਕੀਤੀ ॥

(੪) ਏਹ ਸਭ ਸਤਿਗੁਰੂ (ਦਸਾਂਗੁਰਾਂ) ਦੀ ਕ੍ਰਿਪਾ ਹੈ ਜਿਨਾਂ ਨੇ ਉਸ ਆਨੰਦਮੂਲ (ਅਕਾਲਪੁਰਖ) ਨਾਲ ਮੇਲ ਮਿਲਾ ਦਿਤਾ ਹੈ।

ਸੂਚਨਾ—ਇਸ ਸਬਦ ਵਿਚ ਗੁਰ ਪਦ ਅਕਾਲਪੁਰਖੁ ਬੋਧਕ ਹੈ। ਅਤੇ ਸਤਿਗੁਰੂ ਪਦ ਦਸਾਂ ਗੁਰਾਂ ਦਾ ਬੋਧਕ ਹੈ ॥

ਗੂਜਰੀ ਵਾਰ ਮਹਲਾ ੩ ਪਉੜੀ ੧੧

ਸਫਾ $\frac{੫੧੩}{੪੫੭}$ ਸ੍ਰੀਗੁਰੂ:

($\frac{ਘ}{ਘ}$) ਬਾਝੁ ਗੁਰੂ ਫਿਰੈ ਬਿਲਲਾਦੀ ਦੂਜੈਭਾਇ ਖੁਆਏ।

ਭਾਵ--ਗੁਰੂ (ਦਸਾਂ ਗੁਰਾਂ) ਬਿਨਾਂ ਜੀਵ ਬੇਮੁਖ ਹੋਕੇ ਭਟਕਦੇ ਫਿਰਦੇ ਹਨ ।

ਸੂਚਨਾ–ਐਥੇ **ਗੁਰੂ** ਪਦ **ਦਸਾਂ ਗੁਰਾਂ** ਦਾ ਬੋਧਕ ਹੈ।

ਗੂਜਰੀ ਵਾਰ ਮਹਲਾ ੫ ਪਉੜੀ ੧

ਸਫਾ $\frac{੫੧੭}{੪੬੧}$ ਸ੍ਰੀਗੁਰੂ:

($\frac{ਙ}{ਙ}$) (੧) ਅੰਤਰਿ **ਗੁਰੂ** ਆਰਾਧਨਾ,

ਜਿਹਵਾ ਜਪਿ **ਗੁਰਨਾਉ**।

(੨) ਨੇਤ੍ਰੀ ਸਤਿਗੁਰੁ ਪੇਖਣਾ,

ਸ੍ਰਵਣੀ ਸੁਨਣਾ **ਗੁਰਨਾਉ**।

(੩) **ਸਤਿਗੁਰ** ਸੇਤੀ ਰਤਿਆਂ,

ਦਰਗਹ ਪਾਈਐ ਠਾਉ ।

ਭਾਵ-(੧) ਚਿਤ ਵਿਚ ਗੁਰੂ (ਦਸਾਂਗੁਰਾਂ) ਦਾ ਮਨਨ ਕਰੋ॥

ਜਿਹਵਾ ਦ੍ਵਾਰਾ ਗੁਰਨਾਉ(ਅਕਾਲੀ ਨਾਮੁ)ਭਾਵ ਨਾਮ ਜਪੋ।

(੨) ਨੇਤ੍ਰਾਂ ਨਾਲ **ਸਤਿਗੁਰੂ** ਜੀਦੇ ਦੀਦਾਰੇ ਕਰੋ ਭਾਵ ਸਤਿਸੰਗਤ ਵਿਚ ਜਾਵੋ।

ਕੰਨਾਂ ਨਾਲ **ਗੁਰਨਾਉ** (ਅਕਾਲੀਨਾਮ) ਸੁਣੋ।

(੩)ਜੋ ਪ੍ਰਾਣੀ ਸਤਿਗੁਰ(ਅਕਾਲਪੁਰਖੁ)ਨਾਲ ਰਤੇ ਹੋਏ ਹਨ

ਓਹ ਦਰਗਹਿ (ਸਚਖੰਡ) ਵਿਚ ਨਿਵਾਸਤਾ ਪ੍ਰਾਪਤ ਕਰਨ ਗੇ।

ਸੂਚਨਾ-ਇਸ ਸਬਦ ਵਿਚ ਸਤਿਗੁਰੁ ਪਦ (ਦਸਾਂ ਗੁਰਾਂ)ਦਾ ਬੋਧਕ ਹੈ ਅਤੇ **ਸਤਿਗੁਰ** ਅਤੇ **ਗੁਰ** ਪਦ ਅਕਾਲ ਬੋਧਕ ਹਨ।

ਵਡਹੰਸ ਦੀ ਵਾਰ ਮਹਲਾ ੪

ਪਉੜੀ ੨੧ ਸਫਾ $\frac{੫੯੪}{੫੨੮}$ ਸ੍ਰੀਗੁਰੂਃ

(ਚ/ਚ) **ਸਤਿਗੁਰੂ** ਨ ਸੇਵਿਓ ਮੂਰਖ ਅੰਧ ਗਵਾਰਿ।
ਦੂਜੈਭਾਇ ਬਹੁਤ ਦੁਖੁ ਲਾਗਾ, ਜਲਤਾ ਕਰੇ ਪੁਕਾਰ।
ਜਿਨ ਕਾਰਣਿ **ਗੁਰੂ** ਵਿਸਾਰਿਆ,ਸੇ ਨ ਉਪਕਰੇ ਅੰਤੀਵਾਰ।
ਨਾਨਕ **ਗੁਰਮਤੀ** ਸੁਖੁ ਪਾਇਆ, ਬਖਸੇ ਬਖਸਨ ਹਾਰ।

ਸੂਚਨਾ--ਇਸ ਸਬਦ ਵਿਚ **ਸਤਿਗੁਰੂ** ਤੇ **ਗੁਰੂ** ਪਦ ਦਸਾਂ ਗੁਰਾਂ ਦੇ ਬੋਧਕ ਹਨ ॥

ਸੋਰਠਿ ਮਹਲਾ ੩ ਸਬਦ ੬

ਸਫਾ $\frac{੬੦੧}{੫੩੪}$ ਸ੍ਰੀਗੁਰੂਃ

(ਛ/ਛ) (੧) ਸੋ ਸਿਖੁ ਸਖਾ ਬੰਧਪੁ ਹੈ ਭਾਈ,
ਜੇ ਗੁਰਕੇ ਭਾਣੇ ਵਿਚ ਆਵੈ ॥
(੨) ਆਪਣੈ ਭਾਣੈ ਜੋ ਚਲੈ ਭਾਈ,
ਵਿਛੁੜਿ ਚੋਟਾਂ ਖਾਵੈ ॥
(੩) ਬਿਨੁ **ਸਤਿਗੁਰ** ਸੁਖ ਕਦੇ ਨਾਂ ਪਾਵੈ ਭਾਈ
ਫਿਰਿ ਫਿਰਿ ਪਛੋਤਾਵੈ ॥

ਭਾਵ-(੧) ਸਿਖਸਖਾ ਓਹੀ ਹੈ ਜੋ ਗੁਰ ਅਕਾਲੀ ਭਾਣੇ ਨੂੰ

ਪ੍ਰਵਾਨ ਕਰੇ ਭਾਵ ਰਬੀ—ਰਜ਼ਾ ਨੂੰ ਮੰਨੇ॥

(੨) ਪਰ ਜੋ ਆਪਣੀ ਮਨਮਤਿ ਮੂਜਬ ਤੁਰਦਾ ਹੈ ਓਹ ਅਕਾਲਪੁਰਖ ਤੋਂ ਵਿਛੜਕੇ ਦੁਖ ਪਾਉਂਦਾ ਹੈ ॥

(੩) ਕਿਉਂਕਿ ਬਿਨ **ਸਤਿਗੁਰ** (ਭਾਵ ਅਕਾਲਪੁਰਖ ਦੀ ਸਰਣ ਆਇ ਬਿਨਾਂ) ਕਦੇ ਸੁਖ ਨਹੀ ਹੁੰਦਾ ਸਗੋਂ ਪੁਨਃ ੨ ਪਸਚਾਤਾਪ ਕਰਦਾ ਹੈ ॥

ਜੈਤਸਰੀ ਵਾਰ ਮਹਲਾ ੫ ਪਉੜੀ੧੯

ਸਫਾ $\frac{੭੧੦}{੬੩੦}$ ਸ੍ਰੀਗੁਰੂਃ

(ਸੁ/ਜ) (੧) **ਗੁਰ** ਗੋਬਿੰਦ, ਗੋਪਾਲ, **ਗੁਰ**,

ਗੁਰ ਪੂਰਨ ਨਾਰਾਇਣਹ ॥

(੨) **ਗੁਰ** ਦਇਆਲ ਸਮਰਥ **ਗੁਰ**

ਗੁਰ ਨਾਨਕ ਪਤਿਤਉਧਾਰਣਹ ॥੧॥

(੩) ਭਉਜਲੁ ਬਿਖਮੁ ਅਸਗਾਹੁ

ਗੁਰਿਬੋਹਿਥੈ ਤਾਰਿਅਮੁ ॥

ਨਾਨਕ ਪੂਰਕਰੰਮ **ਸਤਿਗੁਰ**ਚਰਣੀ ਲਗਿਆ॥੨॥

ਭਾਵ

(੧) ਜਿਸਨੂੰ ਲੋਕੀ ਗੋਬਿੰਦ, ਗੋਪਾਲ, ਪੂਰਨ,--ਨਾਰਾਇਣ ਮੰਨਦੇ ਹਨ, ਉਸੇ ਨੂੰ ਅਸੀ **ਗੁਰ** ਪਦ ਨਾਲ ਸੰਬੋਧਨ ਕਰਦੇ ਹਾਂ।

ਸਬੂਤ ਲਈ ਦੇਖੋ ਮੂਲ ਮੰਤ੍ਰ ਵਿਚੋਂ **ਗੁਰ, ਪ੍ਰਸਾਦਿ**

(੨) (ਗੁਰੂ ਨਾਨਕ ਜੀ ਫੁਰਮਾਉਂਦੇ ਹਨ) ਕਿ ਜੋ ਦਇਆਲ, ਤੇ ਸਮਰਥੀ, ਅਤੇ ਪਤਿਤਉਧਾਰਨ ਹੈ, ਉਹ ਓਹੀ **ਗੁਰ**

(ਅਕਾਲਪੁਰਖੁ) ਹੈ।

(੩) ਭਉਜਲ ਬਿਖਮ ਅਸਗਾਹ (ਜੋ ਸੰਸਾਰ ਸਮੁੰਦ੍ਰ) ਹੈ ਉਸਨੂੰ ਜੋ ਨਾਮ (ਨਾਮ ਅਭਜਾਸੀ ਜਹਾਜ) ਦੁਆਰਾ ਤਾਰਦੇ ਹਨ, ਓਹ ਪੂਰਨ ਕਰਮਾਂ ਵਾਲੇ ਹਨ, ਜੋ **ਸਤਿਗੁਰ** (ਅਕਾਲਪੁਰਖੁ) ਦੇ ਚਰਨੀ ਲਗੇ ਹਨ ॥ ਪੁਨਾਃ--

(੧) ਸਾਡੇ ਦ੍ਰਿੜ ਵਿਸ੍ਵਾਸ ਵਿਚ **ਗੁਰ** ਹੀ ਗੋਬਿੰਦ ਹੈ,
ਅਤੇ **ਗੁਰ** ਹੀ ਗੋਪਾਲ ਹੈ,
ਅਤੇ ਪੂਰਨ, ਤੇ ਨਰਾਇਣ ਭੀ **ਗੁਰ** ਹੈ ।

(੨) ਪੁਨਃ **ਗੁਰ** ਹੀ ਦਿਆਲੁ ਹੈ, ਤੇ ਸਮਰਥ ਭੀ **ਗੁਰ** ਹੀ ਹੈ ਅਤੇ ਪਤਤਉਧਾਰਣ ਭੀ **ਗੁਰ** ਹੈ ।

(੩) ਤੀਜੀ ਤੁਕ ਦੇ ਅਰਥ ਉਤਲੇ ਹੀ ਸਮਝੋ ।

ਸੂਚਨਾ--ਇਸ ਸਬਦ ਵਿਚ **ਗੁਰ**, ਤੇ **ਸਤਿਗੁਰ** ਦੋਨੋਂ ਪਦ ਅਕਾਲ ਬੋਧਕ ਹਨ ।

ਬਿਲਾਵਲ ਮਹਲਾ ੧ ਅਸਟਪਦੀ ੨

ਸਫਾ ੮੩੨/੧੩੭ ਸ੍ਰੀਗੁਰੂਃ

(ਸ਼ਬ) (੧) ਧੋਤੀ ਊਜਲ ਤਿਲਕੁ ਗਲਿਮਾਲਾ ।
(੨) ਅੰਤਰਿ ਕ੍ਰੋਧੁ ਪੜਹਿ ਨਾਟਸਾਲਾ ।
(੩) ਨਾਮੁ ਵਿਸਾਰਿ ਮਾਇਆਮਦ ਪੀਆ ।
(੪) ਬਿਨੁ **ਗੁਰਭਗਤਿ** ਨਾਹੀ ਸੁਖੁ ਥੀਆ ।

ਭਾਵ-(੪) ਗੁਰਭਗਤਿ (ਅਕਾਲ ਭਗਤੀ)ਬਿਨਾਂ ਸੁਖ ਨਹੀਂ ਹੁੰਦਾ।

ਸੂਚਨਾ-ਐਥੇ **ਗੁਰ** ਪਦ ਅਕ਼ਾਲ ਬੋਧਕ ਹੈ ।

ਰਾਮਕਲੀ ਮਹਲਾ ੫ ਪਉੜੀ ੨

ਸਫਾ ੯੫੭/੮੪੬ ਸ੍ਰੀਗੁਰੂ:

(ੲ/ਵ) ਜੋ ਗੁਰ ਕੀ ਪੈਰੀ ਪਾਹਿ ਤਿਨੀ ਹਰਿਰਸੁ ਭੋਗਿਆ ॥

ਭਾਵ-ਜੋ ਗੁਰ (ਅਕਾਲਪੁਰਖ) ਦੀ ਪੈਰੀ ਪੈਂਦੇ ਹਨ, ਭਾਵ ਉਸਦਾ ਭਾਣਾ ਮੰਨਦੇ ਹਨ, ਓਹਨਾਂ ਨੇ ਹਰਿਰਸ (ਅਮੀਰਸ) ਭੋਗਿਆ (ਵਰਤਿਆ) ਹੈ ਗਲ ਕੀ ਅਕਾਲਪੁਰਖੁ ਦੀ ਸਰਣੀ ਰੈਹਣਾ ਹੀ ਮਾਨੋਂ ਨਾਨਾ ਪ੍ਰਕਾਰਦੇ ਉਤਮਰਸ ਭੋਗੇ ਜਾਣੇ ਹਨ

ਸੂਚਨਾ--ਇਸ ਸਬਦ ਵਿਚ'ਗੁਰ ਪਦ ਅਕਾਲ ਬੋਧਕ ਹੈ।

ਤੁਖਾਰੀ ਛੰਤ ਮਹਲਾ ੧

(ਬਾਰਹਮਾਹਾਂ) ਛੰਤ ੨

ਸਫਾ ੧੧੧੦/੯੭੮ ਸ੍ਰੀਗੁਰੂ:

(ਦ/ਟ) ਗੁਰ ਪੂਛਿ ਜਾਗੇ, ਨਾਮਿ ਲਾਗੇ, ਤਿਨਾਂ ਰੈਣਿ, ਸੁਹੇਲੀਆ,

ਭਾਵ--ਜੋ ਗੁਰ (ਅਕਾਲਪੁਰਖ) ਦੀ ਪੁੱਛ ਗਿੱਛ(ਖੋਜ) ਵਿਚ ਜਾਗੇ ਹਨ, ਯਾ ਜੋ ਪ੍ਰਾਣੀ ਗੁਰੂਜੀ ਅਥਵਾ ਸਤਿਸੰਗਤ ਪਾਸੋਂ ਸਾਵਧਾਨ (ਪੂਰਨ ਪ੍ਰੇਮੀ) ਹੋਕੇ ਅਕਾਲਪੁਰਖੁ ਪ੍ਰਾਪਤੀ ਸਬੰਧੀ ਪੁੱਛ ਗਿੱਛ ਕਰਦੇ ਹਨ।

ਗੱਲ ਕੀ ਜੋ ਪ੍ਰਾਣੀ ਈਸ਼੍ਵਰ ਪ੍ਰਾਪਤੀ ਲਈ ਜਾਗੇ ਹਨ ਅਰ ਨਾਮ ਅਭ੍ਯਾਸ ਵਿਚ ਲਾਗੇ ਹਨ, ਉਨ੍ਹਾਂਦੀ ਰਾਤ ਸੁਖਾਲੀ ਵਤੀਤ ਹੁੰਦੀ ਹੈ, ਅਰਥਾਤ ਉਨ੍ਹਾਂਦੀ ਅਗ੍ਯਾਨਤਾ ਰੂਪੀ ਰਾਤ ਸੁਖਾਲੀ ਗੁਜਰਦੀ ਹੈ (ਮੁਕਜਾਂਦੀ) ਹੈ।

ਸੂਚਨਾ-ਇਸ ਸਬਦ ਵਿਚ ਗੁਰ ਪਦ ਅਕਾਲ ਬੋਧਕ ਹੈ

ਤੁਖਾਰੀ ਛੰਤ ਮਹਲਾ ੪ ਛੰਤ ੪

ਸਫਾ $\frac{੧੧੧੭}{੯੮੪}$ ਸ੍ਰੀਗੁਰੂ:

(ਠ/ਠ) ਮਿਲਿ ਆਏ ਨਗਰ ਮਹਾਜਨਾਂ,

ਗੁਰ ਸਤਿਗੁਰ ਓਟ ਗਹੀ ॥

ਭਾਵ--ਜੋ ਪ੍ਰਾਣੀ ਗੁਰੂ ਤੀਸਰੇ ਪਾਦਸਾਹ ਜੀ ਦੇ ਚਰਨੀ ਆਏ ਓਹਨਾਂ ਗੁਰੂ ਸਾਹਿਬ ਜੀ ਤੋਂ ਉਪਦੇਸ ਲੈਕੇ(ਉਪਦੇਸ ਗ੍ਰਹਿਣ ਕਰਕੇ) **ਗੁਰ** ਸਤਿਗੁਰ (ਅਕਾਲਪੁਰਖ) ਦੀ ਸਰਣ ਲੈ ਲਿਤੀ ਅਰਥਾਤ **ਅਨੇਕਤਾ ਪੂਜਨ** ਛਡਕੇ **ਇਕੋ ਸੇਵੀ** (ਅਕਾਲ ਸੇਵੀ) ਬਨ ਗਏ ।

ਸੂਚਨਾ-ਇਸ ਸਬਦ ਵਿਚ **ਗੁਰ ਸਤਿਗੁਰ** ਦੋਨੋ ਪਦ ਅਕਾਲ ਬੋਧਕ ਹਨ।

ਭੈਰਉ ਮਹਲਾ ੩ ਸਬਦ ੧੮

ਸਫਾ $\frac{੫੫੩੨}{੯੬੭}$ ਸ੍ਰੀਗੁਰੂ:

(ਛ/ਛ) ਬਾਝੁ **ਗੁਰੂ** ਜਗਤੁ ਬਉਰਾਨਾ, ਭੂਲਾ ਚੋਟਾਂ ਖਾਈ ।

ਭਾਵ--ਗੁਰੂ (ਦਸਾਂ ਗੁਰਾਂ ਪਰ ਭਰੋਸਾ) ਕੀਤੇ ਬਿਨਾਂ ਜਗਤ ਬੌਰਾ ਹੋਕੇ ਭੁੱਲਾ ਹੋਯਾ ਚੋਟਾਂ ਖਾਂਦਾ ਹੈ, (ਦੁਖ ਸਹਾਰਦਾ ਹੈ)

ਸੂਚਨਾ-ਇਸ ਸਬਦ ਵਿਚ **ਗੁਰੂ** ਪਦ ਦਸਾਂਗੁਰਾਂ ਦਾ ਬੋਧਕ ਹੈ।

ਵਾਰ ਮਲਾਰ ਮਹਲਾ ੧ ਪਉੜੀ ੨੦

ਸਫਾ $\frac{੧੨੮੭}{੧੧੩੩}$ ਸ੍ਰੀਗੁਰੂ:

(ਥ/ਥ) (੧) ਅੰਮ੍ਰਿਤ ਨਾਮੁ ਸਦਾ ਸੁਖਦਾਤਾ, ਅੰਤੇ ਹੋਇ ਸਖਾਈ

(੨) ਬਾਝੁ **ਗੁਰੂ** ਜਗਤੁ ਬਉਰਾਨਾ, ਨਾਵੈ ਸਾਰ ਨ ਪਾਈ।

ਪੁਨਾਃ--

(੩) **ਸਤਿਗੁਰੁ** ਸੇਵੇ ਸੋ ਸੁਖੁ ਪਾਏ ॥

(੪) ਜਿਸਨੋ ਕ੍ਰਿਪਾ ਕਰੇ ਰਜਾਈ ॥

ਭਾਵ-(੧) ਅੰਮ੍ਰਿਤ ਨਾਮੁ ਸਦਾ ਸੁਖਦਾਤਾ ਹੈ, ਅੰਤ ਵਿਚ ਸਾਥੀ ਹੁੰਦਾ ਹੈ ॥

(੨) ਗੁਰੂ (ਦਸਾਂ ਗੁਰਾਂ)ਤੋਂ ਬਿਨਾਂ ਜਗਤ ਕਮਲਾ ਹੈ ਜੋ **ਨਾਮ** ਦੀ ਸਾਰ ਪ੍ਰਾਪਤ ਨਹੀ ਕਰਦਾ ॥

(੩) ਸਤਿਗੁਰੁ (ਦਸਾਂ ਗੁਰਾਂ) ਨੂੰ ਸੇਵੇ ਭਾਵ ਓਹਨਾਂ ਦੇ ਉਪ-ਦੇਸਾਂ ਨੂੰ ਮੰਨੇ ਸੋ ਸੁਖ ਪ੍ਰਾਪਤ ਕਰੇ ।

(੪) ਜਿਸ ਉਤੇ **ਰਜਾਈ** (ਅਕਾਲਪੁਰਖ) ਕ੍ਰਿਪਾ ਕਰੇ ॥

ਸੂਚਨਾ--ਇਸ ਸਬਦ ਵਿਚ **ਸਤਿਗੁਰ** ਤੇ **ਗੁਰੂ** ਦੋਨੋਂ ਪਦ ਦਸਾਂ ਗੁਰਾਂ ਦੇ ਬੋਧਕ ਹਨ ॥

ਕਾਨੜਾ ਮਹਲਾ ੪ ਅਸਟਪਦੀ ੨ ਪਉੜੀ ੨

ਸਫਾ ੧੩੦੯/੧੧੫੨ ਸ੍ਰੀਗੁਰੂਃ

(ਜ/ਰ) ਜਨਮ ਜਨਮ ਕੀ ਹਉਮੈਮਲ ਲਾਗੀ,
ਮਿਲਿ ਸੰਗਤਿ ਮਲੁ ਲਹਿ ਜਾਵੈਗੋ ॥
ਜਿਉ ਲੋਹਾ ਤਰਿਓ ਸੰਗ ਕਾਸਟ,
ਲਗਿ **ਸਬਦਗੁਰੂ** ਹਰਿ ਪਾਵੈਗੋ ।

ਭਾਵ-ਇਸ ਪ੍ਰਾਣੀ ਨੂੰ ਜਨਮ ੨ ਦੀ ਜੋ ਹਉਮੈ ਮਲ ਲਗੀ ਹੋਈ ਹੈ, ਓਹ ਮਲਨ ਸੰਗਤ ਨਾਲ ਲਗਨ ਕਰਕੇ ਸਤਿਸੰਗਤ ਕਰਨੇ ਕਰਕੇ ਲੈਹ ਜਾਂਦੀ ਹੈ ॥

ਕਿਉਂਕਿ ਜਿਸ ਪ੍ਰਕਾਰ ਲੋਹਾ ਲਕੜੀ ਨਾਲ ਲਗਕੇ ਤਰ

ਜਾਂਦਾ ਹੈ, ਇਸੇਤਰਾਂ ਏਹ ਪ੍ਰਾਣੀ **ਗੁਰੂਸਬਦ** ਨਾਮੁ ਦ੍ਵਾਰਾ ਹਰਿ (ਅਕਾਲਪੁਰਖ) ਨੂੰ ਪ੍ਰਾਪਤ ਕਰ ਲੈਂਦਾ ਹੈ ।

ਸੂਚਨਾ-ਇਸ ਸਬਦ ਵਿਚ **ਗੁਰੂ** ਪਦ ਦਸਾਂ ਗੁਰਾਂ ਦਾ ਵਾਚਕਹੈ

ਰਾਗੁ ਕਾਨੜਾ ਮਹਲਾ ੪ ਅਸਟਪਦੀ ੫

ਸਫਾ ੧੩੧੧/੧੧੫੪ ਸ੍ਰੀਗੁਰੂਃ

(ਤ/ਤ) ਸੁਆਨੁ ਲੋਭੁ ਨਗਰ ਮਹਿ ਸਬਲਾ,
ਗੁਰੁ ਖਿਨ ਮਹਿ ਮਾਰਿ ਕਢਾਵੈਗੋ ॥

ਭਾਵ--ਜੋ ਲੋਭ ਰੂਪੀ ਕੁੱਤਾ ਸਰੀਰ ਰੂਪੀ ਨਗਰ ਵਿਚ ਤਕੜਾ ਹੈ ਉਸਨੂੰ ਗੁਰੂ(ਦਸੇਗੁਰੂ) ਕੁਟਮਾਰਕੇ ਖਿਨਮਾਤ੍ਰ ਵਿਚ ਕਢ ਦੇਣਗੇ।

ਸੂਚਨਾ--ਐਥੇ ਭੀ **ਗੁਰੂ** ਪਦ ਦਸੇਗੁਰੂਆਂ ਦਾ ਬੋਧਕ ਹੈ ।

ਪ੍ਰਭਾਤੀ ਮਹਲਾ ੩ ਸਬਦ ੬

ਸਫਾ ੧੩੩੪/੧੧੭੪ ਸ੍ਰੀਗੁਰੂਃ

(ਥ/ਥ) **ਗੁਰ** ਤੇ ਮੁਹੁਫੇਰੇ ਜੇ ਕੋਈ,
ਗੁਰ ਕਾ ਕਹਿਆ ਨ ਚਿਤਿ ਧਰੈ ॥
ਕਰਿ ਆਚਾਰ ਬਹੁ ਸੰਪਉ ਸੰਚੈ,
ਜੋ ਕਿਛੁ ਕਰੈ ਸੁ ਨਰਕਿ ਪਰੈ ॥

ਭਾਵ--ਜੋ ਪ੍ਰਾਣੀ ਗੁਰ (ਅਕਾਲਪੁਰਖੁ) ਤੋਂ ਬੇਮੁਖ ਹੋ ਜਾਵੇ ਅਤੇ ਗੁਰ (ਅਕਾਲਪੁਰਖੁ) ਦਾ ਹੁਕਮ ਚਿਤ ਵਿਚ ਨਾਂ ਧਰੇ ਸੋ ਓਹ ਭਾਵੇਂ ਕਿਤਨੇ ਹੀ ਨਾਮਧਰੀਕ ਚੰਗੇ ਕੰਮ ਕਰੇ ਅਤੇ ਬਹੁਤੇ ਆਚਾਰ ਕਰਕੇ ਤੇ ਧਨ ਕੱਠਾ ਕਰੇ ਪਰ ਓਹ ਅੰਤ ਨੂੰ ਨਰਕ ਵਿਚ ਹੀ ਪਊਗਾ।

ਸੂਚਨਾ-ਇਸ਼ ਸਬਦ ਵਿਚ ਭੀ **ਗੁਰ** ਪਦ ਅਕਾਲ ਬੋਧਕ ਹੈ

ਮਹਲਾ ੫, ਸੰਸਕ੍ਰਿਤੀ ਸਲੋਕ ੧੪

ਸਫਾ ੧੩੫੫/੧੧੯੨ ਸ੍ਰੀਗੁਰੂਃ

(ੲ/ਵ) ਦ੍ਰਿੜੰਤ ਸੁਬਿਦਿਆ, ਹਰਿ ਹਰਿ ਕ੍ਰਿਪਾਲਾ।

ਨਾਮ ਦਾਨੁ ਜਾਚੰਤ ਨਾਨਕ, ਦੈਨਹਾਰ **ਗੁਰ** ਗੋਪਾਲਾ ॥

ਭਾਵ--ਤੱਤ੍ਵ ਵਿੱਦਜਾ ਦੀ ਦ੍ਰਿੜਤਾ, ਹਰਿ ਹਰਿ ਦੀ ਕ੍ਰਿਪਾਲਤਾ ਤੋਂ ਮਿਲਦੀ ਹੈ, ਇਸ ਕਰਕੇ ਨਾਮ ਦਾਨ ਦੀ ਯਾਚਨਾ, ਕਰਦਾ ਹਾਂ ਉਸ ਦਾਨ ਨੂੰ ਦੇਣੇ ਵਾਲਾ ਗੁਰ (ਅਕਾਲਪੁਰਖ) ਹੈ ਜੋ ਪ੍ਰਿਥਵੀ ਦਾ ਪਾਲਕ ਹੈ ॥

ਸੂਚਨਾ—ਇਸ ਵਿਚ ਗੁਰ ਪਦ ਅਕਾਲ ਬੋਧਕ ਹੈ॥

ਵਾਰਾਂ ਤੇ ਵਧੀਕ ਸਲੋਕ ੯ ਮਹਲਾ ੧

ਸਫਾ ੧੪੧੧/੧੨੪੦ ਸ੍ਰੀਗੁਰੂਃ

(ਥ/ਧ) ਜਮੁ ਜਾਗਾਤਿ ਨ ਲਗਈ,

ਜੇ ਚਲੈ **ਸਤਿਗੁਰ**ਭਾਇ ॥

ਭਾਵ--ਜੋ ਪ੍ਰਾਣੀ **ਸਤਿਗੁਰ** (ਅਕਾਲਪੁਰਖੁ) ਦੇ ਹੁਕਮ ਵਿਚ ਚਲੇ, ਉਸਨੂੰ ਜਮਡੰਡ ਲਗ ਨਹੀ ਸਕਦਾ ਯਾਂਤੇ ਪ੍ਰਾਣੀਆਂ ਦਾ ਫਰਜ ਹੈ ਜੋ ਅਕਾਲਪੁਰਖ ਦੇ ਭਾਣੇ ਨੂੰ ਮੰਨਣ ॥

ਸੂਚਨਾ--ਇਸ ਸਬਦ ਵਿਚ **ਸਤਿਗੁਰ** ਪਦ ਅਕਾਲ ਬੋਧਕ ਹੈ।

ਵਾਰਾਂ ਤੇ ਵਧੀਕ ਸਲੋਕ ੨੩ ਮਹਲਾ ੧

ਸਫਾ ੧੪੧੨/੧੨੪੧ ਸ੍ਰੀਗੁਰੂਃ

(ਨ/ਠ) **ਗੁਰ** ਬਿਨੁ ਗਿਆਨੁ, ਧਰਮ ਬਿਨੁ ਧਿਆਨੁ।

ਸਚ ਬਿਨੁ ਸਾਖੀ, ਮੂਲੋ ਨ ਬਾਕੀ॥

ਭਾਵ--**ਗੁਰ** (ਅਕਾਲਪੁਰਖ) ਤੋ ਬਿਨਾਂ ਹੋਰਸ ਦਾ ਗਯਾਨ ਬਾਧੂ ਹੈ ਇਸੇਤ੍ਰਾਂ ਧਰਮ ਤੋ ਬਹੀਨ ਧਿਆਨ ਫਜੂਲ ਹੈ ਇਸਤੇ ਬਿਨਾ ਸਚ ਬਿਨਾਂ ਗਵਾਹੀ(ਸਿਖਯਾ)ਦੇਣੀ ਪਾਪ ਹੈ ਯਾਂਤੇ ਜੋ ਉਤਲੀ ਵਰਤੋਂ ਤੋਂ ਬਿਨਾਂ ਹੋਰ ਵਰਤੋਂ ਕਰਦਾ ਹੈ ਉਸਦਾ ਕੁਛ ਭੀ ਬਾਕੀ ਨਹੀਂ ਰਹਿੰਦਾ ਹੈ॥

ਸੂਚਨਾ--ਐਥੇ ਭੀ **ਗੁਰ** ਪਦ ਅਕਾਲ ਬੋਧਕ ਹੈ॥

ਵਾਰਾਂ ਤੇ ਵਧੀਕ ਸਲੋਕ ੧੨ ਮਹਲਾ ੩

ਸਫਾ $\frac{੧੪੧੪}{੧੨੪੩}$ ਸ੍ਰੀਗੁਰੂ:

(ਪੂ/ਪ) **ਸਤਿਗੁਰ** ਕੈ ਭਾਣੈ ਜੋ ਚਲੈ

ਤ੍ਰਿਪਤਾਸੈ ਹਰਿਗੁਣ ਗਾਇ ॥

ਭਾਵ-ਜੋ **ਸਤਿਗੁਰ** (ਅਕਾਲਪੁਰਖ) ਦੇ ਭਾਣੇ (ਹੁਕਮ) ਵਿਚ ਚਲਦਾ ਹੈ, ਓਹ ਆਨੰਦ (ਤ੍ਰਿਪਤ) ਹੋਕੇ ਉਸ ਹਰੀ (ਅਕਾਲ-ਪੁਰਖ) ਦੇ ਗੁਣ ਗਾਇਣ ਕਰਦਾ ਹੈ।   ਪੁਨਾ-ਸਲੋਕ ੧੩

ਸਤਿਗੁਰੁ ਨ ਸੇਵਿਓ ਸਬਦੁ ਨ ਰਖਿਓ ਉਰਧਾਰਿ ।

ਧਿਗੁ ਤਿਨ੍ਹਾ ਕਾ ਜੀਵਿਆ ਕਿਤੁ ਆਏ ਸੰਸਾਰਿ ॥

ਭਾਵ--ਜੋ ਪ੍ਰਾਣੀ **ਸਤਿਗੁਰੁ** (ਦਸਾਂ ਗੁਰਾ) ਨੂੰ ਨਹੀ ਸੇਂਵਦੇ ਅਰਥਾਤ ਉਨ੍ਹਾਂਦੇ ਹੁਕਮ ਨਹੀ ਮੰਨਦੇ ਭਾਵ ਉਨ੍ਹਾਂਦੀ ਸਿਖਯਾ ਚਿਤ ਵਿਚ ਨਹੀ ਧਾਰਨ ਕਰਦੇ ਓਹਨਾਂ ਦਾ ਜੀਵਨਾ ਧ੍ਰਿਗ ਹੈ ਯਾਂਤੇ ਓਹ ਸੰਸਾਰ ਵਿਚ ਕਿਉਂ ਆਏ ਹਨ। ਗਲਕੀ ਉਨ੍ਹਾਂ ਦਾ ਜਗਤ ਵਿਚ ਆਵਨਾ ਹੀ ਨਿਸ਼ਫਲ ਹੈ॥

ਸੂਚਨਾ--ਉਤਲੇ ਦੋਨੋਂ ਸਲੋਕਾਂ ਵਿਚ **ਸਤਿਗੁਰ** ਪਦ ਅਕਾਲ ਬੋਧਕ ਹੈ ਅਤੇ **ਸਤਿਗੁਰੂ** ਪਦ ਦਸਾਂ ਗੁਰਾਂ ਦਾ ਵਾਚਕ ਹੈ॥

ਵਾਰਾਂ ਤੇ ਵਧੀਕ ਸਲੋਕ ਪਈ ਮਹਲਾ ੯

ਸਫਾ ੧੪੨੯ / ੧੨੫੬ ਸ੍ਰੀਗੁਰੂ:

(੬) ਨਾਮੁ ਰਹਿਓ ਸਾਧੂ ਰਹਿਓ ਰਹਿਓ **ਗੁਰਗੋਬਿੰਦ** ॥
ਕਹੁ ਨਾਨਕ ਇਹ ਜਗਤ ਮੈ, ਕਿਨ ਜਪਿਓ ਗੁਰਮੰਤੁ ॥

ਭਾਵ—ਹੇ ਸਜਨੋਂ ! ਇਸ ਜਗਤ (ਸੰਸਾਰ) ਵਿਚ ਸਦੀਵੀ ਗੁਰਗੋਬਿੰਦ ਅਰਥਾਤ ਅਕਾਲਪੁਰਖ ਅਤੇ ਸਾਧੂਜਨ ਔਰ ਨਾਮ ਹੀ ਬਾਕੀ ਰੈਂਹਦੇ ਹਨ ਇਨ੍ਹਾਂ ਤੋਂ ਬਿਨਾਂ ਹੋਰ ਸਾਰੇ ਨਾਸਵੰਤ ਹਨ।

ਪੁਨਾ: ਸਾਧੂ ਭੀ ਓਹੀ ਬਾਕੀ (ਸਥਿਰ) ਹਨ ਜਿਨ੍ਹਾਂ ਨੇ ਗੁਰ-ਮੰਤ੍ਰ (ਮਹਾਂ ਮੰਤ੍ਰ, ਅਕਾਲੀ ਮੰਤ੍ਰ] ਨੂੰ ਜਪਿਆ ਹੈ ॥

ਸੂਚਨਾ-ਇਨ੍ਹਾਂ ਦੋਨਾਂ ਸਲੋਕਾਂ ਵਿਚ ਭੀ **ਗੁਰ** ਪਦ ਅਕਾਲ ਬੋਧਕ ਹੈ

ਸਿੱਟਾ

(੯) ਪਾਠਕ ਜੀ ! ਇਸ ਦੂਜੇ ਕਾਂਡ ਦੇ ਸਭਨਾਂ ਸਬੂਤਾਂ (ਪ੍ਰਮਾਣਾ) ਤੋਂ ਸਾਬਤ ਹੈ ਕਿ ਸ਼ਬਦ

ਗੁਰੂ ਗੁਰੁ ਸਤਿਗੁਰੂ ਸਤਿਗੁਰੁ

ਦਸੋਂ ਗੁਰਾਂ ਦੇ ਬੋਧਕ ਪਦ ਹਨ ਭਾਵ ਅਕਾਲ ਬੋਧਕ ਨਹੀਂ ॥

ਇਸਤੇ ਬਿਨਾਂ ਗੁਰ ਸਤਿਗੁਰ ਗੁਰਿਪੂਰਾ ਗੁਰੂਗੁਰੂ ਪਦ ਅਕਾਲ ਬੋਧਕ ਹਨ ॥

ਪਰ ਗੁਰ ਪਦ ਮੂਲਮੰਤ੍ਰ ਵਿਚ ਵਰਤੇ ਜਾਨ ਦੇ ਕਾਰਨ ਅਕਾਲਪੁਰਖ ਦਾ ਖਾਸ ਵਿਸੇਸ਼ਨ ਹੈ ॥

ਸਿਧਾਂਤ

(੧੦)ਪ੍ਰਿਥਮ ਕਾਂਡ ਵਿਚ **ਵਾਹਿ** ਪਦ ਦੇ ਥਾਂਓ(ਗੁਰੂ ਸਾਹਿਬਾਂ ਦੀ ਮੁਖਵਾਕ ਬਾਣੀਦੇ ਪ੍ਰਮਾਣਾਂ ਅਨੁਸਾਰ) **ਵਾਹੁ** ਪਦ ਸਿਧ ਕੀਤਾ ਗਿਆ ਹੈ।

ਅਤੇ ਇਸ ਕਾਂਡ ਵਿਚ ਸਾਬਤ ਕੀਤਾ ਗਿਆ ਹੈ ਕਿ **ਗੁਰ** ਪਦ ਅਕਾਲ ਬੋਧਕ ਹੈ॥

ਸੋ ਜੇਕਰ ਏਨ੍ਹਾਂ ਦੋਨਾਂ ਪਦਾਂ ਨੂੰ ਮਿਲਾ ਦਿਤਾ ਜਾਵੇ ਤਾਂ **ਵਾਹੁ+ਗੁਰ** ਭਾਵ **ਵਾਹੁਗੁਰ** ਸਬਦ ਦੀ ਸਿਧੀ ਹੁੰਦੀ ਹੈ॥

ਜਿਸਦੇ ਅਰਥ "ਮਹਾਂਮੰਤ੍ਰ ਗੁਰ ਹਿਰਦੈ ਬਸਿਓ, ਅਚਰਜ ਨਾਮ ਸੁਨਿਓਰੀ" (ਆਸਾ ਮ:੫ ਸਫਾ ੩੮੪ ਸ੍ਰੀਗੁਰੂ:) ਗੁਰਸਬਦ ਅਨੁਸਾਰ **ਮਹਾਂਅਸਚਰਜ** ਭਾਵ ਅਕਾਲਪੁਰਖੁ ਦੇ ਬਨਦੇ ਹਨ॥

ਉਪ੍ਰੋਕਤ ਤੁਕ ਦਾ ਅਨਵਯ ਇਉਂ ਹੋਵੇਗਾ ਯਥਾ:-

"ਮਹਾਂ ਮੰਤ੍ਰ ਹਿਰਦੈ ਵਸਿਓ, ਗੁਰ+ਅਚਰਜ (ਵਾਹੁਗੁਰ) ਨਾਮੁ ਸੁਨਿਓਰੀ" ਇਸ ਸ਼ਬਦ ਤੋਂ ਮਹਾਂਮੰਤ੍ਰ (ਵਾਹੁਗੁਰ) ਸਬਦ ਸਿਧ ਹੈ

ਜੇ ਗੁਰਮਤ ਕਸਵਟੀਅਗਜਾਤ ਯਾ **ਢਿੱਲੜ ਵੀਰਾਂ** ਦੇ ਮੰਨੇ ਹੋਏ **ਵਾਹਿਗੁਰੂ** ਵਾਕ ਦੇ ਅਰਥ ਕਰਾਂਗੇ ਤਾਂ ਉਸਦੇ ਅਰਥ **ਧੰਨਜੁਗੁਰੂ** ਹੋ ਸਕਦੇ ਹਨ ਜੋ ਅਕਾਲੀਬਾਣੀ ਦੇ ਸਬੂਤਾਂ ਨਾਲ ਏਹ **ਵਾਹਿਗੁਰੂ** ਸਬਦ ਅਕਾਲ ਬੋਧਕ ਨਹੀ ਹੈ॥

ਬਸ ਹੁਣ ਅਸੀ ਅਗਲੇ (ਤੀਜੇ) ਕਾਂਡ ਵਿਚ ਏਨ੍ਹਾਂ ਉਤੇ ਦਸੇ ਦੋਨੋਂ ਸਬਦਾਂ **ਵਾਹੁਗੁਰ ਤੇ ਵਾਹਿਗੁਰੂ** ਨੂੰ ਗੁਰੂ ਸਾਹਿਬਾਂ ਦੀ ਮੁਖਵਾਕ ਬਾਣੀ ਦ੍ਵਾਰਾ ਸਾਬਤ ਕਰਾਂ ਗੇ ਕਿ **"ਵਾਹਿਗੁਰੂ"** ਸਬਦ ਗੁਰਾਂ ਦਾ ਬੋਧਕ ਹੈ, ਭਾਵ ਇਸ ਸਬਦ ਦ੍ਵਾਰਾ ਦਸਾਂ ਗੁਰਾਂ ਨੂੰ ਸੰਬੋਧ ਕਰਕੇ ਉਨ੍ਹਾਂ ਦਾ ਚਿੰਤਨ ਕ੍ਰਨ ਵਾਲਾ ਵਾਕ ਹੈ ॥

ਜੋ ਹਿੰਦੂਮਤ ਅਨੁਸਾਰ ਸ੍ਰੀ ਰਾਮ ਚੰਦ੍ਰ, ਸ੍ਰੀ ਕ੍ਰਿਸ਼ਨ, ਸ਼ਿਵ ਜੀ ਆਦਿਕ ਦੇਵੀ ਦੇਵਤੇ (ਪੰਜ ਭੂਤਕ ਆਕਾਰੀਆਂ) ਦੀ ਪੂਜਨਾਂ ਵਤ ਮਾਨਸੀ ਪੂੰਜਾ ਲਈ ਸੰਬੋਧੀ ਪਦ ਹੈ ਅਤੇ **ਵਾਹੁਗੁਰ** ਪਦ ਨਿਰੋਲ ਅਕਾਲ ਬੋਧਕ **ਮਹਾਂਵਾਕ** (ਗੁਰਮੰਤ੍ਰ, ਇਸਮ ਆਜ਼ਮ) ਹੈ ॥

੧ ਓ ਸਤਿ ਗੁਰ ਪ੍ਰਸਾਦਿ ॥

ਗੁਰਮੰਤ੍ਰ ਪ੍ਰਬੋਧ

ਤੀਜਾ ਕਾਂਡ

(੧੧) ਪਹਿਲੇ ਦੋ ਕਾਂਡਾਂ ਵਿਚ ਗੁਰੂਬਾਨੀ ਦ੍ਵਾਰਾ **ਵਾਹੁ** ਪਦ ਅਕਾਲਸ਼ਕਤੀ ਦਾ ਵਾਚਕ, ਅਤੇ **ਗੁਰ** ਪਦ ਗੁਰੂਸਾਹਿਬਾਂ ਦੀ ਮੁਖਵਾਕ ਬਾਨੀ ਦੇ ਪ੍ਰਮਾਣਾਂ ਅਨੁਸਾਰ ਅਕਾਲਬੋਧਕ ਸਾਬਤ ਕੀਤਾ ਗਿਆ ਹੈ ॥

ਹੁਣ ! ਇਸ ਕਾਂਡ ਵਿਚ ਏਹ ਨਿਰਣਯ ਕਰਨਾ ਹੈ ਕਿ ਗੁਰੂ ਸਾਹਿਬਾਂ ਨੇ ਆਪਣੀ ਮੁਖਵਾਕ ਬਾਣੀ ਵਿਚ **ਵਾਹਿਗੁਰੂ** ਪਦ ਵਰਤਿਆ ਹੈ ਅਥਵਾ **ਵਾਹੁਗੁਰ** ?

ਜਦ ਦਸਾਂ ਗੁਰਾਂ (ਸ੍ਰੀਗੁਰੂ ਨਾਨਕ ਦੇਵ ਜੀ ਤੋਂ ਦਸਮ ਗੁਰੂ ਜੀ ਤਕ) ਦੀ ਮੁਖਵਾਕ ਬਾਣੀ ਪੂਰਨ ਖੋਜ ਨਾਲ ਵਿਚਾਰੀ ਜਾਂਦੀ ਹੈ, ਤਾਂ ਉਸ ਵਿੱਚ ਵਾਹਿਗੁਰੂ ਪਦ ਕਿਤੇ ਨਹੀ ਲੱਭਦਾ, ਪਰ ਜੇ ਕਾਈ ਖਾਲਸਾ, ਵੀਰ, ਭੈਣ (ਉਤਲੀ ਖੋਜ ਤੋਂ ਉਲਟ) ਦਸਾਂ ਗੁਰਾਂ ਦੀ ਮੁਖਵਾਕ ਬਾਣੀ ਵਿਚੋਂ ਵਾਹਿਗੁਰੂ ਪਦ ਸਾਬਤ ਕਰਦੇਵੇ, ਤਾਂ ਏਹ ਵਿਚਾਰ ਉੱਕੀ ਹੀ ਮੁੱਕਜਾਨ ਵਾਲੀ ਹੈ ॥

ਪ੍ਰੰਤੂ ਜੇ ਐਸਾ ਸਾਬਤ ਹੀ ਨਹੀ ਹੁੰਦਾ ਤਾਂ ਹਠ-ਵਿਰਤੀ ਛਡਕੇ ਵਾਹਗੁਰ ਮਹਾਂਮੰਤ੍ਰ ਨੂੰ ਧਾਰਨ ਕਰਨਾ, ਅਤੇ ਉਸ "ਨਾਮੁ" ਦ੍ਵਾਰਾ ਅਕਾਲਪੁਰਖੁ ਦਾ ਬਾਰੰਬਾਰ ਅਭ੍ਯਾਸ ਕਰਨਾ ਅਤਿ ਜਰੂਰੀ ਹੈ ॥

ਬਹੁਤ ਸਾਰੇ ਸਜਨ! ਗੁਰੂ ਬਾਣੀ ਦੀ ਵਿਚਾਰ ਕਰਨ ਵਲੋਂ ਸੁਸਤੀ ਕਰਕੇ, ਕੇਵਲ ਭੱਟਬਾਣੀ ਵਿਚ ਵਰਤੇਗਏ **ਵਾਹਿਗੁਰੂ** ਪਦ ਨੂੰ ਮਹਾਂਮੰਤ੍ਰ ਮੰਨਕੇ ਹੋਕਾ ਦਿੰਦੇ ਹਨ। ਕਿ "ਅਸਲੀ ਮਹਾਂਮੰਤ੍ਰ ਏਹੀ **ਵਾਹਿਗੁਰੂ**" ਹੈ, ਪ੍ਰੰਤੂ ਉਹ ਸਜਨ ਇਸ ਵਰਤੇ ਹੋਏ ਸਬਦ ਦੇ ਅਰਥਾਂ ਤੋਂ ਉੱਕੇ ਹੀ ਅਗ੍ਯਾਤ, ਅਥਵਾ ਜਾਨਬੁੱਝਕੇ ਗੁਰਮਤਿ ਵਿਰੁਧ ਚਲਨ ਚਲਾਨ ਵਾਲੇ ਕਹੇ ਜਾਸਕਦੇ ਹਨ। ਯਾਂਤੇ ਓਨ੍ਹਾਂ ਦੀ ਵਿਚਾਰ ਨੂੰ ਹੀ ਅਗੇ ਰੱਖਕੇ ਭੱਟਬਾਣੀ ਵਿਚੋਂ ਹੀ ਖੋਜ ਕਰਦੇ ਹਾਂ, ਜੋ ਓਨ੍ਹਾਂ ਦਾ ਐਸਾ ਕਥਨ ਕਿਥੋਂ ਤਕ ਠੀਕਹੈ?

ਯਥਾ ਭੱਟਬਾਣੀ ਉਥਾਨਕਾ

(ੳ) ਹੇਠ ਲਿਖੇ ਮੂਜਬ ਆਮ ਸਾਖੀ ਪ੍ਰਸਿਧ ਹੈ, ਤੇ ਇਹੀ ਸਭਨਾਂ ਖਾਲਸਾ ਇਤਹਾਸਾਂ ਦਾ ਸਾਰ ਰੂਪ ਹੈ, ਜਿਸਤੋਂ ਪ੍ਰਗਟ ਹੈ

ਜੋ ਭਟਬਾਣੀ ਕੀ? ਤੇ ਕਿਸਤ੍ਰਾਂ ਪ੍ਰਸਿਧਤਾ ਵਿਚ ਆਈ ਹੈ? ਪੁਨਃ ਉਸ ਵਿਚ ਜੋ ਜੋ ਪਦ ਵਰਤੇ ਹਨ ਓਹ ਕਿਸ ੨ ਪ੍ਰਥਾਯ ਹਨ?

ਭਟਬਾਣੀ ਦੀ ਰਚਨਾਂ ਸਬੰਧੀ ਖਾਲਸਾ ਇਤਹਾਸਾਂ ਅਤੇ ਉਕਤ ਬਾਣੀ ਦੇ ਟੀਕਿਆਂ ਵਿਚ ਜੋ ਕੁਛ ਲਿਖਾ ਹੈ, ਉਸਤੋਂ ਸਾਫ ਪ੍ਰਗਟ ਹੈ ਕਿ ਏਹ ਭੱਟਬਾਣੀ ਪੰਜਾਂ ਗੁਰੂਆਂ ਦੇ ਨਿਰੋਲ ਯਸ ਉਚਾ-ਰਨ ਸਬੰਧੀ ਰਚਨਾਂ ਹੈ। ਅਤੇ ਉਸ ਸਾਖੀ ਤੋਂ ਸਿਧ ਹੈ ਕਿ **"ਏਹ ਸਤਿਗੁਰਾਂ ਦਾ ਯਸ ਬਿਸ਼ਨੂੰ ਜੀ ਦੇ ਦਿਤੇ ਹੋਏ**

ਸਰਾਪ ਉਤਾਰਨ ਹਿਤ ਬਿਸ਼ਨੂੰ ਜੀਦੀ ਆਗਜ਼ਾ ਅਨੁਸਾਰ ਭੱਟਾਂ ਨੇ ਕੀਤਾ ਹੈ" ਸਰਾਪ ਇਸਤ੍ਰਾਂ ਦੱਯਾ ਲਿਖਿਆ ਹੈ ਇਕ ਸਮੇਂ ਦੇਵਤਿਆਂ ਦੀ ਸਭਾ ਵਿਚ ਸ੍ਰੀ ਬਿਸਨੂੰ ਜੀ ਗਏ, ਉਸ ਵਕਤ ਉਨ੍ਹਾਂ ਦੇ ਆਦਰ ਹਿਤ ਸਭਾਨਿਵਾਸੀ ਸਾਰੇ ਦੇਵਤੇ ਖੜੇ ਹੋਗਏ ਪਰ ਚਾਰੇ ਵੇਦ ਬ੍ਰਹਮੇ ਸਣੇ ਖੜੇ ਨਾਂ ਹੋਏ ॥ ਇਸ ਪਰ ਬਿਸ਼ਨੂੰ ਜੀ ਨੇ ਵੇਦਾਂ ਨੂੰ ਬ੍ਰਹਮੇ ਸਮੇਤ ਸਰਾਪ ਦੇ ਦਿਤਾ ਕਿ "ਜਾਓ ਤੁਮ ਮਾਤਲੋਕ ਵਿਖੇ ਗਿਰ ਪਵੋ, ਤੇ ਭਟਾਂ ਦੇ ਘਰ ਜਾਕੇ ਜਨਮ ਧਾਰਨ ਕਰੋ" ॥

ਏਹ ਸਰਾਪ ਸੁਣ ਬ੍ਰਹਮਾ ਜੀ ਤੇ ਚਾਰੇ ਵੇਦ ਥਰ ਥਰ ਕੰਬਣ ਲਗੇ ਤੇ ਆਪਣੇ ਉਧਾਰ ਹਿਤ ਬੇਨਤੀ ਕਰਨ ਲਗੇ । ਅੰਤ ਨੂੰ ਵਿਸ਼ਨੂ ਜੀ ਨੇ ਉਨ੍ਹਾ ਦੀ ਬੇਨਤੀ ਸੁਣ ਆਗਜ਼ਾ ਦਿਤੀ ਕਿ ਹੇ ਵੇਦੋ! ਦੋਸ਼ ਤਾਂ ਤੁਹਾਡਾ ਬਹੁਤ ਵਡਾ ਸੀ ਕਿ ਤੁਸੀ ਸਨਮਾਨ ਦੇ ਤੌਰ ਪਰ ਮੇਰੇ ਆਉਣ ਤੋਂ ਖੜੇ ਨਾ ਹੋਏ, ਪਰ ਖੈਰ ਕਲਜੁਗ ਵਿਖੇ ਮੈਂ ਨਾਨਕ ਨਰੰਕਾਰੀ ਅਵਤਾਰ ਲਵਾਂਗਾ ਤੇ ਜਦ ਉਨ੍ਹਾਂ ਦੀ ਗਦੀ ਪਰ ਸ੍ਰੀਗੁਰੂ ਅਰਜਨ ਦੇਵ ਜੀ ਹੋਣਗੇ ਤਾਂ ਤੁਸਾਂ ਉਨਾਂ ਪਾਸ ਜਾਕੇ ਮੇਰੇ ਸਰੂਪ ਪੰਜੇ ਗੁਰਾਂ ਦਾ ਜਸ ਕਰਨਾ ਤਦ ਤੁਹਾਡਾ ਉਧਾਰ ਹੋਵੇਗਾ ॥

ਸੋ ਉਸ ਸਰਾਪ ਅਨੁਸਾਰ (ਇਕ ਇਕ ਬੇਦ ਨੇ ਚਾਰ ਚਾਰ ਸਰੂਪ ਧਾਰਨ ਕਰਕੇ) ੧੬ ਭਿੰਨ ੨ ਸਰੂਪ ਧਾਰੇ, ਅਤੇ ਬ੍ਰਹਮਾ ਜੀ ਨੇ ਸਤਾਰਵਾਂ ਸਰੂਪ **ਭਿਖਾ** ਨਾਮੀ ਭੱਟ ਦਾ ਧਾਰਨਕੀਤਾ, ਉਪ੍ਰੋਕਤ ਚੌਹਾਂ ਬੇਦਾਂ ਦੇ ਭਿੰਨ ੨ ਸਰੂਪ(ਭਟ) ਏਹ ਕਲਪੇਗਏ ਹਨ ਯਥਾਃ–

(੧) **ਰਿਗੁਵੇਦ** ਨੇ (੧) ਕਲਜ, (੨) ਕਲਜਸਹਾਰ, (੩) ਜਲਜਨ, (੪) ਨਲਜ ।

(੨) **ਸ਼ਾਮਵੇਦ** ਨੇ (੧) ਜਾਲਪ, (੨) ਬਲਜ, (੩) ਮਥੁਰਾ, (੪) ਹਰਿਬੰਸ ॥

(੩) **ਯਜੁਰਵੇਦ** ਨੇ (੧) ਟਲਜ, (੨) ਜਲਜ,
(੩) ਭਲਜ, (੪) ਸਲਜ।

(੪) **ਅਥਰਵਨਵੇਦ** ਨੇ (੧) ਕੀਰਤ, (੨) ਦਾਸ,
(੩) ਸੇਵਕ, (੪) (ਰੀਗਾ) ਗਯੰਦ।

ਸੋ ਉਤੇ ਦੱਸੇ ਪ੍ਰਸੰਗ ਅਨੁਸਾਰ ੧੭ ਭਟਾਂ ਦੀ ਅਪਨੀ ਭੱਟ ਰਚਨਾਦ੍ਵਾਰਾ ਗੁਰੂ ਸਾਹਿਬਾਂ ਦਾ ਯਸ਼ ਕਰਨਾ ਸਾਬਤ ਹੈ। ਭਲਾ ਜੇ ਏਹ ਸਾਖੀ ਮਨੋਕਲਪਨਾ ਰੂਪ ਮੰਨੀ ਜਾਵੇ, ਤਾਂ ਇਸ ਪ੍ਰਥਾਯ ਇਤਨਾ ਹੀ ਕਥਨ ਕਾਫ਼ੀ ਹੈ ਕਿ "ਜਦ ਇਸ **ਭੱਟਬਾਣੀ** ਨੂੰ ਵਿਚਾਰੀਦਾ ਹੈ, ਤਦ ਏਹ ਬਾਣੀ ਨਿਰਸੰਸੇ ਹੀ ਪੰਜੇ ਗੁਰੂ ਸਾਹਿਬਾਂ ਦਾ ਯਸ-ਸਰੂਪ ਸਾਬਤ ਹੁੰਦੀ ਹੈ"।

(ਅ) **ਭਲਾ ਜੇ** ਗੁਰੂ ਸਾਹਿਬਾਂ ਨੂੰ ਅਕਾਲਪੁਰਖੁ ਦੇ ਖਾਸ ਪ੍ਰਤਖ ਸਰੂਪ (ਪੂਰਨ ਅਵਤਾਰ, ਰੱਬ) ਮੰਨਿਆਂ ਜਾਵੇ ਤਦ ਏਹ ਨਿਸਚਾ ਗੁਰੂਬਾਣੀ ਤੋਂ ਉੱਕਾਹੀ ਵਿਰੁੱਧ ਹੈ, ਸਬੂਤ ਲਈ ਦੇਖੋ ਗੁਰੂ ਸਾਹਿਬਾਂ ਦੇ ਮੁਖਵਾਕ ਸ਼ਬਦ

ਯਥਾ:—

ਕਿਤੇ ਕ੍ਰਿਸ਼ਨ ਸੇ ਕੀਟ ਕੋਟੈ ਬਨਾਏ ॥
ਕਿਤੇ ਰਾਮ ਸੇ ਮੇਟ ਡਾਰੇ ਉਪਾਏ ॥
ਮਹਾਂ ਦੀਨ ਕੇਤੇ ਪ੍ਰਿਥੀ ਮਾਝ ਹੂਏ ॥
ਸਮੈ ਆਪਨੀ ਆਪਨੀ ਅੰਤ ਮੂਏ ॥

(ਅਕਾਲ ਉਸਤਤ ਦਸਮ ਗੁਰੂ)

ਸੂਚਨਾ--ਇਸ ਸਬਦ ਵਿਚ ਕ੍ਰਿਸਨ, ਰਾਮ ਆਦਿਕ ਅਵ-ਤਾਰਾਂ ਨੂੰ ਅਕਾਲਪੁਰਖੁ ਦੇ ਮੁਕਾਬਲੇ ਕੀੜਿਆਂ ਸਦਰਸ ਦਸਿਆ ਹੈ।

ਅਤੇ ਕ੍ਰਿਸ਼ਨ ਜੀ ਆਦਿ ਦੇ ਜੀਵਨਾ ਤੋਂ ਜੋ ਕੁਛ ਸਿੱਧ ਹੈ ਉਹ ਸਭ ਸਾਫ ਹੀ ਹੈ, ਯਾਂਤੇ ਕੀ ਆਪ ਸ੍ਰੀਗੁਰੂ ਨਾਨਕ ਦੇਵ ਜੀ ਨੂੰ ਸ੍ਰੀ ਕ੍ਰਿਸ਼ਨ ਸਦਰਸ ਮੰਨਕੇ ਪ੍ਰਸਿੰਨ ਹੋਵੋਗੇ ?

ਪੁਨਾਃ—

(ੲ) ਕ੍ਰਿਸ਼ਨ ਔ ਬਿਸਨੁ ਜਪੇ ਤੁਹਿ ਕੋਟਿਕ,
ਰਾਮ ਰਹੀਮ ਭਲੀ ਵਿਧਿ ਧਯਾਯੋ।
ਬ੍ਰਹਮ ਜਪਯੋ ਅਰੁ ਸੰਭੁ ਥਪਯੋ,
ਤਿਹ ਤੇ ਤੁਹਿ ਕੋ ਕਿਨਹੂੰ ਨ ਬਚਾਯੋ।
ਕੋਟ ਕਰੀ ਤਪਸਾ ਦਿਨ ਕੋਟਿਕ,
ਕਾਹੂ ਨ ਕੌਡੀ ਕੋ ਕਾਮ ਕਢਾਯੋ।
ਕਾਮਕਾ ਮੰਤ੍ਰ ਕਸੀਰੇ ਕੇ ਕਾਮ ਨ,
ਕਾਲ ਕੋ ਘਾਉ ਕਿਨੂ ਨ ਬਚਾਯੋ।

(ਪਾਤਸ਼ਾਹੀ ੧੦)

ਸੂਚਨਾ--ਕੀ ਆਪ ਉਤੇ ਦਸੀ ਅਵਤਾਰ ਮੰਡਲੀ ਵਿਚ ਆਪਣੇ ਦਸਾਂ ਗੁਰਾਂ ਨੂੰ ਸੁਮਾਰ ਕਰ ਕਰਾਕੇ ਖੁਸ਼ ਹੋ ?

ਪੁਨਾਃ—

(ਸ) ਕਾਹੂ ਲੈ ਠੋਕ ਬੰਧੇ ਉਰ ਠਾਕੁਰ,
ਕਾਹੂ ਮਹੇਸ ਕੋ ਏਸ ਬਖਾਨਯੋ।
ਕਾਹੂ ਕਹਯੋ, ਹਰਿਮੰਦਰ ਮੈ ਹਰਿ,
ਕਾਹੂ ਮਸੀਤ ਕੇ ਬੀਚ ਪ੍ਰਮਾਨਯੋ।
ਕਾਹੂੰ ਨੇ ਰਾਮ ਕਹਯੋ ਕ੍ਰਿਸਨਾ ਕਹੂੰ,
ਕਾਹੂੰ ਮਨੈ ਅਵਤਾਰਨ ਮਾਨਯੋ।
ਫੋਕਟ ਧਰਮ ਬਿਸਾਰ ਸਭੈ,
ਕਰਤਾਰ ਹੀ ਕੋ ਕਰਤਾ ਜਿਯ ਜਾਨਯੋ।੧੨॥

(ਤੇਤੀ ਸਵੈਯੇ ਪਾਃ ੧੦)

ਸੂਚਨਾ-ਕੀ ਸਾਡੇ ਦਸੇ ਗੁਰੂ ਏਹੋ ਜੇਹੀ ਸਿਖਯਾ ਦਾਤੇ ਸਨ? ਅਥਵਾ ਅਵਤਾਰਾਂ ਤੋਂ ਉਲਟ ਇਸ ਸ਼ਬਦ ਦੀ ਅੰਤਮ ਤੁਕ ਮੂਜਬ ਸਿਖਯਾ ਦਾਤੇ ਸਨ ?

ਪੁਨਃ—

(ਹ) ਜੋ ਕਹੋ ਰਾਮ ਅਯੋਨ ਅਜੈ ਅਤਿ
ਕਾਹੇ ਕੋ ਕੌਸਲ ਕੁਖਿ ਜਯੋ ਜੂ॥
ਕਾਲ ਹੂੰ ਕਾਲ ਕਹੈ ਜਿਹ ਕੋ
ਕਿਹ ਕਾਰਣ ਕਾਲ ਤੇ ਦੀਨ ਭਯੋ ਜੂ॥
ਸੰਤ ਸਰੂਪ ਬਿਬੈਰ ਕਹਾਯ
ਸੁ ਕਯੋ ਪਥ ਕੋ ਰਥ ਹਾਂਕ ਧਯੋ ਜੂ॥
ਤਾਹੀਕੋ ਮਾਨ ਪ੍ਰਭੂ ਕਰਕੈ
ਜਿਹਕੋ ਕੋਊ ਭੇਦ ਨ ਲੇ, ਨ ਲਯੋ ਜੂ॥
(ਤੇਤੀ ਸਵੈਯੇ ਪਾਤਸ਼ਾਹੀ ੧੦)

ਸੂਚਨਾ--ਕੀ ਆਪ ਇਸ ਮਹਾਂਵਾਕ ਤੋਂ ਉਲਟ ਮੰਨਨ ਕਰਨਾ ਯੋਗ ਸਮਝਦੇ ਹੋ ?

ਪੁਨਾਃ—

(ਕ) ਕਯੋਂ ਕਹੁ ਕ੍ਰਿਸਨ ਕ੍ਰਿਪਾਨਿਧਿ ਹੈ
ਕਿਹ ਕਾਜ ਤੇ ਬੱਧਕ ਬਾਨ ਲਗਾਯੋ।
ਔਰ ਕੁਲੀਨ ਉਧਾਰਤ ਜੋ
ਕਿਹ ਤੇ ਅਪਨੋ ਕੁਲ ਨਾਸ ਕਰਾਯੋ॥
ਆਦਿ ਅਯੋਨਿ ਕਹਾਯ ਕਹੋ
ਕਿਮ ਦੇਵਕਿ ਕੇ ਜਠਰੰਤਰ ਆਯੋ॥
ਤਾਤ ਨ ਮਾਤ ਕਹੈਂ ਜਿਹ ਕੋ
ਤਿਹ ਕਯੋਂ ਬਸੁਦੇਵਹਿ ਬਾਪ ਕਹਾਯੋ॥
(ਤੇਤੀ ਸਵੈਯੇ ਪਾਤਸ਼ਾਹੀ ੧੦)

ਸੂਚਨਾ--ਕੀ ਆਪ ਏਹੋ ਜਿਹੇ ਰੱਬਾਂ ਨਾਲ ਅਪਨੇ ਦਸਾਂ ਗੁਰਾਂ ਨੂੰ ਭੀ ਰਲੌਨਾ ਸੁਭ ਸਮਝਦੇ ਹੋ ?

ਪੁਨਾਃ—

(ਖ) ਜਾਲ ਬਧੇ ਸਭਹੀ ਮ੍ਰਿਤ ਕੇ

ਕੋਊ ਰਾਮ ਰਸੂਲ ਨ ਬਾਚਨ ਪਾਏ ॥
ਦਾਨਵ ਦੇਵ ਫਨਿੰਦ ਧਰਾਧਰ
ਭੂਤ ਭਵਿੱਖ ਉਪਾਯ ਮਿਟਾਏ ॥
ਅੰਤ ਮਰੇ ਪਛਤਾਯ ਪ੍ਰਿਥਵੀਪਰ
ਜੇ ਜਗ ਮੈ ਅਵਤਾਰ ਕਹਾਏ ॥
ਰੇ ਮਨ ਲੈਲ ਇਕੇਲਹੀ ਕਾਲ ਕੇ
ਲਾਗਤ ਕਾਹਿ ਨ ਪਾਯਨ ਧਾਏ ॥ ੨੩॥
(ਤੇਤੀ ਸਵੈਯੇ ਪਾ: ੧੦)

ਸੂਚਨਾ--ਕੀ ਆਪ ਇਸ ਮੁਖ ਵਾਕ ਤੋਂ ਵਿਰੁੱਧ ਵਰਤੋਂ ਕਰਕੇ ਖਾਲਸਾ ਪਦਵੀ ਦੇ ਅਧਕਾਰੀ ਰੈਹ ਸਕਦੇ ਹੋ ?

ਗੱਲਕੀ ਜਿਸ ਸ੍ਰੇਣੀ ਤੇ ਜਿਸ ਇਜ਼ਤ ਵਿਚ ਉਤੇ ਲਿਖੇ ਅਵਤਾਰ ਮੰਨੇ ਹਨ, ਕੀ ਉਸੇ ਸ੍ਰੇਣੀ ਵਿਚੋਂ ਸ੍ਰੀਗੁਰੂ ਨਾਨਕ ਦੇਵ ਜੀ ਤੋਂ ਲੈਕੇ ਦਸਮ ਗੁਰੂ ਜੀ ਤਕ ਨੂੰ ਮੰਨਕੇ ਪ੍ਰਸਿੰਨ ਹੋ ?

ਬਸ ਉਤਲੇ ਸਬੂਤਾਂ ਤੋਂ ਸਿੱਧ ਹੈ, ਕਿ "ਸਾਡੇ ਦਸੇ ਗੁਰੂਆਂ ਨੂੰ ਉਤੇ ਦੱਸੀ ਅਵਤਾਰਸ੍ਰੇਣੀ ਵਿਚ ਸ਼ਾਮਲ ਕਰਨਾ ਵਡਾਈ ਕਰਨ ਦੇ ਥਾਂਓ ਉਨ੍ਹਾਂ ਦੀ ਹਤਕ (ਭਾਵ ਨਿੰਦਯਾ) ਕਰਨੀ ਹੈ, ਕਿਉਂਕਿ ਜਦ ਅਸੀ ਸਤਿਗੁਰਾਂ ਦੇ ਜੀਵਨਾਂ ਦੀ **ਧਰਮ ਕੁਰਬਾਨੀਆਂ, ਦੇਸ ਹਿਤਕਾਰਤਾ, ਅਕਾਲ ਪ੍ਰਚਾਰਤਾ, ਦੀਨ ਪ੍ਰਿਤਪਾਲਤਾ** ਦਾ ਮੁਕਾਬਲਾ ਦੁਨੀਆਂ ਭਰਦੇ ਅਵਤਾਰਾਂ ਪੈਗੰਬ੍ਰਾਂ ਨਾਲ ਕਰਦੇ ਹਾਂ ਤਾਂ ਬੇਓੜਕ ਉਚਾ ਤੇ ਸੁੱਚਾ ਪਾਉਂਦੇ ਹਾਂ, ਅਤੇ ਸਾਬਤ ਹੁੰਦਾ ਹੈ ਕਿ "ਸਤਿਗੁਰਾਂ ਨੂੰ ਅਵਤਾਰਾਂ ਦੀ ਪਦਵੀ ਦੇਕੇ ਵਡਾਈ ਕਰਨ ਦੇ ਥਾਓਂ ਨਿੰਦਿਆ ਕਰਨੀ ਹੈ" ।

ਪੁਨਾਃ—

ਰਾਮਕਲੀ ਮਹਲਾ ੫

ਸਫਾ $\frac{੮੯੪}{੧੯੦}$ ਸ੍ਰੀਗੁਰੂਃ

(ਗ) ਅਵਤਾਰ ਨ ਜਾਨਹਿ ਅੰਤੁ।ਪਰਮੇਸਰੁ ਪਾਰਬ੍ਰਹਮ ਬੇਅੰਤੁ ।

ਆਸਾ ਮਹਲਾ ੩

ਸਫਾ $\frac{੪੨੩}{੩੧੧}$ ਸ੍ਰੀਗੁਰੂਃ

(ਘ) ਜੁਗਹ ਜੁਗਹ ਕੇ ਰਾਜੇ ਕੀਏ, ਗਾਵਹਿ ਕਰ ਅਵਤਾਰੀ।
ਤਿਨਭੀ ਅੰਤੁ ਨ ਪਾਇਆ,ਤਾਂਕਾ,ਕਿਆਕਰਿ ਆਖ ਵੀਚਾਰੀ

ਆਸਾ ਛੰਤ ਮਹਲਾ ੫

ਸਫਾ $\frac{੪੫੫}{੪੦੬}$ ਸ੍ਰੀਗੁਰੂਃ

(ਙ) ਕੋਟ ਬਿਸਨੁ ਅਵਤਾਰ, ਸ਼ੰਕਰ ਜਟਾਧਾਰ ॥
ਚਾਹਹਿ ਤੁਝਹਿ ਦਇਆਰ, ਮਨ ਤਨ ਰੁਚਿ ਅਪਾਰ ॥

ਸੂਹੀ ਮਹਲਾ ੫

ਸਫਾ $\frac{੭੪੧}{੬੬੩}$ ਸ੍ਰੀਗੁਰੂਃ

(ਚ) ਦਸ ਅਉਤਾਰ ਰਾਜੇ ਹੋਇ ਵਰਤੇ, ਮਹਾਂਦੇਵ ਅਉਧੂਤਾ ॥
ਤਿਨ ਭੀ ਅੰਤੁ ਨ ਪਾਇਓ ਤੇਰਾ, ਲਾਇ ਥਕੇ ਬਿਭੂਤਾ ॥

ਸੂਚਨਾ

ਕੀ ਆਪ ਦਸੋਂ ਸਤਿਗੁਰਾਂ ਨੂੰ ਉਤੇ ਦਰਜ ਕੀਤੇਗਏ ਸ਼ਬਦਾਂ ਦੇ ਅਨੁਸਾਰੀ ਜਥੇ ਵਿਚੋਂ ਮੰਨ ਕੇ ਹਿੰਦੂਆਂ ਦੇ ਅਵਤਾਰਾਂ ਦੇਵੀ, ਦੇਵਤਿਆਂ ਅਤੇ ਮੁਸਲਮਾਨ ਮਤ ਆਦਿ ਦੇ ਪੈਗੰਬਰਾਂ ਆਦਿ ਦੀ ਤੁੱਲਤਾ ਦੇ, ਦਵਾਕੇ ਪ੍ਰਸੰਨ ਹੋ ? ਹਰਗਿਜ਼ ਨਹੀ।

ਬੱਸ ਜੇ ਸੱਚ ਮੁੱਚ ਆਪ ਸਾਹਿਬ ਦਸਾਂ ਗੁਰਾਂ ਨੂੰ ਆਪਣੀ ਵਿਚਾਰ ਰੂਪੀ ਤਕੜੀ ਦੇ ਅਵਤਾਰ, ਪੈਗੰਬਰ ਆਦਿ ਭਰੇ ਪਲੜੇਨਾਲ ਬ੍ਰਾਬਰ (ਤੁਲਤਾ ਸਰੂਪ) ਤੋਲਦੇ ਹੋ (ਭਾਵ ਮੰਨਦੇ ਹੋ) ਤਾਂ ਸਤਿਗੁਰਾਂ ਦੀ ਮੁੜਫੇਰ ਜਗਤ ਵਿਚ ਆਉਨ (ਜਨਮਲੈਨ) ਦੀ ਕੀ ਲੋੜ ਸੀ ? ਜਦ ਕਿ ਓਨ੍ਹਾਂ (ਭਾਵ ਆਪਦੇ ਮੰਨੇ ਮੂਜਬ ਦਸਾਂਗੁਰਾਂ) ਦੀ ਪ੍ਰਿਥਮ ਜੁਗਾਂ ਸਬੰਧੀ ਧਾਰਮਕ ਅਵਸਥਾ ਉਨ੍ਹਾਂ ਦੇ ਮਤਅਨੁਸਾਰ ਬੰਧੀ ਬਧਾਈ ਕਾਇਮ ਸੀ, ਅਤੇ ਓਨ੍ਹਾਂ ਸਬੰਧੀ ਬੇਅੰਤ ਪੁਸਤਕਾਂ ਬੜੇ ਜੋਰ ਨਾਲ ਪ੍ਰਕਾਸ਼ਤ ਤੇ ਪ੍ਰਚਲਤ ਸਨ, ਬਲਕੇ ਪ੍ਰਵਾਣੀਕ ਮੰਨੀਆਂਜਾਂਦੀਆਂਸਨ।

ਪਰ ਇਨ੍ਹਾਂ ਸਭਨਾਂ ਦੇ ਹੁੰਦਿਆਂ ਸ੍ਰੀਗੁਰੂ ਨਾਨਕ ਦੇਵ ਜੀ (ਅਪਨੇ ਦਸੋਂ ਜਾਮਿਆਂ (ਸਰੂਪਾਂ) ਵਿਚ) ਜਰੂਰ ਸੰਸਾਰ ਦੇ ਉਧਾਰ ਹਿਤ ਪ੍ਰਗਟ ਹੋਏ, ਅਤੇ ਸੰਸਾਰ ਵਿਚ ਆਕੇ ਉਤੇ ਦੱਸੀ ਪ੍ਰਵਿਰਤਕ ਧਾਰਮਿਕ ਪੁਸਤਕਾਂ ਦੇ ਬਾਉਂ **ਸ੍ਰੀਗੁਰੂ ਗ੍ਰੰਥ-ਸਾਹਿਬ** ਜੀ ਰਚੇ, ਜੋ **ਕੁਰਾਨ, ਅਜੀਲ, ਵੇਦ** ਆਦਿ ਰਦ ਕਰਕੇ ਧਰਮ ਦ੍ਰਿੜਤਾ ਲਈ ਸੂਰਜ ਵਤ ਪ੍ਰਕਾਸ਼ਿਤ ਹਨ।

ਇਸੇਤ੍ਰਾਂ ਹਿੰਦੂ, ਈਸਾਈ, ਮੂਸਾਈ, ਮੁਸਲਮਾਨ ਆਦਿ ਕੌਮਾਂ ਦੇ ਹੁੰਦਿਆਂ **ਖਾਲਸਾ ਕੌਮ** ਇਕ ਭਿੰਨ ਕੌਮ ਕਾਇਮ ਕੀਤੀ, ਜੋ ਦੁਨੀਆਂ ਦੀ ਅਜੇਤਕ ਪ੍ਰਵਿਰਤ ਛੋਟੀ ਬੜੀ ਕੌਮਾਂ ਦੇ ਮੁਕਾਬਲੇ ਹਰਪ੍ਰਕਾਰ ਅਦੁਤੀ ਹੈ।

ਔਰ ਇਸ ਦੀ ਰਹਿਤ, ਮ੍ਰਯਾਦਾ ਉਸ ਦਰਜੇ ਦੀ ਉੱਚੀ ਸੁੱਚੀ ਕਾਇਮ ਕੀਤੀ ਜਿਸਦਾ ਮੁਕਾਬਲਾ ਕਿਸੇ ਕੌਮ ਦੀ ਮ੍ਰਯਾਦਾ ਨਹੀਂ ਕਰਸਕਦੀ।

(੧੨) **ਹੁਣ** ਸੁਤੇ ਹੀ ਪ੍ਰੇਮੀ ਵੀਰਾਂ ਵਲੋਂ ਪ੍ਰਸ਼ਨ ਉਤਪਨ ਹੁੰਦਾ ਹੈ ਕਿ ਜੇਕਰ ਦਸੇ ਗੁਰੂ ਸਾਹਿਬ ਹਿੰਦੂਆਂ ਦੇ ਅਵਤਾਰਾਂ ਤੇ ਈਸਾਈ, ਮੂਸਾਈ, ਮੁਸਲਮਾਨ ਆਦਿ ਦੇ ਪੈਗੰਬਰਾਂ ਤੋਂ ਬੜੇ ਹੀ ਉਚੇ ਸਨ, ਤਾਂ

ਓਹ ਜਰੂਰ ਰੱਬ (ਅਕਾਲਪੁਰਖੁ) ਹੋਏ, ਜਿਨਾਂ ਨੂੰ **ਭੱਟਬਾਣੀ** ਭੀ ਆਪਣੀ ਰਚਨਾਂ ਮੂਜਬ ਉਹੇ ਸਾਬਤ ਕਰਦੀਹੈ॥


ਬੱਸ ਏਨ੍ਹਾਂ ਖਜਾਲਾਂ ਤੋਂ ਸਿਧ ਹੋਯਾ ਕਿ ਏਹੋ ਜਿਹੇ ਖਜਾਲਾਂਵਾਲੇ ਸਜਨ ਗੁਰੂਬਾਣੀ ਦੇ ਪਵਿਤ੍ਰ ਭਾਵਾਂ ਤੋਂ ਉਕੇ ਹੀ ਅਗਜਾਤ ਹਨ॥

ਜਿਸਦਾ ਸਬੂਤ ਉਤੇ ਦੱਸੀ ਥੋੜੀਜਿਹੀ ਗੁਰੂਬਾਣੀਦੇ ਪ੍ਰਮਾਣਾਂ ਤੋਂ ਸਿੱਧ ਹੁੰਦਾ ਹੈ॥

ਲਓ ਹੁਣ ਆਪਦੇ ਪ੍ਰਸ਼ਨ ਦੇ ਉਤ੍ਰ ਸਬੰਧੀ ਦਸਾਗੁਰਾਂ ਦੀ ਉਚਤਾ ਦਾ ਅੰਦਾਜਾ, ਅਗੇ ਲਿਖੇ ਚਿਤ੍ਰ (ਧਰਮ ਜੀਵਨ ਤੁਲਾ) ਨੂੰ ਸਮਝਕੇ ਭਰਮਚਿਤ ਦੂਰ ਕਰੋ॥

ਨੋਟਃ—

ਅਗਲੇ ਸਫੇ ਪਰ ਧਰਮ ਜੀਵਨ ਤੁਲਾ ਦਾ ਚਿੱਤ੍ਰ ਦੇਖੋ


ਧਰਮਜੀਵਨਤੁਲਾ
ਬਿਸਨੂੰਜੀ ਬ੍ਰਹਮਾਜੀ ਸਿਵਜੀ
ਸ੍ਰੀਰਾਮਚੰਦ੍ਰ ਜੀ ਸ੍ਰੀ ਕ੍ਰਿਸਨ ਮੁਹੰਮਦ
ਈਸਾ ਜੀ ਆਦਿ
ਸੂਚਨਾ—ਇਸ ਵਿਸ਼੍ਵਾਸਤਾ ਦ੍ਰਿੜਤਾ ਰੂਪੀ ਤੱਕੜੀ (ਕਾਂਤਾ) ਦ੍ਵਾਰਾ ਖਾਲਸਾ ਧਰਮ ਦੀ ਕਸਵੱਟੀ ਨਾਲ ਦਸਾਂ ਗੁਰਾਂ ਦੇ ਮਾਣ ਦਾ, ਹਿੰਦੂ, ਮੁਸਲਮਾਨ, ਈਸਾਈ, ਮੂਸਾਈ ਆਦਿ ਕੌਮਾ ਦੇ ਅਵਤਾਰਾਂ ਤੇ ਪਗੰਬਰਾਂ ਦੇ ਮੁਕਾਬਲੇ ਲਈ ਮਾਪ-ਤੋਲ ਕੀਤਾ ਗਿਆ ਹੈ, ਜਿਸਤੋਂ ਸਾਬਤ ਹੈ ਕਿ ਦਸੇ ਗੁਰੂ ਸਾਹਿਬਾਂ ਦੀ ਉੱਚਤਾ ਦਾ ਪਲੜਾ ਕਿਤਨਾ ਭਾਰੀ ਹੈ ਕਿਉਂਕਿ ਸਤਿਗੁਰਾਂ ਦਾ ਪਲੜਾ ਧਰਤੀ ਦੀ ਰੋਕ ਕਰਕੇ ਅਟਕ ਗਿਆ ਹੈ, ਪਰ ਜੇ ਧਰਤੀ ਰੁਕਾਵਟ ਨਾ ਕਰਦੀ ਤਾਂ ਸਤਿਗੁਰਾਂ ਦਾ ਪਲੜਾ ਇਸ "ਧਰਮਜੀਵਨ ਤੁਲਾ" ਨਾਲ ੧੮੦ ਦਰਜੇ ਦਾ ਛਾਵੀਆ ਬਣਾ ਦਿੰਦਾ। ਪਰ ਫਿਰ ਭੀ ਇਤਨੀ ਉੱਚਤਾ ਹੁੰਦਿਆ ਹੋਇਆ ਗੁਰੂ ਜੀ ਅਕਾਲ ਪੁਰਖ (ਰੱਬ) ਨਹੀਂ ਸਨ ਗੁਰੂ ਸਨ
ਦਸੇ ਗੁਰੂ ਸਾਹਿਬਾਂ
ਵਿਚੋ ਕੋਈ ਇਕ
ਗੁਰੂ
ਧਰਤੀ

ਬਸ ਉਤੇ ਦਿਤੇ ਗਏ ਚਿਤ੍ਰ ਤੋਂ ਚੰਗੀਤਰਾਂ ਪਤਾ ਲਗ ਸਕਦਾ ਹੈ

ਕਿ { **ਪੰਚ ਖਾਲਸਾ ਦੀਵਾਨ** ਅਰਥਾਤ **ਖਾਲਸਾ ਪਾਰਲੀਮੈਂਟ** } ਅਤੇ

ਉਸਦੇ ਸਮੂਹ ਸੇਵਕਾਂ ਦੇ ਅਟੱਲ ਨਿਸਚੇ ਵਿਚ ਦੁਨੀਆਂ ਭਰਦੇ ਅਵਤਾਰਾਂ ਅਤੇ ਓਨ੍ਹਾਂ ਦੇ ਪੈਗੰਬ੍ਰਾਂ ਦੇ ਮੁਕਾਬਲੇ ਵਿਚ ਦਸੇ ਗੁਰੂ ਸਾਹਿਬਾਂ ਦੀ ਹਰਪ੍ਰਕਾਰ ਉੱਚਤਾ ਸਬੰਧੀ ਕਿਤਨਾਕ **ਮਾਣ** ਹੈ ਪਰ ਏਹ ਸਭ ਹੁੰਦਿਆਂ ਹੋਯਾਂ ਭੀ ਸਤਿਗੁਰੂ ਜੀ **ਰੱਬ** ਜਾ **ਅਕਾਲਪੁਰਖ** ਨਹੀਂ ਸਨ, ।

ਪਰ ਇਸਤੋਂ ਵਿਰੁਧ ਕਥਨ ਕਰਨ ਵਾਲੇ ਪ੍ਰੇਮੀ ਸਤਿਗੁਰਾਂ ਦੀ ਪਵਿਤ੍ਰ ਬਾਣੀ ਦੇ ਭਾਵ ਤੋਂ ਉਕੇਹੀ ਅਗਜਾਤ ਸਾਬਤ ਹੁੰਦੇ ਹਨ ।

ਸਜਨੋ ! ਭੱਟਬਾਣੀ ਵਿਚ **ਵਾਹਿਗੁਰੂ** ਪਦ ਕੇਵਲ ਗੁਰੂ ਸਾਹਿਬਾਂ ਦੇ ਯਸ ਦਾ ਬੋਧਕ ਹੈ, ਇਹ ਪਦ ਅਕਾਲ ਬੋਧਕ, ਉਕਾ ਹੀ ਨਹੀਂ ।

ਅਸੀ ਭੱਟਬਾਣੀ ਵਿਚੋਂ ਹੀ ਆਪਣੇ ਨਿਸਚੇ ਦਾ ਸਬੂਤ ਦੇਕੇ ਸੰਸਾਪੂਰਤ ਸਜਨਾਂ ਨੂੰ ਸਾਬਤ ਕਰਾਂਗੇ ਕਿ "ਓਹ ਸਾਡੇ ਖਾਲਸੇ ਵੀਰ ਦਸਾਂ ਗੁਰੂਆਂ ਨੂੰ ਅਵਤਾਰ ਪਦਵੀ ਦੇਣ ਕਰਕੇ ਉਕੇਹੀ ਭੁਲੇਖੇ ਵਿਚ ਹਨ"।

+ ਯਥਾ ਸਬੂਤ +

ਸਵਈਏ ਮਹਲੇ ਚਉਥੇ ਕੇ

ਭੱਟਬਾਣੀ ਸਵੈਯਾ ਨੰ: ੫

(ਜ) ਜਿਨਹੁ ਬਾਤ ਨਿਸਚਲ ਧ੍ਰਅ ਜਾਨੀ,
ਤੇਈ ਜੀਵ ਕਾਲ ਤੇ ਬਚਾ ॥
ਤਿਨ ਤਰਿਓ ਸਮੁੰਦ੍ਰ ਰੁਦ੍ਰ ਖਿਨ ਇਕ ਮਹਿ,
*ਜਲਹਰਬਿੰਬ ਜੁਗਤਿ ਜਗੁ ਰਚਾ ॥
†ਕੁੰਡਲਨੀ ਸੁਰਝੀ ਸਤਸੰਗਤਿ,
ਪਰਮਾਨੰਦ ਗੁਰੂਮੁਖਿ ਮਚਾ ॥
ਸਿਰੀ ਗੁਰੂ ਸਾਹਿਬ ਸਭ ਊਪਰਿ,
ਮਨ ਬਚ ਕ੍ਰੰਮ ਸੇਵੀਐ ਸਚਾ ॥

ਭੱਟਬਾਣੀ ਸਵੈਯਾ ਨੰ: ੬

ਵਾਹਿ ਗੁਰੂ ਵਾਹਿ ਗੁਰੂ ਵਾਹਿ ਗੁਰੂ ਵਾਹਿ ਜੀਉ ॥
ਕਵਲ ਨੈਨ ਮਧੁਰ ਬੈਨ ਕੋਟਿ ਸੈਨ ਸੰਗ ਸੋਭ,
‡ਕਹਤ ਮਾਂ ਜਸੋਦ ਜਿਸਹਿ ਦਹੀ ਭਾਤੁ ਖਾਹਿ ਜੀਉ ॥
ਦੇਖਿ ਰੂਪੁ ਅਤਿ ਅਨੂਪੁ ਮੋਹ ਮਹਾਂ ਮਗ ਭਈ,
§ਕਿੰਕਨੀਸਬਦ ਝੁਨਤਕਾਰ ਖੇਲੁ ਪਾਹਿ ਜੀਉ ॥
ਕਾਲਕਲਮ ਹੁਕਮਹਾਥਿ ਕਹਹੁ ਕਉਨੁ ਮੇਟਿ ਸਕੈ,
ਈਸ ਬੰਮ੍ਹ ਗਜਾਨ ਧਜਾਨ ਧਰਤ ਹੀਐ ਚਾਹਿ ਜੀਉ ॥
ਸਤਿ ਸਾਚੁ ਸ੍ਰੀਨਿਵਾਸੁ ਆਦਿ ਪੁਰਖੁ ਸਦਾ ਤੁਹੀ,
ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ॥

---

*ਜਲਦੇ ਬੁਲਬੁਲੇ ਵਤ (ਨਾਸਵੰਤ)
†ਚੇਤਨ ਤੇ ਜੜ੍ਹਦੀ ਗਠ ਸੁਲਝਗਈ, ਭਾਵ ਅਗਜਾਨ ਨਾਸ਼ ਹੋਗਿਆ
‡ਜਿਸ ਨੂੰ ਮਾਤਾ ਜਸੋਦਾਂ ਜੀ ਦਹੀਂ ਤੇ ਅੰਨ ਛਕਨ ਨੂੰ ਆਖਦੀ ਹੁੰਦੀ
§ਤੜਾਗੜੀ ਦੀ ਛੁਣ ਛੁਣ ਦੀ ਆਵਾਜ਼ ॥

ਭੱਟਬਾਣੀ ਸਵੈਯਾ ਨੰ: ੭

(ੜ) ਰਾਮਨਾਮ ਪਰਮਧਾਮ ਸੁਧਬੁਧ ਨਿਰੀਕਾਰ,
ਬੇਸੁਮਾਰ ਸਰਬਰ ਕਉ ਕਾਹਿ ਜੀਉ ॥
ਸੁਥਰਚਿਤ ਭਗਤਹਿਤ ਭੇਖੁ ਧਰਿਓ,
*ਹਰਨਾਖਸ ਹਰਿਓ ਨਖਬਿਦਾਰਿ ਜੀਉ ॥
ਸੰਖ ਚਕ੍ਰ ਗਦਾ ਪਦਮ ਆਪਿ ਆਪੁ ਕੀਓ ਛਦਮ,
ਅਪਰੰਪਰ ਪਾਰਬ੍ਰਹਮ ਲਖੈ ਕਉਨੁ ਤਾਹਿ ਜੀਉ ॥
ਸਤਿ ਸਾਚੁ ਸ੍ਰੀਨਿਵਾਸੁ ਆਦਿਪੁਰਖ ਸਦਾ ਤੁਹੀ,
ਵਾਹਿ ਗੁਰੂ ਵਾਹਿ ਗੁਰੂ, ਵਾਹਿ ਗੁਰੂ ਵਾਹਿ ਜੀਉ ॥

ਭੱਟਬਾਣੀ ਸਵੈਯਾ ਨੰ: ੮

(ਢ) †ਪੀਤਬਸਨ ‡ਕੁੰਦਦਸਨ ÷ਪ੍ਰਿਆਸਹਿਤ ਕੰਠ ਮਾਲ,
ਮੁਕਟੁ ਸੀਸਿ ਮੋਰਪੰਖ, ਚਾਹਿ ਜੀਉ ।
ਬੇਵਜੀਰ ਬਡੇ ਧੀਰ ਧਰਮਅੰਗ ਅਲਖ ਅਗਮ,
ਖੇਲੁ ਕੀਆ ਆਪਣੈ ਉਛਾਹਿ ਜੀਉ ।
ਅਕਥਕਥਾ ਕਥੀ ਨ ਜਾਇ ਤੀਨਿਲੋਕ ਰਹਿਆ ਸਮਾਇ,
ਸੁਤਹਸਿਧ ਰੂਪੁ ਧਰਿਓ ਸਾਹਨ ਕੈ ਸਾਹਿ ਜੀਉ ।
ਸਤਿਸਾਚੁ ਸ੍ਰੀਨਿਵਾਸੁ ਆਦਿਪੁਰਖੁ ਸਦਾ ਤੁਹੀ,
ਵਾਹਿ ਗੁਰੂ ਵਾਹਿ ਗੁਰੂ ਵਾਹਿ ਗੁਰੂ ਵਾਹਿ ਜੀਉ ॥ ੮ ॥

ਭੱਟਬਾਣੀ ਸਵੈਯਾ ਨੰ: ੧੧

(ਣ) ਸੇਵਕ ਕੈ ਭਰਪੂਰ ਜੁਗੁ ਜੁਗੁ
ੳ**ਵਾਹਗੁਰੂ** ਤੇਰਾ ਸਭੁ ਸਦਕਾ ।

---

*ਹਰਨਾਖਸ਼ ਦੈਂਤ ਨੌਂਹਾਂ ਨਾਲ ਪਾੜ ਮਾਰਿਆ ਸੀ।
†ਪੀਲੇ ਬਸਤ੍ਰ, ‡ਕਲੀ ਦੇ ਫੁੱਲਾਂਵਤ ਦੰਦ (ਪੂਰਨ ਚਿਟੇ ਦੰਦ)
÷ਪਜਾਰੀ ਇਸਤ੍ਰੀ ਸੰਯੁਕਤ (ਲਛਮੀ ਯਾ ਰਾਧਕਾ ਸੰਯੁਕਤ)
ੳਧੰਨਜ ਗੁਰੂ ।

ਨਿਰੰਕਾਰੁ ਪ੍ਰਭੁ ਸਦਾ ਸਲਾਮਤਿ,
ਕਹਿ ਨ ਸਕੈ ਕੋਊ ਤੂ ਕਦਕਾ।
ਬ੍ਰਹਮਾ ਬਿਸਨ ਸਿਰੇ ਤੈ ਅਗਨਤ,
ਤਿਨ ਕਉ ਮੋਹੁ ਭਯਾ ਮਨ ਮਦਕਾ।
ਚਵਰਾਸੀਹ ਲਖ ਜੋਨਿ ਉਪਾਈ,
ਰਿਜਕੁ ਦੀਆ ਸਭਹੂ ਕਉ ਤਦਕਾ।
ਸੇਵਕ ਕੈ ਭਰਪੂਰ ਜੁਗੁ ਜੁਗੁ,
ਵਾਹਗੁਰੂ ਤੇਰਾ ਸਭੁ ਸਦਕਾ॥

ਭੱਟਬਾਣੀ ਸਵੈਯਾ ਨੰ: ੧੩

(ਠ) ਕੀਆ ਖੇਲੁ ਬਡ ਮੇਲੁ ਤਮਾਸਾ,
ਵਾਹਿਗੁਰੂ ਤੇਰੀ ਸਭ ਰਚਨਾ।
ਤੂ ਜਲਿ ਥਲਿ ਗਗਨਿ ਪਯਾਲਿ ਪੂਰਿ ਰਹ੍ਯਾ,
ਅੰਮ੍ਰਿਤ ਤੇ ਮੀਠੇ ਜਾਕੇ ਬਚਨਾ।
ਮਾਨਹਿ ਬ੍ਰਹਮਾਦਿਕ ਰੁਦ੍ਰਾਦਿਕ,
ਕਾਲ ਕਾ ਕਾਲੁ ਨਿਰੰਜਨ ਜਚਨਾ।
ਗੁਰਪ੍ਰਸਾਦਿ ਪਾਈਐ ਪਰਮਾਰਥੁ,
ਸਤਸੰਗਤਿ ਸੇਤੀ ਮਨੁ ਖਚਨਾ।
ਕੀਆ ਖੇਲੁ ਬਡ ਮੇਲ ਤਮਾਸਾ, **ਵਾਹਗੁਰੂ** ਤੇਰੀ ਸਭ ਰਚਨਾ॥

ਸੂਚਨਾ--ਉਪ੍ਰੋਕਤ ਸਵਈਏ ਨੰ: ੫, ੬, ੭, ੮, ੧੧, ੧੩ ਵਿਖੇ **ਵਾਹਿਗੁਰੂ** ੧੩ ਵੇਰ ਔਰ **ਵਾਹਗੁਰੂ** ਪਦ ੩ ਵਾਰੀ ਵਰਤਿਆ ਹੋਯਾ ਹੈ॥

ਜਿਸਦੇ ਅਰਥਾਂ ਨੂੰ ਨਾਂ ਸਮਝਦਿਆਂ ਹੋਯਾਂ ਕੇਵਲ ਉਪ੍ਰੋਕਤ ਸ਼ਬਦਾਂ ਦੇ ਆਧਾਰ ਪਰ ਕਈਕ ਗੁਰਮਤਕੱਸ੍ਰਟੀ ਅਗਜਾਤ ਖਾਲਸਾ ਭਾਈ ਢੰਡੋਰਾ ਦਿੰਦੇ ਹਨ ਕਿ "ਏਹੀ ਪਦ ਖਾਲਸਾ ਜੀਦੀ ਜੀਵਨ ਬੂਟੀ ਭਾਵ **ਨਾਮ ਅਭ੍ਯਾਸ** ਸਬੰਧੀ ਮਹਾਂ ਮੰਤ੍ਰ

(ਇਸਮ ਆਜਮ) ਹੈ"

(੧੩) ਯਾਂਤੇ ਓਨ੍ਹਾਂ ਸਜਨਾ ਦੀ ਵਿਚਾਰ ਹਿਤ ਕੁਛਕ ਜਰੂਰੀ ਪ੍ਰਸ਼ਨ ਹੇਠਾਂ ਲਿਖਦੇ ਹਾਂ !

ਯਥਾਃ—

(ੳ) ਜਦ ਏਹ ਮੰਨੀ ਪਰਮੰਨੀ ਬਾਤ ਹੈ ਕਿ "ਸਾਰੀ ਦੀ ਸਾਰੀ **ਭੱਟਬਾਣੀ** ਭੱਟ ਮੰਡਲੀ ਦੇ ਭਿੰਨ ੨ ਪੁਰਸ਼ਾਂ ਵਲੋਂ ਆਪਣੇ ਮਤਿ ਅਨੁਸਾਰ **ਗੁਰੂਯਸ** ਸਰੂਪ ਹੈ, ਫਿਰ ਉਪ੍ਰੋਕਤ **ਵਾਹਿਗੁਰੂ** ਪਦ ਦੇ ਅਰਥ ਉਤੇ ਦੱਸੇ ਪ੍ਰਸੰਗ ਅਨੁਸਾਰ ਕੀ ਕਰੋਗੇ ?

ਇਤ੍ਰਾਜ ਜੇ **ਵਾਹਿਗੁਰੂ** ਪਦ ਦੇ ਅਰਥ ਅਕਾਲਪੁਰਖੁ, ਈਸੁਰ, ਰੱਬ ਆਦਿ ਕਰੋਗੇ, ਤਾਂ ਬਣਦੇ ਨਹੀ, ਜੈਸਾ ਕਿ ਇਸ ਕਾਂਡ ਦੇ ਆਰੰਭ ਵਿਚ ਸਾਬਤ ਹੋਚੁਕਿਆ ਹੈ, ਕਿ ਸਤਿਗੁਰੂ ਜੀ ਭਾਂਵੇਂ ਅਵਤਾਰ ਸੰਗਿਆ ਤੋਂ ਬੇ ਓੜਕੇ ਉਚੇ ਤੇ ਸੁੱਚੇ ਹਨ ਪ੍ਰੰਤੂ ਓਹ ਰੱਬ, (ਅਕਾਲਪੁਰਖੁ) ਨਹੀਂ ॥

ਸਬੂਤ

ਸੋ ਕਿਮ ਮਾਨਸ ਰੂਪ ਕਹਾਏ ।
ਸਿਧ ਸਮਾਧਿ ਸਾਧ ਕਰ ਹਾਰੇ, ਕਯੋ ਹੂੰ ਨ ਦੇਖਨ ਪਾਏ ।
ਨਾਰਦ ਬਯਾਸ ਪਰਾਸਰ ਧ੍ਰੂਅਸੇ, ਧਯਾਵਤ ਧਯਾਨ ਲਗਾਏ।
ਬੇਦ ਪੁਰਾਨ ਹਾਰ ਹਠ ਛਾਡ੍ਯੋ, ਤਦਪਿ ਧਯਾਨ ਨ ਆਏ ।
ਦਾਨਵ ਦੇਵ ਪਿਸਾਚ ਪ੍ਰੇਤ ਤੇ, ਨੇਤਹਿ ਨੇਤਿ ਕਹਾਏ ।

ਸੂਛਮ ਤੇ ਸੂਛਮ ਕਰ ਚੀਨੇ, ਬ੍ਰਿੱਧਨ ਬ੍ਰਿਧ ਬਤਾਏ।
ਭੂਮ ਅਕਾਸ ਪਤਾਲ ਸਭੈ ਸਜ, ਏਕ ਅਨੇਕ ਸਦਾਏ।
ਸੋ ਨਰ ਕਾਲ ਫਾਸਿ ਤੇ ਬਾਚੇ, ਜੋ ਹਰਿਸਰਣ ਸਿਧਾਏ ॥

(ਹਜ਼ਾਰੇ ਸ਼ਬਦ ਪਾ: ੧੦)

ਹੋਰ ਪ੍ਰਮਾਨ ਦੇਖੋ ਇਸੀ ਕਾਂਡ ਦੇ ਆਰੰਭ ਪਰ ॥

ਬਸ ਉਤਲੇ ਪ੍ਰਮਾਣਾ ਤੋਂ ਸਾਬਤ ਹੋਯਾ ਜੋ **ਵਾਹਿਗੁਰੂ** ਪਦ ਜਰੂਰ**ਗੁਰੂ**ਬੋਧਕ ਹੈ ਭਾਵ ਇਸਦੇ ਅਰਥ ਧੰਨਜ ਗੁਰੂ, ਧੰਨਜ ਗੁਰੂ ਹੀ ਹੋਸਕਦੇ ਹਨ ॥

ਉਤਲੇ ਸਿੰਧਾਂਤ ਦੇ ਪੂਰਨ ਵਿਸਥਾਰ ਲਈ ਦੇਖੋ ਭੱਟਗਿਰਾ ਪ੍ਰਬੋਧ ਅਤੇ ਗੁਰ ਗਿਰਾ ਕੱਸੂਟੀ ਨਾਮੇ ਪੁਸਤਕਾਂ।

(ਵ) ਦੂਜੇ ਭੱਟ ਨਾਮੀ ਮੰਡਲੀ ਦੇ ਪੰਡਤ, ਸ੍ਰੀਗੁਰੂ ਅਰਜਨ ਦੇਵ ਜੀ ਦੇ ਹਜੂਰ ਆਏ ਜਿਨ੍ਹਾਂ ਦੀ ਉਚਾਰੀ ਹੋਈ **ਭੱਟਬਾਣੀ** ਵਿਚ **ਵਾਹਿਗੁਰੂ** ਸਬਦ ਪ੍ਰਗਟ ਹੋਯਾ!

ਇਸ ਪਰ ਏਹ ਸ੍ਵਾਲ ਉਤਪਨ ਹੁੰਦਾ ਹੈ ਕਿ "ਭੱਟਮੰਡਲੀ ਗੁਰੂਢਿਗ (ਭਾਵ ਪੰਚਮ ਗੁਰੂ ਢਿਗ) ਆਉਣ ਤੋਂ ਪਹਿਲਾਂ ਪੰਜੇ ਸਤਿਗੁਰੂ, ਅਤੇ ਓਨ੍ਹਾਂ ਦੇ ਸਿਖ ਕਿਸ **ਨਾਮੁ** (ਗੁਰਮੰਤ੍ਰ) ਦ੍ਵਾਰਾ ਅਕਾਲਪੁਰਖੁ ਦਾ ਆਰਾਧਨ(ਅਭ੍ਯਾਸ) ਕਰਦੇ ਸਨ"?

ਕਿਉਂਕਿ ਪੰਜੇ ਗੁਰੂ ਸਾਹਿਬਾਂ (ਬਲਕੇ ਦਸੋਂ ਗੁਰਾਂ) ਦੀ ਮੁਖਵਾਕ ਬਾਣੀ ਵਿਚ ਕਿਸੇ ਥਾਂਓ ਭੀ **ਵਾਹਿਗੁਰੂ** ਨਾਮੀ ਵਾਕ ਦਰਜ ਨਹੀਂ ਹੈ।

ਸੋ ਜਦ ਏਹ ਉਤਲੀ ਵਿਚਾਰ ਨਿਰਸੰਸੇ ਸਾਬਤ ਹੈ ਤਾਂ ਫੇਰ ਕਿਸ ਆਧਾਰ ਨਾਲ ਭੱਟਰਚਨਾਂ ਦਾ **ਵਾਹਿਗੁਰੂ** ਪਦ

ਅਕਾਲ ਬੋਧਕ ਮੰਨ ਕੇ ਨਾਮ ਅਭਜਾਸ ਵਿਚ ਵਰਤਜਾ ਜਾਂਦਾ ਹੈ ?

(ਣ) ਤੀਜੇ ਸਭ ਤੋਂ ਜਰੂਰੀ ਏ ਸ਼ੰਕਾ ਹੈ ਕਿ "ਜਦ ਦਸੇ ਗੁਰੂ ਸਾਹਿਬਾਂ ਦੀ ਮੁਖਵਾਕ ਬਾਣੀ ਵਿਚ ਏਹ **ਵਾਹਿਗੁਰੂ** ਪਦ ਉੱਕਾਹੀ ਨਹੀਂ, ਤਦ ਭੱਟਮੰਡਲੀ ਨੇ ਏਹ ਪਦ ਕਿਥੋਂ ਪ੍ਰਾਪਤ ਕੀਤਾ ?

(ਤ) ਚੌਥੇ ਜਦ ਦਸਾਂ ਗੁਰਾਂ ਦੀ ਮੁਖਵਾਕ ਬਾਣੀ ਵਿਚ ਤਾਂ ਏਹ **ਵਾਹਿਗੁਰੂ** ਪਦ ਹੈਹੀ ਨਹੀਂ ਪਰ ਉਸਦੇ ਥਾਂਓ **ਭੱਟਬਾਣੀ** ਵਿਚ ਜਰੂਰ ਹੈ, ਤਾਂ ਸਾਨੂੰ ਇਸ ਬਾਤ ਦੇ ਮੰਨਨ ਵਿਚ ਕੀ ਉਜਰ ਹੈ ਕਿ ਜੋ **ਵਾਹਿਗੁਰੂ** ਨਾਮੀ ਨਾਮੁ ਗੁਰੂਬਾਣੀ ਅਗਜਾਤ ਖਾਲਸਾ ਜੀ ਵਿਚ ਪ੍ਰਵਿਰਤ ਹੈ ਓਹ ਸਾਨੂੰ ਦਸੇ ਗੁਰੂ ਸਾਹਿਬਾਂ ਦੇ ਥਾਂਓ ਕੇਵਲ ਉੱਤੇ ਦੱਸੀਗਈ ਭੱਟ-ਮੰਡਲੀ ਤੋਂ ਹੀ ਪ੍ਰਾਪਤ ਹੋਯਾ ਹੈ ॥

ਭਾਵ ਇਸ ਵਾਹਿਗੁਰੂ ਨਾਮ ਦੇ ਪ੍ਰਕਾਸ ਕਰਨੇ ਵਾਲੇ ਦਸੇ ਗੁਰੂ ਨਹੀ ਬਲਕੇ "ਭੱਟ-ਮੰਡਲੀ" ਹੈ ॥

(ਥ) ਪੰਜਵੇਂ ਜਦ ਦਸਾਂ ਗੁਰਾਂ ਦੀ ਮੁਖਵਾਕ ਬਾਣੀ ਵਿਚ ਏਹ ਪਦ ਉਕਾ ਹੈ ਹੀ ਨਹੀ ਤਦ ਬਿਨਾ ਵਿਚਾਰੇ ਅੰਧਾਧੁੰਦ ਅਸਲ ਗੁਰ-ਮੰਤ੍ਰ (**ਵਾਹੁਗੁਰ**) ਨੂੰ ਛਡਕੇ ਅਨਜ ਸ਼ਬਦ (ਵਾਹਿਗੁਰੂ) ਨੂੰ ਗੁਰ ਮੰਤ੍ਰ ਕਲਪਨਾ ਮਨਮੁਖਤਾ ਨਹੀ ਤਾਂ ਹੋਰ ਕੀ ਹੈ ?

ਸਜਨੋ ! ਵਾਹੁਗੁਰ ਤ੍ਰੇ ਵਾਹਿਗੁਰੂ ਦੋਨੋਂ ਵੱਖੋ ਵੱਖ ਸ਼ਬਦ ਹਨ, ਤੇ ਵੱਖੋ ਵੱਖ ਅਰਥ ਰਖਦੇ ਹਨ, ਭਾਵੇਂ ਸਾਧਾਰਨ ਲੋਕਾਂ ਨੂੰ ਇਹ ਦੋਵੇਂ ਸ਼ਬਦ--ਵਰਣ ਮੇਲ (ਵ--ਹ--ਗ--ਰ) ਕਰਕੇ ਇਕੋ ਭਾਂਤਿ ਦੇ ਜਾਪਦੇ ਹੋਸਨਗੇ ਪ੍ਰੰਤੂ ਐਸਾ ਮੰਨਨਾ ਇਹ ਉਨ੍ਹਾਂ ਦੀ ਅਸੂਝਤਾ ਹੈ॥

ਨੋਟ

ਸਾਡੀ ਮਨਸਾ ਸੀ ਕਿ ਉਤੇ ਲਿਖੇ ਸਵੈਯਾਂ ਦੇ ਪਦਾਰਥ ਤੇ ਭਾਵ ਅਰਥ ਲਿਖਕੇ ਉਤਲੀ ਵਿਚਾਰ ਮੁੜ ਉਂਗੀਤਰਾਂ ਖੋਲਕੇ ਲਿਖਦੇ ਪਰ ਏਹ ਵਿਸ਼ਾ **ਗੁਰਮੰਤ੍ਰ ਪ੍ਰਬੋਧ** ਦਾ ਨਹੀ, ਇਸ ਵਿੱਚ ਅਸੀ ਕੇਵਲ ਏਹ ਸਾਬਤ ਕਰਨਾ ਹੈ ਕਿ "**ਗੁਰਮੰਤ੍ਰ** ਸਬੰਧੀ ਜੋ ਪਦ (ਸ਼ਬਦ) ਹੋਵੇ, ਓਹ ਜਰੂਰ ਅਕਾਲ ਬੋਧਕ ਹੋਣਾ ਚਾਹੀਦਾ ਹੈ" ਪਰ ਏਹ **ਵਾਹਿਗੁਰੂ** ਪਦ ਉਤੇ ਦਸੇ ਮੂਜਬ ਕੇਵਲ ਗੁਰੂ(ਚੌਥੇ ਪਾਤਸ਼ਾਹ)ਦਾ ਯਸਬੋਧਕ ਹੈ ਯਾਂਤੇ ਅਸੀ ਅਪਨੀ ਪੜਤਾਲ ਨੂੰ ਐਥੇ ਹੀ ਛਡਕੇ **ਭੱਟਬਾਣੀ** ਦੇ ਸਿਧਾਂਤ ਤੇ ਉਸਦੇ **ਅਰਥ ਬੋਧ** ਪ੍ਰਾਪਤੀ ਲਈ **ਭੱਟਗਿਰਾ ਪ੍ਰਬੋਧ** ਤੇ **ਗੁਰਗਿਰਾ-ਕੱਸ੍ਵਟੀ** ਦੇ ਵਿਚਾਰ ਕਰਨ ਹਿਤ ਤਾਕੀਦ ਕਰਦੇ ਹਾਂ, ਜਿਨ੍ਹਾਂ ਦੇ ਵਿਚਾਰਨ ਕਰਕੇ ਸਾਰੇ ਸੰਸੇ ਨਵਿਰਤ ਹੋ ਜਾਨਗੇ।

ਹੁਣ ਅਸੀ ਸਾਬਤ ਕਰਾਂਗੇ ਕਿ "ਜੇ **ਵਾਹਿਗੁਰੂ** ਪਦ ਅਕਾਲ ਬੋਧਕ ਨਹੀ ਤਾਂ **ਵਾਹੁਗੁਰ** ਪਦ(ਜਿਸ ਬਾਬਤ **ਗੁਰਮੰਤ੍ਰ ਪ੍ਰਬੋਧ** ਸੇਵਾ ਦਾ ਦਾਵਾ ਹੈ, ਓਹ ਪਦ) ਕਿਸ ਥਾਂਓ ਹੈ ? ਅਤੇ ਕੀ ਓਹ ਸ੍ਰੀਗੁਰੂ ਨਾਨਕ ਦੇਵ ਜੀ ਤੋਂ ਲੈਕੇ ਪ੍ਰਵਿਰਤ ਹੈ ਯਾ ਓਹਨਾਂ ਦੇ ਮਗਰੋਂ ਦੂਜੀ, ਤੀਜੀ, ਚੌਥੀ ਆਦਿ ਪਾਦਸ਼ਾਹੀ ਨੇ ਪ੍ਰਵਿਰਤ ਕੀਤਾ ਹੈ ?

(ਦ) **ਸਜਨੋਂ ! ਵਾਹੁਗੁਰ** ਪਦ ਆਰੰਭ ਤੋਂ ਅਰਥਾਤ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇ ਤੋਂ ਪ੍ਰਵਿਰਤ ਹੈ ਕਿਸੇ ਦੂਜੇ, ਤੀਜੇ, ਚੌਥੇ ਆਦਿ ਪਾਤਸ਼ਾਹ (ਗੁਰੂ ਜੀ) ਨੇ ਨਹੀ ਕਾਇਮ ਕੀਤਾ, ਕਿਉਂ-ਕਿ ਜੇਕਰ ਕਿਸੇ ਆਸਤਕ ਕੌਮ ਦਾ **ਨਾਮੁ** ਅਭਯਾਸੀ (ਅਕਾਲ ਬੋਧਨੀ) ਨਾਮ ਆਰੰਭ ਵਿਚ ਨਾਂ ਹੋਵੇ ਤਾਂ ਉਸ ਨੂੰ ਕੌਮ ਹੀ ਨਹੀ

ਆਖਿਆ ਜਾਂਦਾ ॥

ਇਸ **ਵਾਹਗੁਰੂ** ਨਾਮ ਨੂੰ ਗੁਰੂ ਜੀ ਦੇ ਨਾਮ ਅਭਯਾਸੀ ਸਿੱਖ ਆਰੰਭ ਤੋਂ ਹੀ ਵਰਤਦੇ ਔਂਦੇ ਹਨ। **ਹਾਂ !** ਏਹ ਹੋਸਕਦਾ ਹੈ ਕਿ **ਨਾਮ ਅਭਯਾਸ** ਤੋਂ ਸਖਨੇ ਪ੍ਰਾਣੀਆਂ ਨੂੰ ਇਸਦੀ ਸੂਝ ਨਾਂ ਹੋਵੇ, ਜਿਸਤ੍ਰਾਂ ਬੇਅੰਤ ਢਿਲੜ ਵੀਰ ਹੁਣ ਤਕ ਬਹੁਤ ਸਾਰੀ ਗੁਰਮ੍ਰਯਾਦਾ ਦੇ ਧਾਰਨੀ ਨਹੀ, ਬਲਕੇ ਕਈਕ ਖਾਲਸਾ ਧਰਮੀ ਕਹਾਨਵਾਲੇ ਖਾਲਸਾਧਾਰਨਾਂ ਤੋਂ ਹੁਣ ਤਕ ਭ੍ਰੀ ਅਗਯਾਤ ਦੇਖੀਦੇ ਹਨ, ਕੀ ਇਸ ਤੇ ਕਦੇ ਏਹ ਸਿਧ ਹੋਸਕਦਾ ਹੈ ਕਿ "ਓਹ ਖਾਲਸਾ ਮ੍ਰਯਾਦਾ ਪੰਥ ਵਿਚ ਹੈ ਹੀ ਨਹੀ" ? "ਕਭੀ ਨਹੀਂ" ਬਸ ਵਿਸਥਾਰ ਨੂੰ ਛਡਕੇ ਨਮੂੰਨੇ ਮਾਤ੍ਰ ਅਗੇ ਦਸਿਆ ਜਾਂਦਾ ਹੈ"॥

ਯਥਾঃ -

(ਧ) ਜਦ ਸ੍ਰੀਗੁਰੂ ਨਾਨਕ ਦੇਵ ਜੀਨੇ ਆਪਣੇ ਪ੍ਰਿਥਮ ਸਰੂਪ ਵਿਚ ਸਿਖਧਰਮ ਦਾ ਪ੍ਰਚਾਰ ਆਰੰਭ ਕੀਤਾ ਤਦ ਓਨ੍ਹਾਂ ਨਾਲ ਧਰਮ ਰਹਿਤ ਪੁਰਸਾਂ ਨੇ ਕੇਹੋ ਜਿਹਾ ਭੈੜਾ ਸਲੂਕ ਵਰਤਿਯਾ, ਜਿਸਦਾ ਸਬੂਤ ਇਤੀਹਾਸ ਭਲੀਪ੍ਰਕਾਰ ਦੇ ਰਿਹਾ ਹੈ।

ਉਪ੍ਰੰਤ ਆਪ ਚੰਗੀਤਰਾਂ ਜਾਣੂੰਹੋ ਜੋ ਸਤਿਗੁਰਾਂ ਨੂੰ ਆਪਣੇ ਦੂਜੇ, ਤੀਜੇ, ਚੌਥੇ ਸਰੂਪ ਵਿਚ੍ ਅਨਯਧਰਮੀਆਂ ਵਲੋਂ ਕੇਹੋ ਜੇਹੀ ਵਰਤਾਈ ਗਈ ਔਕੜਾਂ ਦਾ ਸਾਮਨਾ ਕਰਨਾ ਪਯਾ।

ਇਸੇਤ੍ਰਾਂ ਸ੍ਰੀਗੁਰੂ ਨਾਨਕ ਦੇਵ ਜੀ ਪੰਜਵੇਂ ਸਰੂਪ ਸ੍ਰੀਗੁਰੂ ਅਰਜਨ ਦੇਵ ਜੀ ਨੂੰ ਪ੍ਰਿਥਮ ਸਤਿਗੁਰੂ ਸਾਹਿਬਾਂ ਦੀ ਬਾਣੀ ਰਚਿਤ ਪੋਥੀ ਸਾਹਿਬਾਂ ਦੀ ਇਕ ਬੀੜ ਰਚਨ ਸਮੇਂ ਅਤੇ ਉਸਦੇ ਪਰਚਾਰ ਪਰ ਕੇਹੋ ਜੇਹੀ ਦਿਲ ਹਲਾ ਦੇਣ ਵਾਲੀਆਂ ਘਟਨਾਵਾਂ ਝਲਨੀਆਂ ਪਈਆਂ, ਜਿਸਦਾ ਪ੍ਰਤਖਯ ਸਬੂਤ ਦੇਹੁਰਾਸਾਹਿਬ ਲਾਹੌਰ ਹੈ ।

ਇਸਤੇ ਮਗਰੋਂ ਛੇਵੀਂ, ਸਤਵੀਂ, ਅੱਠਵੀਂ ਪਾਦਸਾਹੀ ਨੂੰ

ਅਨਮਤੀ ਤੇ ਸ਼ਾਹੀ ਤਾਕਤਾਂ ਵਲੋਂ ਕੇਹੋ ਜਿਹੇ ਬੱਜਰਕਸਟ ਦਿੱਤੇ-ਗਏ,ਜਿਸਬਾਬਤ ਦਿੱਲੀਦੇ ਇਤਿਹਾਸਕ ਗੁਰਦ੍ਵਾਰੇ ਤੇ ਗਵਾਲੀਅਰ ਦਾ ਕਿਲਾ ਪੱਕਾ ਉਗਾਹ ਹੈ।

ਅਤੇ ਏਹ ਭੀ ਆਪਨੂੰ ਭਲੀ ਪ੍ਰਕਾਰ ਚੇਤੇ ਹੈ ਕਿ ਸ੍ਰੀਗੁਰੂ ਤੇਗ ਬਹਾਦ੍ਰ ਸਾਹਿਬ ਨੌਵੇਂ ਪਾਦਸ਼ਾਹ ਜੀ ਨੇ **ਦੀਨਾਂਨਾਥ** ਦੀ ਪਦਵੀ ਕੇਹੋ ਜਿਹੀ ਉਚੇਰੀ ਸ਼ਹੀਦੀ ਦ੍ਵਾਰਾ ਪ੍ਰਾਪਤ ਕੀਤੀ ਹੈ।

ਪਰ ਜਦ ਇਸਤੋਂ ਜਰਾ ਉਚੇਰੀ ਝਾਤ ਪਾਕੇ ਦੇਖੀਦਾ ਹੈ ਤਾਂ ਪਤਾ ਲਗਦਾ ਹੈ "ਕਿ ਸ੍ਰੀਗੁਰੂ ਗੋਬਿੰਦ ਸਿੰਘ ਜੀ ਨੂੰ (ਪਿਛਲੇ) ਨੌਂ ਪਾਦਸ਼ਾਹੀ ਦੀ ਸਿਖੀ ਤੇ ਬਾਕੀ ਸਾਰੇ ਸੰਸਾਰ ਨੂੰ ਖਾਲਸਾ-ਮ੍ਰਯਾਦਾ ਅਨੁਸਾਰ ਪੂਰਨਧਾਰਨੀ ਬਨਾਕੇ **ਖਾਲਸਾ** ਪਦ ਦੇ ਪੂਰਨ ਅਧਿਕਾਰੀ ਬਨੌਣ ਲਈ ੧ ਵੈਸਾਖ ਸੰ: ੧੭੫੬ ਬਿ: ਸਬੰਧੀ ਐਲਾਨ ਕਰਨ ਸਮੇਂ ਸਭ ਤੋਂ ਅਗੇ ਸੋਢੀ ਬੰਸ ਦੇ ਛੋਟੇ ਬਡੇ ਮੁਖੀਆਂ ਨੇ ਕੇਹੋ ਜਿਹੇ ਅਯੋਗ ਬੋਲੇ ਬੋਲੇ, ਤੇ ਖਾਲਸਾ ਧਰਮ ਧਾਰਨੋਂ ਇਨਕਾਰਕਰਨ ਸਬੰਧੀ ਕੇਹੋ ਜਿਹੇ ਖੋਟੇ ਪਦ ਵਰਤੇਸਨ" ਇਸ ਪ੍ਰਸੰਗ ਨੂੰ ਇਤਿਹਾਸ ਬੇਤਾ ਚੰਗੀਤਰਾਂ ਜਾਨਦੇ ਹਨ॥

ਇਸਤੋਂ ਬਿਨਾਂ ਉਸ ਸਮੇ ਦੇ ਪਹਾੜੀ ਰਾਜਪੂਤ ਰਾਜਿਆਂ ਨੇ ਕੇਹੋ ਜੇਹੀ ਕੁਟਿਲਤਾ ਪੂਰਤ ਵਰਤੋਂ ਵਰਤੀ, ਜਿਸਦਾ ਪਹਿਲਾ ਨਮੂਨਾ ਸ੍ਰੀ ਆਨੰਦਪੁਰ ਸਾਹਿਬ ਉਤੇ ਸ਼ਾਹੀ ਟਿਡੀਦਲ ਫੌਜਾਂ ਪਹਾੜੀ ਰਾਜਿਆਂ (ਤੇ ਅਨਮਤੀਆਂ) ਦੀ ਚੁਕ ਨਾਲ ਚੜ੍ਹਕੇ ਕਈ ਮਹੀਨੇ ਤੋਪਾਂ ਤੇ ਬੰਦੂਕਾਂ ਦ੍ਵਾਰਾ ਅੱਗ ਬਰਸੌਂਦੀਆਂ ਰਹੀਆਂ ਅੰਤ ਨੂੰ ਹਿੰਦੂ ਰਾਜਿਆਂ ਤੇ ਸ਼ਾਹੀ ਬਡੇ ਔਫੀਸ਼ਰਾਂ ਨੇ ਆਪੋ ਆਪਣੀ ਮਜ਼ਹਬੀ ਕਸਮਾਂ ਨੂੰ ਤੋੜਕੇ ਓਹ ਵਰਤੋਂ ਵਰਤੀ ਜਿਸਦਾ ਅੰਤਮ ਸਿੱਟਾ ਚਾਰੇ ਸਾਹਿਬਜ਼ਾਦਿਆਂ ਦਾ ਸ਼ਹੀਦ ਹੋਣਾ ਤੇ ਬੇਅੰਤ ਖਾਲਸਾ ਜੀਦਾ ਸ਼ਹਾਦਤ ਪ੍ਰਾਪਤ ਕਰਨਾਂ ਹੈ,ਇਸ ਉਤਲੀ ਸਾਰੀ ਕਸ਼ਟਾਵਲੀ ਨੂੰ ਕਲਮ ਲਿਖਨੋ ਰੁਕਦੀ ਹੈ॥

ਸਿੱਟਾ ਏਹ ਨਿਕਲਿਆ ਕਿ "ਜਦ ਤੋਂ ਸ੍ਰੀਗੁਰੂ ਨਾਨਕ ਦੇਵ

ਜੀ ਨੇ ਖਾਲਸਾਧਰਮ ਦਾ ਪ੍ਰਚਾਰ ਆਰੰਭ ਕੀਤਾ ਹੈ" ਉਸੇ ਦਿਨ ਤੋਂ ਲੈਕੇ ਦਸੇ ਗੁਰੂ ਸਾਹਿਬਾਂ ਦੇ ਸਮਯ ਤਕ, ਉਪ੍ਰੰਤ ਖਾਲਸਾ ਧਰਮੀਆਂ ਪਰ ਅਜਤਕ ਅਨਧਰਮੀਆਂ, ਵਕਤ ਦੇ ਬਾਦਸ਼ਾਹਾਂ ਅਤੇ ਖਾਸ ਕਰਕੇ ਢਿੱਲੜ ਭਰਾਵਾਂ ਵਲੋਂ ਓਹ ੨ ਜ਼ੁਲਮ ਵਰਤਾਏ ਗਏ ਹਨ, ਜਿਨ੍ਹਾਂ ਨੂੰ ਤਪਦੀਆਂ ਤਵੀਆਂ, ਚਮਕਦੀਆਂ ਤਲਵਾਰਾਂ, ਹਡਕੁੜ-ਕੌਣੀਆਂ ਚਰਖੀਆਂ, ਸਰੀਰ ਨਪੀੜਨੇ ਸ਼ਿਕੰਜੇ, ਬਦਨ ਸਾੜ-ਨੀਆਂ ਜਲਦੀਆਂ ਭੱਠੀਆਂ ਆਦਿ ਆਦਿ ਨਾਮਾਂ ਨਾਲ ਪੁਕਾਰਿਆ ਜਾਦਾ ਹੈ ॥

ਪ੍ਰੰਤੂ ਸ਼ਾਬਾਸ਼ ! ਉਤੇ ਦੱਸੇ ਦਸੇਗੁਰੂ,ਅਤੇ ਸ਼ਹੀਦ ਖਾਲਸੇ (ਵੀਰ ਭੈਣਾਂ, ਨੱਨ੍ਹੇ ਭੁਜੰਗੀ)

"ਹਸਤੀ ਸਿਰ ਜਿਉ ਅੰਕਸੁ ਹੈ,
ਅਹਰਣ ਜਿਉ ਸਿਰੁ ਦੇਇ।
ਤਨ ਮਨ ਆਗੈ ਰਾਖਕੈ,
ਊਭੀ ਸੇਵ ਕਰੇਇ"। (ਗੁਰੂਵਾਕ)

ਦੇ ਹੁਕਮ ਅਨੁਸਾਰ ਖਾਲਸਾ ਧਰਮ ਪ੍ਰਚਾਰ ਕਰਨੋਂ ਰੰਚਕ ਪਿੱਛੇ ਨਹੀਂ ਮੁੜੇ, ਅਤੇ "ਤੇਰਾ ਭਾਣਾ ਮੀਠਾ ਲਾਗੈ ॥ ਨਾਮੁ ਪਦਾਰਥ ਨਾਨਕ ਮਾਗੈ" (ਗੁਰੂ ਵਾਕ) ਦੀ ਦ੍ਰਿੜ ਵਿਸ੍ਵਾਸਤਾ ਨਾਲ "ਰਾਜ ਨ ਚਾਹਉ ਮੁਕਤਿ ਨ ਚਾਹਉ ਮਨ ਪ੍ਰੀਤਿ ਚਰਣ ਕਮਲਾਰੇ" (ਗੁਰੂਵਾਕ) ਦੇ ਕੀਰਤਨ ਵਿਚ ਮਗਨ ਰੈਹ ਅਪਨੀ ਜੀਵਨਯਾਤਰਾ ਕਰਦੇ ਹੋਏ "ਜਿਉ ਜੋਤੀ ਸੰਗ ਜੋਤਿ ਸਮਾਈ"(ਗੁਰੂ ਵਾਕ) ਦੀ ਅਵਸਥਾ ਵਿਚ ਅਭੇਦ ਹੋ ਗਏ।

ਬੱਸ ਉੱਤੇ ਦੱਸੇ ਸੰਖੇਪ ਵਿਰਤਾਂਤ ਅਨੁਸਾਰ ਹੁਣ ਭੀ

ਵਾਹੁਗੁਰ ਮਹਾਂ ਮੰਤ੍ਰ ਦੇ ਅਭ੍ਯਾਸ ਤੋਂ ਸੱਖਣੇ ਸਜਨ ਅਪਨੀ ਪਿਛਲੀ ਪਰਾ ਪੂਰਬਲੀ ਆਦਤ ਅਨੁਸਾਰ ਫਜੂਲ ਝਗੜਾ ਕਰਦੇ ਹਨ ॥

(ਨ) **ਹੁਣ ਐਥੇ ਕੁਦਰਤੀ ਪ੍ਰਸ਼ਨ** ਉਤਪਨ੍ਨ ਹੁੰਦਾਹੈ "ਕਿ ਜੇਕਰ **ਵਾਹਿਗੁਰੂ** ਪਦ ਅਕਾਲ ਬੋਧਕ ਨਹੀ ਔਰਉਸਦੇ ਮੁਕਾਬਲੇ **ਵਾਹੁਗੁਰ** ਪਦ ਅਕਾਲ ਬੋਧਕ ਹੈ ਭਾਵ ਖਾਲਸਾ ਜੀਦਾ ਅਭ੍ਯਾ-ਸੀ ਨਾਮੁ **ਵਾਹੁਗੁਰ** ਹੈ ਤਾਂ ਇਸ ਨੂੰ ਗੁਰੂ ਬਾਣੀ ਵਿਚੋਂ ਸਾਬਤ ਕਰਨਾ ਅਤਿ ਜਰੂਰੀ ਹੈ, ਅਤੇ ਉਸਦੇ ਨਾਲ ਏਹ ਭੀ ਸਾਬਤ ਕਰਨਾ ਬਧੀਕ ਜਰੂਰੀ ਹੈ ਜੋ ਕੀ ਏਹ **ਵਾਹੁਗੁਰ** (ਮਹਾਂ ਮੰਤ੍ਰ) ਅਕਾਲ ਬੋਧਕ ਭੀ ਹੈ?

ਸੋ ਇਸ ਪ੍ਰਸ਼ਨ ਦੇ ਉਤ੍ਰ ਸੰਬੰਧੀ ਹੇਠ ਲਿਖੀ ਵਾਰਤਾ ਨੂੰ ਪੂਰਨ ਗੌਹ ਨਾਲ ਵਿਚਾਰਕੇ ਪੜ੍ਹੋ ਪਰ ਉਸਤੋਂ ਪਹਿਲਾਂ ਸ੍ਰੀਗੁਰੂ ਨਾਨਕ ਦੇਵ ਜੀ ਦੇ ਆਗਮਨ ਕਾਰਨਾਂ ਨੂੰ ਵਿਚਾਰੋ, ਉਸਦੇ ਮਗਰੋਂ ਉਤਲੇ ਪ੍ਰਸ਼ਨ ਦਾ ਉਤ੍ਰ ਭੀ ਪ੍ਰਾਪਤ ਹੋਜਾਊਗਾ ॥

(ਪ) **ਸੁਣੀਏ** ਸ੍ਰੀਗੁਰੂ ਨਾਨਕ ਦੇਵ ਉਸ ਸਮੇਂ ਸੰਸਾਰ ਵਿਚ ਪ੍ਰਗਟ ਹੋਏ ਸਨ ਜਦ ਰਾਜਉਪਦ੍ਰਵ ਤੇ ਧਰਮਉਪਦ੍ਰਵ ਪੂਰੇ ਜ਼ੋਰਨਾਲ ਵਰਤਰਹੇ ਸਨ । ਯਥਾ ਪ੍ਰਮਾਣ:—

ਵਾਰ ਮਲ੍ਹਾਰ ਮਹਲਾ ੧ ਪਉੜੀ ੨੨

ਸਫਾ $\frac{੧੨੮੮}{੧੧੩੪}$ ਸ੍ਰੀਗੁਰੂ:

ਰਾਜੇ ਸੀਂਹ ਮੁਕਦਮ ਕੁਤੇ । ਜਾਇ ਜਗਾਇਨਿ ਬੈਠੇ ਸੁਤੇ ।
ਚਾਕਰ ਨਹ ਦਾ ਪਾਇਨਿ ਘਾਉ । ਰਤੁ ਪਿਤੁ ਕੁਤਿਹੋ ਚਟਿਜਾਹੁ ।
ਜਿਥੈ ਜੀਆ ਹੋਸੀ ਸਾਰ । ਨਕੀਂ ਵਢੀਂ ਲਾਇਤਬਾਰ ।

ਪੁਨਾਃ-

ਵਾਰ ਮਾਝ ਮਹਲਾ ੧ ਪਉੜੀ ੧੬

ਸਫਾ $\frac{੧੪੫}{੧੨੯}$ ਸ੍ਰੀਗੁਰੂਃ

ਸਲੋਕ ਮਃ ੧

(ਫ) ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ।
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ।

ਸੁਧਾ ਸਵੈਯੇ ਪਾਤਸਾਹੀ ੧੦

(ਬ) ਕਾਹੂੰ ਲੈ ਪਾਹਨ ਪੂਜ ਧਰਯੋ ਸਿਰ,
ਕਾਹੂੰ ਲੈ ਲਿੰਗ ਗਰੇ ਲਟਕਾਯੋ ।
ਕਾਹੂੰ ਲਖਯੋ ਹਰਿ ਅਵਾਚੀ ਦਿਸਾ ਮਹਿ,
ਕਾਹੂੰ ਪਛਾਹ ਕੋ ਸੀਸ ਨਿਵਾਯੋ ।
ਕੋਊ ਬੁਤਾਨ ਕੋ ਪੂਜਤ ਹੈ ਪਸੁ,
ਕੋਊ ਮ੍ਰਿਤਾਨ ਕੋ ਪੂਜਨ ਧਾਯੋ ।
ਕੂਰਿ ਕ੍ਰਿਆ ਉਰਝਯੋ ਸਭ ਹੀ ਜਗ,
ਸ੍ਰੀ ਭਗਵਾਨ ਕੋ ਭੇਦ ਨ ਪਾਯੋ ।

ਪੁਨਾਃ-

ਰਾਗੁ ਸਾਰੰਗ ਵਾਰ ਮਹਲਾ ੪ ਪਉੜੀ ੯

ਸਫਾ $\frac{੧੨੪੦}{੧੦੯੩}$ ਸ੍ਰੀਗੁਰੂਃ

ਸਲੋਕ ਮਃ ੧

(ਭ) ਘਰਿ ਨਾਰਾਇਣੁ ਸਭਾ ਨਾਲਿ ।
ਪੂਜ ਕਰੇ ਰਖੈ ਨ੍ਹਾਵਾਲਿ ।
ਕੁੰਗੂ ਚੰਨਣ ਫੁਲਿ ਚੜ੍ਹਾਏ ।
ਪੈਰੀ ਪੈ ਪੈ ਬਹੁਤੁ ਮਨਾਏ ।

ਮਾਣੂਆ ਮੰਗਿ ਮੰਗਿ ਪੈਨ੍ਹੈ ਖਾਇ ।
ਅੰਧੀ ਕੰਮੀ ਅੰਧ ਸਜਾਇ ।
ਭੁਖਿਆ ਦੇਇ ਨ ਮਰਦਿਆ ਰਖੈ ।
ਅੰਧਾ ਝਗੜਾ ਅੰਧੀ ਸਥੈ ।

ਪੁਨਾਃ—

ਵਾਰ ਮਲਾਰ ਮਹਲਾ ੧ ਪਉੜੀ ੧੫

ਸਫ਼ਾ ੧੨੮੪ / ੧੧੩੧ ਸ੍ਰੀਗੁਰੂਃ

(ਮ) ਇਕਿ ਵਣਖੰਡਿ ਬੈਸਹਿਜਾਇ, ਸਦੁ ਨ ਦੇਵਹੀ ।
ਇਕਿ ਪਾਲਾਕਕਰੁ ਭੰਨਿ, ਸੀਤਲੁਜਲੁ ਹੇਵਹੀ ।
ਇਕਿ ਭਸਮ ਚੜ੍ਹਾਵਹਿ ਅੰਗਿ, ਮੈਲੁ ਨ ਧੋਵਹੀ ।
ਇਕਿ ਜਟਾ ਬਿਕਟ ਬਿਕਰਾਲ, ਕੁਲੁ ਘਰੁ ਖੋਵਹੀ ।
ਇਕਿ ਨਗਨ ਫਿਰਹਿ ਦਿਨਰਾਤਿ, ਨੀਦ ਨ ਸੋਵਹੀ ।
ਇਕਿ ਅਗਨਿ ਜਲਾਵਹਿ ਅੰਗੁ, ਆਪੁ ਵਿਗੋਵਹੀ ।
ਵਿਣੁ ਨਾਵੈ ਤਨੁ ਛਾਰੁ, ਕਿਆ ਕਹਿ ਰੋਵਹੀ ।
ਸੋਹਨਿ ਖਸਮਦੁਆਰਿ, ਜੇ ਸਤਿਗੁਰੁ ਸੇਵਹੀ ।

ਸੂਚਨਾ--ਉਤੇ ਲਿਖੇ ਸਭਨਾਂ ਗੁਰੂਵਾਕਾਂ ਤੋਂ ਸਿਧ ਹੈ ਕਿ ਸ੍ਰੀਗੁਰੂ ਨਾਨਕ ਆਗਮਨ ਤੋਂ ਪ੍ਰਿਥਮ ਉਤੇ ਦੱਸੇ ਵਤ **ਰਾਜਉਪਦ੍ਰਵ** ਤੇ **ਧਰਮਉਪਦ੍ਰਵ** ਵਰਤ ਰਹੇ ਸਨ ॥

(ਯ) **ਇਸ ਲਈ** ਜ਼ਰੂਰੀ ਸੀ ਜੋ ਗੁਰੂ ਸਾਹਿਬਾਂ ਵਲੋਂ ਸਾਰੇ ਸੰਸਾਰ ਨੂੰ ਸੁਖੀ ਕਰਨ ਹਿਤ ਉਤੇ ਦਸੇ ਦੋਨਾਂ ਉਪਦ੍ਰਵਾਂ ਨੂੰ ਦੂਰ ਕਰਨੇ ਦੇ ਪਕੇ ਬਾਨਣੂ ਬੰਨ੍ਹੇ ਜਾਂਦੇ ।

ਪਰ ਏਹ ਪ੍ਰਸਿਧ ਹੈ ਕਿ ਧਰਮਉਪਦ੍ਰਵ ਦੂਰ ਹੋਣ ਤੋਂ ਰਾਜ਼ ਉਪਦ੍ਰਵ ਸੁਤੇ ਹੀ ਹੋ ਜਾਂਦਾ ਹੈ।

ਇਸ ਲਈ ਜਰੂਰੀ ਸੀ ਜੋ ਸਭ ਤੋਂ ਅਗੇ ਧਰਮ ਉਪਦ੍ਰਵ ਦੂਰ ਕਰਨ ਦੇ ਹੀ ਪਕੇ ਉਪਰਾਲੇ ਕਰਦੇ।

ਸੋ ਇਸ ਲਈ ਸ੍ਰੀਗੁਰੂ ਨਾਨਕ ਦੇਵ ਜੀ ਨੇ ਅਕਾਲਪੁਰਖੀ ਪ੍ਰਕਾਸ਼ਤਾ ਦ੍ਵਾਰਾ ਸਭ ਤੋਂ ਪਹਿਲਾਂ

"੧ ੴ

ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ"॥

ਦੇ ਢੰਡੋਰੇ ਦ੍ਵਾਰਾ ਪ੍ਰਗਟ ਕੀਤਾ ਕਿ ਐ ਸੰਸਾਰੀ ਲੋਕੋ ! ਜੋ ਸਭਦਾ ਪਾਲਕ, ਮਾਲਕ ਤੇ ਘਾਲਕ ਹੈ ਓਹ ਉਤੇ ਦੱਸੇ ਵਿਸ਼ੇਸ਼ਣਾਂ ਵਾਲਾ ਹੈ, ਜਿਸਦਾ ਸਾਰੀਆਂ ਆਸਤੱਕ ਕੌਮਾਂ ਵਿਚ ਕੋਈ ਨ ਕੋਈ **ਨਾਮੁ** ਨੀਯਤ ਹੁੰਦਾ ਹੈ॥

ਉਤੇ ਦਸੇ **ਐਲਾਨ** (ਢੰਡੋਰੇ) ਨੂੰ ਖਾਲਸਾਧਰਮੀ **ਮੂਲਮੰਤ੍ਰ ਨਾਮੁ** ਕਰਕੇ ਦਸਦੇ ਹਨ।

ਸੋ ਓਹ ਸਾਰੀ ਗੁਰੂਬਾਣੀ ਦੇ ਆਰੰਭ ਕਰਨ ਤੋਂ ਪਹਿਲਾਂ ਸਤਿਗੁਰਾਂ ਨੇ ਏਹੋ **ਮੂਲਮੰਤ੍ਰ** ਉਚਾਰਨ ਕੀਤਾ ਹੈ।

ਅਤੇ ਇਸੇ **ਮੂਲਮੰਤ੍ਰ** ਵਿਚ ਖਾਲਸਾ ਧਰਮ ਦੇ ਪੂਜਨੀਯ ਗੁਣ ਇਸ ਖੂਬੀ ਨਾਲ ਲਿਖੇ ਹਨ ਜੋ ਹਰਪ੍ਰਕਾਰ ਪੂਰਨ ਹਨ।

(ਰ) ਇਸਤੇ ਬਿਨਾਂ **੧** (ਏਕਾ) ਉਸ ਅਸਲ ਮਾਲਕ ਭੰਜਨ ਘੜਨ ਸਮਰਥ ਦੀ ਅਦੁਤੀ ਦੱਸ ਹੈ, ਜਿਸਤੋਂ ਸਾਬਤ ਹੈ ਕਿ ਸਾਰੇ ਸੰਸਾਰ ਵਿਚ ਓਹ **ਇਕੋ** ਹੈ ਪਰ ਜਦ ਇਸਤੋਂ ਅਗੇ **ੴ** ਦੀ ਖੋਜ ਖੋਜੀ ਜਾਂਦੀ ਹੈ, ਤਾਂ ਇਸ ਵਿਚੋਂ "ਗੁਪਤਨਾਮ ਪ੍ਰਗਾਸ਼ਾ"


ਦੇ ਵਾਕ ਅਨੁਸਾਰ ਲੁਪਤ ਅਵਸਥਾ ਵਿਚ **ਨਾਮੁ (ਵਾਹਗੁਰ)** ਖਾਲਸਾ ਪੰਥਕ ਨਾਮੁ ਅਭ੍ਯਾਸੀ ਪਦ (ਗੁਰਮੰਤ੍ਰ) ਮਹਾਂ-ਮੰਤ੍ਰ (ਇਸਮ ਆਜ਼ਮ) ਧਰ ਰਖਿਆ ਹੋਇਆ ਹੈ ਜਿਸਦੀ ਖੋਜ ਨੂੰ ਅਭ੍ਯਾਸੀਜਨ ਚੰਗੀ ਤਰਾਂ ਸਮਝਦੇ ਤੇ ਉਸਦੀ ਵਰਤੋਂ ਕਰਦੇ ਹਨ।

ਇਸਤੋਂ ਅਗੇ ਜੇ **ਵਾਹੁਗੁਰ** ਨੂੰ ਖੋਲ੍ਹੀਏ ਤਾਂ ਇਸਨੂੰ **ਵਾ-ਹੁ-ਗੁ-ਰ** ਦੀ ਸੂਰਤ ਵਿਚ ਭੀ ਲਿਖ ਪੜ੍ਹ ਸਕਦੇ ਹਾਂ ਪਰ ਅਸੀ ਉਤੇ ਦਸਿਆ ਹੋਯਾ ਮਨਤਵਜ ਸਮਝਾਉਨ ਲਈ


ਵ = ੧, ਤੇ ਾ (ਕੰਨਾਂ) = $\frac{੧}{A}$ ਅਤੇ ਹ = ੨, ਤੇ ਹਾਹੇ ਦਾ ੁ (ਔਂਕੜ) = $\frac{੨}{B}$, ਪਰ 'ਗ' ਬਨਦਾ ਹੈ 'ਗਾਰੇ' ਨਾਲ ਡੰਡੀ ਲਾਵਨ ਕਰਕੇ, ਇਸ ਕਰਕੇ ਗੱਗੇ ਦਾ ਪੈਹਲਾ ਚਿੰਨ੍ਹ (ਰ) = ੩, ਅਤੇ ਗੱਗੇ ਦੀ ਡੰਡੀ (।) = ੪ ਅਤੇ ਗੱਗੇ ਦਾ ਔਂਕੜ (ੁ) = $\frac{੪}{C}$ ਔਰ ਰ = ੫ ਦੇ। ਪਰ ਜੇ ਉਤਲੇ ਅਖਰਾਂ ਤੇ ਲਗਾਂ ਨੂੰ ਇਕ ਥਾਉਂ ਜੋੜੀਏ ਤਾਂ ਇਸ ਸੂਰਤ ਦੀ ਸ਼ਕਲ ਬਣਦੀ ਹੈ ਜੋ ਅੰਗਲੇ ਸਫੇ ੯੬ ਪਰ ਹੈ। ਦੇਖੋ ਸਫਾ ੯੬ ਵਾਲਾ।

ਪਿਛਲੇ ਸਫੇ ੯੫ ਦੇ ਅੱਖਰਾਂ ਤੇ ਲਗਾਂ ਨੂੰ ਜੇ
ਇਕ ਥਾਉਂ ਜੋੜੀਏ

ਤਾਂ
ਇਸ ਸੂਰਤ
ਦੀ
ਸ਼ਕਲ ਬਣਦੀ ਹੈ




ਜੋ ਊਂਧਕਵਲ ਵਤ ਸਮਝਨੀ ਚਾਹੀਏ।


ਪ੍ਰੰਤੂ  ਇਸ ਸੂਰਤ ਦੀ ਜੋ ਲੰਬੀ ਤੇ ਖੜੀ

ਦੋ ਲਕੀਰਾਂ ਹਨ, ਓਨ੍ਹਾਂ ਵਿਚੋਂ ਲੰਬੀ ਲਕੀਰ ਤਾਂ ਸਤਰ ਹੈ, ਅਤੇ ਛੋਟੀ ਖੜੀ ਲਕੀਰ ਕੇਵਲ ਵ (ਵੱਵਾ) ਨੂੰ ਸਤਰ ਨਾਲ ਜੋੜਨ ਹਿਤ ਹੈ, ਭਾਵ ਏਹ ਦੋਨੋਂ ਲਕੀਰਾਂ ਬਾਧੂ. ਹਨ, ਯਾਂਤੇ ਅਸਲ (ਨਿਰੋਲ) ਸ਼ਕਲ ਅੱਗੇ ਲਿਖੀ ੯੭ ਸਫੇ ਪਰ ਸਮਝੋ।

ਅਸਲ ਨਿਰੋਲ ਸ਼ਕਲ



ਪਰ ਜਦ ਇਸ ਨੂੰ "ਊਂਧ ਕਵਲ ਸੀਧਾ ਕਰਿਆ" ਵਤ ਉਲਟਾਈਏ ਭਾਵ ਸਿੱਧਾ ਕਰੀਏ ਤਦ ਇਸਦੀ ਸ਼ਕਲ



ਇਸ ਪ੍ਰਕਾਰ
ਦਿਸਦੀ ਹੈ

(ਲ) **ਬਸ** ਸਿੱਧ ਏਹ ਹੋਯਾ ਜੋ ਸ੍ਰੀਗੁਰੂ ਨਾਨਕ ਦੇਵ ਜੀ ਨੇ ਉਤੇ ਦਸੇ ਮੂਲ ਮੰਤ੍ਰ ਦੇ ਆਰੰਭ ਪਰ "ੴ" ਲਿਖ ਦਿਤਾ ਹੈ(ਜਿਸ ਵਿਚ ਅਭ੍ਯਾਸੀ **ਨਾਮੁ (ਵਾਹੁਗੁਰ)** ਲੁਪਤ ਹੈ) ਕਿਉਂਕਿ ਮੂਲਮੰਤ੍ਰ ਨਾਲੋਂ ਗੁਰਮੰਤ੍ਰ (ਮਹਾਂਮੰਤ੍ਰ) ਅਧਕ ਹੋਣ ਕਰਕੇ ਮੂਲਮੰਤ੍ਰ ਤੋਂ ਪਹਿਲਾਂ ਹੀ ਰਖਨਾਂ ਜਰੂਰੀ ਸੀ, ਇਸ ਕਰਕੇ ਲੁਪਤ ਸ਼ਕਲ ਵਿਚ ਚਿਤ੍ਰਿਆ ਗਿਆ ਹੈ ॥

ਇਸ ਲੁਪਤ ਗੁਰਮੰਤ੍ਰ (ਮਹਾਂਮੰਤ੍ਰ)ਦੀ ਪੂਰਨ ਸਿੱਧੀ ਉਪ੍ਰੋਕਤ "ੴ" ਚਿੱਤ੍ਰ ਵਿਚੋਂ ਕੇਵਲ ਪੁਨਃ ਨਾਮੁਅਭ੍ਯਾਸ ਕਰਕੇ ਹੀ ਹੋ ਸਕਦੀ ਹੈ, ਇਸਤੋਂ ਬਿਨਾਂ ਇਸ ਭੇਦ ਨੂੰ ਨਿਰਸੰਸੇ ਪ੍ਰਤਖ੍ਯ ਸਰੂਪ ਵਿਚ ਸਮਝਨਾਂ ਕਠਨ ਹੀ ਨਹੀ ਸਗੋਂ ਅਸੰਭਵ ਹੈ॥

ਹਿੰਦੂ ਆਦਿ ਅਨ੍ਯ ਮਤਾਂ ਵਿਚ ਅਤੇ ਖਾਸ ਕਰਕੇ ਹਿੰਦੂਆਂ ਦੇ ਮਤਸਬੰਧੀ ਪੁਸਤਕਾਂ ਵਿਚ ਇਕ ਅਕਾਲ ਪੂਜਾ ਦੇ ਥਾਉਂ ਅਨੇਕ ਪੂਜਨ ਦੀ ਵਰਤੋਂ ਸੀ ਇਸ ਕਰਕੇ "ੴ" ਤੋਂ ਪਹਿਲੇ ੧ (ਏਕਾ) ਲਿਖਕੇ ਪੱਕੀ ਦ੍ਰਿੜਤਾ ਕਰਾਦਿਤੀ ਜੋ ਖਾਲਸਾ ਜੀਦਾ (ਅਕਾਲ ਸੇਵੀਆਂ ਦਾ) ਪੂਜ ਯੋਗ ਓਹ ੧ (ਇਕ) ਹੈ ਜਿਸਨੂੰ **ਵਾਹੁਗੁਰ** ਨਾਮੀ ਮਹਾਂਮੰਤ੍ਰ ਦ੍ਵਾਰਾ ਆਰਾਧਨਾ ਤਥਾ ਅਭ੍ਯਾਸ ਕਰਨਾ ਜਰੂਰੀ ਹੈ॥

ਸਿੱਟਾ

(ਵ) ਸਿੱਟਾ ਏਹ ਨਿਕਲਿਆ ਜੋ ਖਾਲਸਾ ਪੰਥੀਆਂ ਦਾ ਨਾਮ ਅਭਯਾਸੀ ਨਾਮੁ, ਗੁਰਮੰਤ੍ਰ (ਮਹਾਂਮੰਤ੍ਰ, ਇਸਮ ਆਜ਼ਮ, ਕਲਮਾ) ਕੁਛ ਭੀ ਆਖੋ ਵਾਹਿਗੁਰੂ ਨਹੀ ਬਲਕੇ (ਉਤਲੇ ਸਬੂਤਾਂ ਅਨੁਸਾਰ) "ਵਾਹੁਗੁਰ" ਹੈ

ਪਰ ਇਸ ਉਤਲੀ ਵਿਚਾਰ,ਤੇ ਖੋਜ ਪਰ ਏਹ ਪ੍ਰਸ਼ਨ ਜਰੂਰ ਉਤਪਨ ਹੋਊ ਕਿ ਜਿਤਨਾ ਚਿਰ ਇਸ ਉਤਲੀ ਖੋਜ ਦੀ ਗਵਾਹੀ ਬਾਕੀ ਗੁਰੂ ਮੁਖਵਾਕ ਬਾਣੀ ਵਿਚੋਂ ਨਾ ਮਿਲ ਸਕੇ ਉਤਨਾਂ ਚਿਰ ਭਾਂਵੇ ਏਹ ਸਬੂਤ ਠੀਕ ਜਾਪਦਾ ਹੈ, ਪਰ ਕੁਛਕ ਸ਼ੰਕਾ ਜਿਹਾ ਜਰੂਰ ਬਾਕੀ ਬਨਿਆ ਰਹੂਗਾ ॥

(੧੪) ਯਾਂਤੇ ਉਤਲਾ ਸੰਸਾ ਦੂਰ ਕਰਨ ਹਿਤ ਹੇਠ ਲਿਖੇ ਗੁਰ ਪ੍ਰਮਾਣ ਦਰਜ ਕੀਤੇ ਜਾਂਦੇ ਹਨ,

ਯਥਾਃ—

ਰਾਗੁ ਆਸਾ ਮਹਲਾ ੫ ਸਬਦ ੨੧

ਸਫਾ $\frac{੩੭੬}{੩੩੫}$ ਸ੍ਰੀਗੁਰੂਃ

(ੜ) ਨਿਕਟਿ ਜੀਅ ਕੈ ਸਦਹੀ ਸੰਗਾ ॥
ਕੁਦਰਤਿ ਵਰਤੈ ਰੂਪ ਅਰੁ ਰੰਗਾ ॥੧॥
ਕਰ੍ਹੈ ਨ ਝੁਰੈ ਨਾ ਮਨੁ ਰੋਵਨਹਾਰਾ ।
ਅਵਨਾਸੀ ਅਵਿਗਤੁ ਅਗੋਚਰੁ,
ਸਦਾ ਸਲਾਮਤਿ ਖਸਮੁ ਹਮਾਰਾ ॥੧॥ ਰਹਾਉ

ਤੇਰੇ ਦਾਸਰੇ ਕਉ ਕਿਸ ਕੀ ਕਾਣਿ ।
ਜਿਸ ਕੀ ਮੀਰਾ ਰਾਖੈ ਆਣਿ ॥ ੨ ॥
ਜੋ ਲਉੜਾ ਪ੍ਰਭਿ ਕੀਆ ਅਜਾਤਿ ।
ਤਿਸੁ ਲਉੜੇ ਕਉ ਕਿਸ ਕੀ ਤਾਤਿ ॥ ੩ ॥
ਵੇਮੁਹਤਾਜਾ ਵੇਪਰਵਾਹੁ ।
ਨਾਨਕ ਦਾਸ ਕਹਹੁ **ਗੁਰਵਾਹੁ** ॥ ੪ ॥

ਭਾਵਅਰਥ

ਉਤਲੀ ਸਭਨਾਂ ਤੁਕਾਂ ਵਿਚ ਅਕਾਲੀ ਵਿਸ਼ੇਸ਼ਨ ਹਨ, ਜਿਨਾਂ ਨੂੰ ਇਸਪ੍ਰਕਾਰ ਸਤਿਗੁਰਾਂ ਨੇ ਵਰਤਿਆ ਹੈ, ਯਥਾ—

ਹਰਇਕ ਜੀਆਂ ਦੇ ਓਹ ਸਦੀਵ ਸਾਥ ਹੈ ।
ਅਤੇ ਉਸਦੀ ਕੁਦਰਤ ਹਰਇਕ ਰੂਪ ਤੇ ਰੰਗ ਵਿਚ ਵਰਤਦੀ ਹੈ ।

ਪੁਨਾਃ--ਓਹ ਦਾਤਾਂ ਬਖਸ਼ਕੇ ਚਿਤ ਵਿਚ ਕੁੜਦਾ ਨਹੀਂ ਅਤੇ ਨਾਂ ਰੁਦਨ ਹੀ ਕਰਦਾ ਹੈ ਭਾਵ ਚੰਗੇ ਮੰਦੇ ਪੁਰਸ਼ਾਂ ਨੂੰ ਭੀ ਦਾਤਾਂ ਦੇਕੇ ਚਿਤ ਵਿਚ ਉਦਾਸ ਨਹੀਂ ਹੁੰਦਾ ।

ਓਹ ਪ੍ਰਭੂ ਗਤਿਰਹਿਤ ਤੇ ਨੇਤ੍ਰ ਆਦਿ ਵਿਸ਼ੇ ਅੰਗਾਂ ਤੋਂ ਪਰੇ ਹੈ, ਅਤੇ ਓਹ ਸਾਡਾ ਮਾਲਕ ਸਦਾ ਕਾਇਮ ਹੈ ਭਾਵ ਅਮਰ ਹੈ,

ਯਾਂਤੇ ਜਿਸ ਅਪਨੇ ਦਾਸ ਦੀ ਓਹ ਮੀਰਾਂ ਆਣ (ਇਜ਼ਤ) ਰਖੇ ਉਸ ਦਾਸ ਨੂੰ ਕਿਸਦੀ ਕਨੌਡ ਹੈ ? ਭਾਵ ਕਿਸੇਦਾ ਡਰ ਨਹੀ । ਗਲ ਕੀ ਜਿਸ ਬੰਦੇ ਨੂੰ ਉਸ ਪ੍ਰਭੂ ਨੇ ਆਜਾਦ ਕਰਦਿਤਾ ਹੈ ਓਹ ਹੋਰ ਕਿਸਦੀ ਕਨੌਡ ਯਾ ਇਛਜਾ ਰਖੇ? ਭਾਵ ਨਹੀਰਖਦਾ,ਯਾਤੇ ਹੇ ਪਜਾ ਰਿਓ ! ਓਹ ਅਕਾਲਪੁਰਖੁ ਬੇਮੁਹਤਾਜ ਅਤੇ ਵੇਪ੍ਰਵਾਹ ਹੈ ਭਾਵ ਓਹ ਉਕਾਹੀ ਅਲੋੜਮੰਦ ਹੈ, ਇਸ ਕਰਕੇ ਐਸੇ ਅਕਾਲੀ ਸਰੂਪ ਅਮਰ ਅਟੱਲ ਅਚੱਲ ਨੂੰ "**ਗੁਰਵਾਹੁ**" ਕਰਕੇ ਪੁਕਾਰੋ, ਭਾਵ ਉਸਦੇ "**ਗੁਰਵਾਹੁ**" ਮਹਾਂਮੰਤ੍ਰ (ਗੁਰਮੰਤ੍ਰ) ਦ੍ਵਾਰਾ ਪੁਨਃ ੨

ਅਭ੍ਯਾਸ ਕਰਕੇ ਜਨਮ ਸਫਲਾ ਕਰੋ ॥

ਸੂਚਨਾ


ਉਤਲੀ ਵਿਚਾਰ ਦੇ ਮਗਰੋਂ ਪ੍ਰਸ਼ਨ ਹੋਸਕਦਾ ਹੈ ਕਿ ਜਦ ਉਤੇ ਦਸੇ ਮੂਜਬ ਗੁਰਮੰਤ੍ਰ "ਗੁਰਵਾਹੁ" ਹੈ, ਫਿਰ ਉਸਦੇ ਥਾਂਓ "ਵਾਹਗੁਰ" ਨੂੰ ਕਿਸ ਪ੍ਰਕਾਰ ਗੁਰਮੰਤ੍ਰ ਮੰਨਿਆਂ ਜਾਵੇ?


ਇਸ ਕਰਕੇ ਜਰੂਰੀ ਪ੍ਰਤੀਤ ਹੁੰਦਾ ਹੈ ਕਿ ਇਸ ਸ਼ੰਕੇ ਨੂੰ ਭੀ ਨਵਿਰਤ ਕੀਤਾ ਜਾਵੇ ॥

ਵੇਖੀਏ

(ਸ) ਹੇਠ ਲਿਖੇ ਤਿੰਨਾਂ ਚਿੱਤ੍ਰਾਂ ਵਿੱਚ ਇਸ ਨਾਮ ਅਭਜਾਸੀ ਨਾਮੁ ਨੂੰ ਦਰਜ ਕਰਕੇ ਪ੍ਰਗਟ ਕੀਤਾ ਜਾਂਦਾ ਹੈ ਕਿ "ਅਕਾਲ ਸੇਵੀ", (ਨਾਮੁ ਅਭਜਾਸੀ) ਸ੍ਰੇਣੀ ਸਬੰਧੀ ਏਹੋ ਜਿਹੇ ਬੇਅੰਤ ਸਬੂਤ ਹਨ, ਪਰ ਐਥੇ ਖਾਸ ਤੌਰ ਸੇ ਖਾਲਸਾ ਧਰਮੀ ਨਾਮੁ ਅਭਜਾਸੀਆਂ ਦਾ। ਨਾਮਚੱਕ੍ਰ ਦਿਖੌਂਦੇ ਹਾਂ।

ਯਥਾ:--





(ਸ) ਬੱਸ ਉਤੇ ਦਸੇ ਨਾਮੁ ਅਭਜਾਸੀ ਚਲਤ ਦੇ ਕ੍ਰਾਂ ਤੋਂ ਸਾਬਤ ਹੁੰਦਾ ਹੈ ਕਿ **'ਗੁਰਵਾਹੁ'** ਪਦ ਅਸਲੋਂ **'ਵਾਹੁਗੁਰ'** ਹੈ, ਜੋ ਨਾਮੁ ਅਭਜਾਸੀ ਚੱਕ੍ਰ ਦੇ ਕਾਰਨ "ਗੁਰਵਾਹੁ" ਉਚਾਰਨ ਹੋ-ਸਕਦਾ ਹੈ, ਭਾਵ ਵਾਹੁਗੁਰ ਦਾ ਉਚਾਰਨ 'ਗੁਰਵਾਹੁ' ਭੀ ਹੋਸਕਦਾ ਹੈ।

ਸਿੱਟਾ ਏਹ ਨਿਕਲਿਆ ਕਿ **ਵਾਹੁਗੁਰ** ਪਦ **ੴ** ਵਿਚ ਗੁਪਤ ਦਸ਼ਾ ਵਿੱਚ ਦਰਜ ਹੈ ਜਿਸਦਾ ਨਿਰਣਯ ਇਸਤੋਂ ਅਗੇ ਕੀਤਾ ਜਾ ਚੁਕਾ ਹੈ। ਅਤੇ ਉਤੇ ਦੱਸੇ ਸਬਦ **'ਨਿਕਟਿ ਜੀਅ ਕੈ ਸਦ ਹੀ ਸੰਗਾ'** ਦੀ ਅੰਤਮ ਤੁਕ " ਨਾਨਕ ਦਾਸ ਕਹਹੁ **ਗੁਰਵਾਹੁ**" ਦ੍ਵਾਰਾ ਸ੍ਰੀ ਗੁਰੂ ਪੰਜਮ ਪਾਤਸ਼ਾਹ ਜੀ ਨੇ (ਉਤੇ ਦਸੇ ਨਾਮੁ ਅਭਜਾਸੀ ਚੱਕ੍ਰਾਂ ਦੀ ਵਿਚਾਰ ਮੂਜਬ) ਸਾਫ ਪ੍ਰਗਟ ਕਰ ਦਿਤਾ ਹੈ ਕਿ ਖਾਲਸਾ ਜੀ ਦਾ ਗੁਰਮੰਤ੍ਰ ਅਭਜਾਸੀ ਨਾਮੁ **'ਵਾਹੁਗੁਰ'** ਹੈ ਪਰ ਜੇ ਕੋਈ ਸੱਜਨ ਨਾਮੁ ਅਭਜਾਸ ਸ੍ਰੂਨ ਅਵਸਥਾ ਦੇ ਕਾਰਨ ਹੁਣ ਭੀ ਹਠ ਕਰੇ, ਤਾਂ ਉਸਨੂੰ **ਮੋਟੀ ਸੂਰਤ** ਵਿਚ ਦਸਿਆ ਜਾਂਦਾ ਹੈ। ਕਿ "ਉਤੇ ਦਸੇ ਸ਼ਬਦ ਵਿਚ ਦੋ ਦੋ ਤੁਕਾਂ ਦੇ ਪਦਾਂਤ (ਤੁਕਾਂਤ) ਸਾਮਾਨਤਾ (ਤੁਲਜ ਆਵਾਜਾਂ) ਵਿਚ ਹਨ" ॥

ਯਥਾਃ--

ਪਹਿਲੀ ਦੂਜੀ ਦੋ ਤੁਕਾਂ ਦੇ ਅੰਤ ਪਰ **ਸੰਗਾ,** ਤੇ **ਰੰਗਾ** ਪਦ ਹੈ ਅਤੇ ਤੀਜੀ, ਚੌਥੀ ਦੋ ਤੁਕਾਂ ਵਿਚ **ਰੋਵਨਹਾਰ** ਤੇ **ਹਮਾਰ** ਪਦ ਹਨ ਇਸੇਤ੍ਰਾਂ ਪੰਜਵੀਂ, ਛੇਵੀਂ ਦੋ ਤੁਕਾਂ ਵਿਚ **ਕਾਨਿ** ਤੇ **ਆਨਿ** ਹੈ ਔਰ ਸਤਵੀਂ, ਅਠਵੀਂ ਦੋ ਤੁਕਾਂ ਵਿਚ **ਅਜਾਤਿ** ਤੇ **ਤਾਤਿ** ਪਦ

ਹੋਨ ਅਤੇ ਅੰਤ ਨੂੰ ਨੌਵੀਂ, ਦਸਵੀਂ ਤੁਕ ਵਿਚ **ਵੇਪਰਵਾਹੁ** ਤੇ **ਗੁਰਵਾਹੁ** ਪਦ ਦਰਜ ਹਨ ॥

ਹੁਣ ਗਲ ਏਹ ਦਸਨੀ ਹੈ ਕਿ ਕਵਿਤਾ ਦੇ ਕ਼ਾਇਦੇ ਅਨੁਸਾਰ ਉਤੇ ਦੱਸੇ ਸ਼ਬਦ ਦੀ ਨੌਵੀਂ ਤੁਕ ਵਾਲੇ **ਵੇਪਰਵਾਹੁ** ਦੇ ਮੁਕਾਬਲੇ ਦਸਵੀਂ ਤੁਕ ਵਿਚ **ਗੁਰਵਾਹੁ** ਹੀ ਆ ਸਕਦਾ ਸੀ ਜੋ ਨਿਯਮ ਦੇ ਅਨੁਸਾਰ ਠੀਕ ਹੈ।

ਸਜਨੋ ! ਸਤਿਗੁਰਾਂ ਨੇ ਇਸ ਸਬਦ ਵਿਚ ਇਕ ਤਾਂ ਕਵਿਤਾ ਦਾ ਨਿਯਮ ਵਰਤਿਆ ਹੈ, ਦੂਜੇ **ਨਾਮੁ** ਲਗਭਗ ਗੁਪਤ ਅਵਸਥਾ ਵਿਚ ਹੀ ਰੱਖ ਦਿਤਾ ਹੈ, ਜੋ ਅਸਲੋਂ ਏਹ ਪਦ '**ਵਾਹੁਗੁਰ**' ਹੈ

ਬੱਸ ਉਤੇ ਦਸੇ ਪ੍ਰਮਾਣਾਂ ਤੇ ਸਿੱਧ ਹੋਯਾ ਜੋ ਏਹ ਗੁਰਵਾਹੁ ਪਦ ਅਸਲੋਂ "ਵਾਹੁਗੁਰ" ਹੈ ॥

(ਗ਼) ਯਾਂਤੇ ਇਸ ਉਤਲੀ ਵਿਚਾਰ ਨੂੰ ਗ੍ਰਹਿਣ ਕਰਨੇ ਕਰਕੇ ਨਿਰਸੰਸੇ ਮੰਨਨਾ ਪਊ ਜੋ ਖਾਲਸਾ ਜੀ ਦਾ ਅਭ੍ਯਾਸੀ ਨਾਮ "**ਵਾਹੁਗੁਰ**" ਹੈ। ਪਰ ਹੁਣ ਭੀ ਜੇ ਕੋਈ ਸੱਜਨ ਏਹ ਇਤ੍ਰਾਜ਼ ਕਰੇ ਕਿ " ਬੇਸ਼ਕ ਉਤਲੀ ਵਿਚਾਰ ਦ੍ਵਾਰਾ **ਗੁਰਵਾਹੁ** ਤੋਂ **ਵਾਹੁਗੁਰ** ਸਾਬਤ ਹੁੰਦਾ ਹੈ, ਪ੍ਰੰਤੂ ਜਿਤਨਾਂ ਚਿਰ ਗੁਰੂ ਸਾਹਿਬਾਂ ਜੀਦੀ ਮੁਖਵਾਕ ਬਾਣੀ ਵਿਚ **ਵਾਹੁਗੁਰ** ਪਦ ਸਾਫ਼ ਸੂਰਤ ਵਿਚ (ਗੇੜਾ ਭੇੜਾ ਛਡਕੇ) ਸਿੱਧੇ ਅੱਖਰੀਂ ਨਹੀਂ ਦਿਖਾਯਾ ਜਾਂਦਾ ਉਤਨਾਂ ਚਿਰ ਨਿਰਸੰਸੇ ਹੋਕੇ ਮੰਨਨਾ ਕਠਿਨ ਹੈ। ਇਸ ਲਈ

ਓਹਨਾਂ ਗੁਰਮੁਖਾਂ ਦੀ ਸੂਝ ਹਿਤ ਹੇਠ ਲਿਖੇ ਪ੍ਰਮਾਣ ਦਰਜ ਕੀਤੇ ਜਾਂਦੇ ਹਨ, ਆਸਾ ਹੈ ਪ੍ਰੇਮ ਸਹਿਤ ਵਿਚਾਰਨ ਦੀ ਖੇਚਲ ਕਰਨਗੇ॥

ਯਥਾ:—

ਗੂਜਰੀ ਵਾਰ ਮਹਲਾ ੩ ਪਉੜੀ ੧੭

ਸਫਾ $\frac{੫੧੫}{੪੫੯}$ ਸ੍ਰੀਗੁਰੂ:

ਸਲੋਕ ਮ: ੩

(ਜ) ਵਾਹੁ ਵਾਹੁ ਸੇ ਜਨ ਸਦਾ ਕਰਹਿ,
ਜਿਨ ਕਉ ਆਪੇ ਦੇਇ ਬੁਝਾਇ ।
ਵਾਹੁ ਵਾਹੁ ਕਰਤਿਆ ਮਨੁ ਨਿਰਮਲ ਹੋਵੈ,
ਹਉਮੈ ਵਿਚਹੁ ਜਾਇ ।
ਵਾਹੁ ਵਾਹਿਗੁਰੂ ਸਿਖੁ ਜੋ ਨਿਤ ਕਰੇ,
ਸੋ ਮਨਿ ਚਿੰਦਿਆ ਫਲ ਪਾਇ ।

ਸੂਚਨਾ

ਵੇਖਿਆ ਜੇ ! ਇਸ ਸਬਦ ਵਿਚ "ਵਾਹਿਗੁਰੂ" ਗੁਰਮੰਤ੍ਰ (ਮਹਾਂਮੰਤ੍ਰ) ਕਿਸਤ੍ਰਾਂ ਸੂਰਜ ਵਤ ਪ੍ਰਕਾਸ ਦੇ ਰਿਹਾ ਹੈ ?

ਮਹਲਾ ੩

ਸਫਾ $\frac{੫੧੫}{੪੫੯}$ ਸ੍ਰੀਗੁਰੂ:

(ਝ) ਵਾਹੁ ਵਾਹੁ ਸਾਹਿਬੁ ਸਚੁ ਹੈ,
ਅੰਮ੍ਰਿਤੁ ਜਾ ਕਾ ਨਾਉ ।
ਜਿਨਿ ਸੇਵਿਆ ਤਿਨਿ ਫਲੁ ਪਾਇਆ,
ਹਉ ਤਿਨ ਬਲਿਹਾਰੈ ਜਾਉ ।

ਵਾਹੁ ਵਾਹੁ ਗੁਣੀਨਿਧਾਨੁ ਹੈ,
ਜਿਸ ਨੋ ਦੇਇ ਸੁ ਖਾਇ ।
ਵਾਹੁ ਵਾਹੁ ਜਲਿ ਥਲਿ ਭਰਪੂਰੁ ਹੈ,
ਗੁਰਮੁਖਿ ਪਾਇਆਜਾਇ ।
ਵਾਹੁ **ਵਾਹਿਗੁਰ** ਸਿਖ ਨਿਤ ਸਭ ਕਰਹੁ,
ਗੁਰਪੂਰੇ ਵਾਹੁ ਵਾਹੁ ਭਾਵੈ ।
ਨਾਨਕ ਵਾਹੁ ਵਾਹੁ ਜੋ ਮਨਿ ਚਿਤਿ ਕਰੇ,
ਤਿਸੁ ਜਮੁਕੰਕਰੁ ਨੇੜਿ ਨ ਆਵੈ ॥

ਸੂਚਨਾ

ਇਸ ਉਤਲੇ ਸਬਦ ਵਿਖੇ **ਵਾਹਿਗੁਰ** ਨਾਮੀ ਨਾਮੁ ਨੂੰ ਦੇਖਕੇ ਉਸਦੀ ਧਾਰਨਾ ਸਬੰਧੀ ਹੁਣ ਭੀ ਸਾਡੇ ਖਾਲਸਾ ਵੀਰਾਂ ਨੂੰ ਕੋਈ ਇਤ੍ਰਾਜ ਹੋਸਕਦਾ ਹੈ ?

ਗੂਜਰੀ ਕੀ ਵਾਰ ਮਹਲਾ ੩ ਪਉੜੀ ੧੯

ਸਫਾ $\frac{੫੧੫}{੪੫੯}$ ਸ੍ਰੀਗੁਰੂ:

ਸਲੋਕ ਮ: ੩

(੩) ਵਾਹੁ ਵਾਹੁ ਬਾਣੀ ਨਿਰੰਕਾਰ ਹੈ,
ਤਿਸ ਜੇਵਡ ਅਵਰੁ ਨ ਕੋਇ ।
ਵਾਹੁ ਵਾਹੁ ਅਗਮ ਅਥਾਹੁ ਹੈ,
ਵਾਹੁ ਵਾਹੁ ਸਚਾ ਸੋਇ ।
ਵਾਹੁ ਵਾਹੁ ਵੇਪਰਵਾਹੁ ਹੈ,
ਵਾਹੁ ਵਾਹੁ ਕਰੇ ਸੁ ਹੋਇ ।
ਵਾਹੁ ਵਾਹੁ ਅੰਮ੍ਰਿਤਨਾਮ ਹੈ,
ਗੁਰਮੁਖਿ ਪਾਵੈ ਕੋਇ ।

ਵਾਹੁ ਵਾਹੁ ਕਰਮੀ ਪਾਈਐ,
ਆਪਿ ਦਇਆ ਕਰਿ ਦੇਇ ।
ਨਾਨਕ ਵਾਹੁ ਵਾਹੁਗੁਰ ਮੁਖਿ ਪਾਈਐ,
ਅਨ ਦਿਨੁ ਨਾਮੁ ਲਏਇ ॥

ਸੂਚਨਾ

ਇਸ ਉਪਰਲੇ ਮੁਖਵਾਕ ਸਬਦ ਵਿਚ ਦੇਖਿਆ ਜੇ ! ਖਾਲਸਾ ਜੀਦਾ ਗੁਰਮੰਤ੍ਰ (ਮਹਾਂਮੰਤ੍ਰ) ਵਾਹੁਗੁਰ ਨਾਮੁ ਕਿਸ ਪ੍ਰਕਾਰ ਤਪਤ ਹਿਰਦਿਆਂ ਨੂੰ ਸ਼ਾਂਤ ਬਖਸ਼ ਰਹਿਆ ਹੈ?

ਸਿਧਾਂਤ

(੧੫) ਚੂੰਕਿ ਇਸ ਪ੍ਰਕਰਣ ਵਿਚ ਉਤੇ ਵਰਨਨ ਕੀਤੇਗਏ ਲੇਖ ਤੋਂ ਅਤੇ ਖਾਸ ਕਰਕੇ ਉਸ ਵਿਚ ਦਰਜ ਕੀਤੀ ਗਈ ਗੁਰੂ ਸਾਹਿਬਾਂ ਦੀ ਮੁਖਵਾਕ ਬਾਣੀ ਦ੍ਵਾਰਾ ਸਿੱਧ ਕੀਤਾ ਜਾ ਚੁਕਾ ਹੈ, ਕਿ ਖਾਲਸਾ ਪੰਥੀਆਂ ਦਾ ਅਭਯਾਸੀ ਨਾਮੁ ਗੁਰਮੰਤ੍ਰ ਵਾਹੁਗੁਰ ਹੈ, ਯਾਂਤੇ ਸਮੂੰਹ ਖਾਲਸਾ ਪੰਥੀਆਂ ਨੂੰ ਚਾਹੀਦਾ ਹੈ ਕਿ ਵਾਹੁਗੁਰ ਨਾਮੀ ਗੁਰਮੰਤ੍ਰ ਨੂੰ ਗ੍ਰਹਿਣ ਕਰਕੇ ਉਸਦੇ ਅਭਯਾਸ ਦ੍ਵਾਰਾ ਅਪਨੇ ਜਨਮ ਸਫਲੇ ਕਰਨ ॥

ਸੂਚਨਾ

ਇਸਤੋਂ ਅਗਲੇ
ਕਾਂਡ ਵਿਚ ਭਲੀ ਪ੍ਰਕਾਰ
ਦਸਿਆ ਜਾਵੇਗਾ ਕਿ ਕੀ 'ਵਾਹੁਗੁਰ'
ਨਾਮੀ ਗੁਰਮੰਤ੍ਰ ਤੋਂ ਕੇਵਲ ਵਾਕਫੀ-
ਅਤ ਕਰ ਲੈਣ ਦੀ ਹੀ ਲੋੜ ਹੈ,
ਅਥਵਾ ਜੀਵਨ ਯਾਤ੍ਰਾ ਦੀ ਸਫਲਤਾ
ਲਈ ਕੁਛਕ ਉਚੇਰੀ
ਵਰਤੋਂ ਵਰਤਨ ਦੀ
ਭੀ ਲੋੜ ਹੈ ?

੧ ਓ ਸਤਿ ਗੁਰ ਪ੍ਰਸਾਦਿ ॥

ਗੁਰਮੰਤ੍ਰ ਪ੍ਰਬੋਧ

ਚੌਥਾ ਕਾਂਡ

(੧੬) **ਇਸ ਪੁਸਤਕ** ਦੇ ਪਹਿਲੇ ਤਿੰਨ ਕਾਂਡਾਂ ਵਿਚ ਗੁਰੂ-ਬਾਣੀ ਦੇ ਪ੍ਰਮਾਣਾਂ ਦ੍ਵਾਰਾ ਸਾਬਤ ਕੀਤਾ ਗਿਆ ਹੈ ਕਿ ਖਾਲਸਾ ਪੰਥੀਆਂ ਦਾ **ਗੁਰਮੰਤ੍ਰ** [(ਮਹਾਂ ਮੰਤ੍ਰ, ਇਸਮੇ ਆਜ਼ਮ) ਅਕਾਲ-ਪੁਰਖੁ ਤਥਾ ਨਿਰੰਕਾਰ ਲਖਾਇਕ ਪਰਾਪੂਰਬਲਾ ਨਾਮੁ] **ਵਾਹੁਗੁਰ** ਹੈ ॥

ਪਰ ਇਸ ਕਾਂਡ ਵਿਚ ਏਹ ਦੱਸਨਾ ਜਰੂਰੀ ਜਾਪਦਾ ਹੈ, ਕਿ ਕੀ ਇਸ **ਵਾਹੁਗੁਰ** ਨਾਮੀ ਗੁਰਮੰਤ੍ਰ ਤੋਂ ਕੇਵਲ ਵਾਕਫੀਅਤ ਕਰਲੈਨ ਦੀ ਹੀ ਲੋੜ ਹੈ, ਅਥਵਾ ਜੀਵਨ ਯਾਤ੍ਰਾ ਦੀ ਸਫਲਤਾ ਲਈ ਨਿੱਤ ਕਰਮਾਂ (ਨਿਤਜ ਨਿਯਮ) ਦੇ ਧਾਰਨੀ ਹੁੰਦਿਆਂ ਹੋਯਾਂ ਉਚੇਰੇ ਮੰਡਲਾਂ ਤਥਾ ਖੰਡਾਂ (ਧਰਮਖੰਡ, ਗਜਾਨਖੰਡ, ਸਰਮਖੰਡ, ਕਰਮਖੰਡ, ਸਚਖੰਡ) ਦੀ ਪ੍ਰਾਪਤੀ ਲਈ ਕੁਛਕੁ ਉਚੇਰੀ ਵਰਤੋਂ ਵਰਤਨ ਦੀ ਭੀ ਲੋੜ ਹੈ ?

ਸੁਣੀਏ

(ੳ) ਅੱਜਕੱਲ ਪਛਮੀ ਵਿਦਜਾ ਦੇ ਅਸਰ ਕਰਕੇ ਬਹੁਤ ਸਾਰੇ ਖਾਲਸਾ ਵਿਦ੍ਵਾਨ ਤਥਾ ਚੁੰਚ ਗਜਾਨੀ ਜ਼ੁਬਾਨੀ ਯਾ ਲਿਖਤਾਂ ਦ੍ਵਾਰਾਂ ਇਸ ਪ੍ਰਕਾਰ ਪ੍ਰਗਟ ਕਰਦੇ ਹਨ, ਕਿ "**ਅਕਾਲਪੁਰਖੁ**

ਦਾ ਕੋਈ ਖਾਸ ਨਾਮ ਨੀਯਤ ਕਰਕੇ ਉਸਦਾ ਅਭ੍ਯਾਸ (ਬਾਰ ਬਾਰ ਚਿਤਵਨ ਯਾ ਅਰਾਧਨ) ਕਰਨਾ ਅਕਾਲਪੁਰਖ ਨੂੰ ਪ੍ਰਸਿੰਨ ਕਰਨ ਦੇ ਥਾਂਓ ਸਗੋਂ ਨਾਰਾਜ ਕਰਨਾ ਹੈ ॥

ਜੈਸਾਕਿ ਕਿਸੇ ਪੁਰਸ਼ ਨੂੰ ਹਰਪ੍ਰਕਾਰ ਸਮੀਪ-ਹੁੰਦਿਆਂ, ਤੇ ਹਰਸਮੇ ਅਪਨੇ ਪਾਸ ਹਾਜਰ ਦੇਖਨ ਪਰ ਭੀ ਉਸਨੂੰ ਬਾਰ ੨ ਆਵਾਜ਼ਾਂ ਮਾਰਕੇ ਅਥਵਾ ਉਸਦਾ ਮੁੜ ੨ ਨਾਮ ਲੈਕੇ ਪੁਕਾਰਨ ਤੇ ਨਾਰਾਜ ਕੀਤਾ ਜਾਂਦਾ ਹੈ॥

ਸੋ ਇਸੀਪ੍ਰਕਾਰ ਨਾਮੁ ਦ੍ਵਾਰਾ ਚਿੰਤਨ ਕਰਨੇ ਕਰਕੇ ਅਕਾਲਪੁਰਖੁ ਨੂੰ ਕੋਪ ਕਰਨਾ ਹੈ" ॥

(ਅ) ਸਿੱਟਾ ਏਹ ਜੋ ਪਸਚਮੀ ਖਯਾਲਾਂ ਦੇ ਵਿਦ੍ਵਾਨ ਖਾਸ ਕਰਕੇ ਬੀ. ਏ, ਐਮ. ਏ. ਆਦਿ (ਵਿਦ੍ਵਾਨ) ਅਕਾਲਪੁਰਖੁ ਦਾ ਗੁਰਮੰਤ੍ਰ(ਮਹਾਂ ਮੰਤ੍ਰ)ਦ੍ਵਾਰਾ ਅਰਾਧਨ ਕਰਨਾ,(ਅਭ੍ਯਾਸ ਕਰਨਾ) ਨਿਰਾਰਥਕ ਤਥਾ ਨਿਸਫਲ ਦਸਦੇ ਹਨ, ਭਾਵ ਕਹਿੰਦੇ ਹਨ ਕਿ "ਨਾਮ ਅਭ੍ਯਾਸ ਕਰਨ ਦੀ ਕੋਈ ਲੋੜ ਨਹੀ" ਬਲਕਿ ਖਾਲਸਾ ਨਿਤਨੇਮੀ ਤੇ ਨਾਮ ਅਭ੍ਯਾਸੀ ਵੀਰਾਂ ਨੂੰ ਵਕਤਗਵਾਊ, ਕੰਮਖੋਊ, ਸਮਾਂਵਿਗਾੜੂ,ਮਗਜ਼-ਖਪਾਊ, ਅਤੇ ਗੁਰਮਤਿ ਸਿੰਧਾਂਤ ਅਗ੍ਯਾਤ ਆਦਿ, ਪਦਾਂ ਨਾਲ ਸੰਬੋਧਨ ਕਰਦੇ ਹਨ ॥

ਜਿਸ ਤੋਂ ਜ਼ਾਹਿਰ ਹੁੰਦਾ ਹੈ ਕਿ ਉਨ੍ਹਾਂ ਸਜਨਾਂ ਨੇ ਕਦੇ

ਗੁਰੂਬਾਣੀ ਦਾ ਵੀਚਾਰ ਨਹੀਂ ਕੀਤਾ ਤੇ ਨਾਂਹੀ ਉਨ੍ਹਾਂ ਦੇ ਆਤਮਾਂ ਅੰਦਰ "ਸਤਸੰਗ-ਪ੍ਰਕਾਸ਼" ਹੈ, ਸੋ ਇਹ ਉਪ੍ਰੋਕਤ ਸਭੇ ਕਥਨ ਕੇਵਲ ਉਨ੍ਹਾਂ ਦੀ ਗੁਰਮਤਿ ਵਲੋਂ ਅਸੂਝਤਾ ਦੇ ਕਾਰਨ ਕਰਕੇ ਹੀ ਹੈਨ।

ਉਨ੍ਹਾਂ ਵੀਰਨਾਂ ਨੂੰ ਚਾਹੀਦਾ ਹੈ ਕਿ ਘਟ ਤੋਂ ਘਟ **"ਜਪੁ ਨੀਸਾਣ"** ਨੂੰ ਤਾਂ ਜਰੂਰ ਵੀਚਾਰ ਨਾਲ ਪੜ੍ਹਿਆ ਕਰਨ, ਅਤੇ ਪੜ੍ਹਨ ਸਮੇਂ ਹੇਠਲੀ ਤੁਕਾਂ ਵਲ ਖਾਸ ਗਹੁ ਦਿਤਾ ਕਰਨ.

ਯਥਾ:--

(ੲ)(੧)ਗਾਵੀਐ ਸੁਣੀਐ ਮਨਿ ਰਖੀਐ ਭਾਉ ।
(੨) ਸੁਣਿਆ ਮੰਨਿਆ ਮਨ ਕੀਤਾ ਭਾਉ ।
ਅੰਤਰਗਤਿ ਤੀਰਥ ਮਲਿ ਨਾਉ ।
(੩)ਅੰਮ੍ਰਿਤਵੇਲਾ ਸਚਨਾਉ ਵਡਿਆਈ ਵੀਚਾਰ।
(੪) ਭਰੀਐ ਹਥੁ ਪੈਰੁ ਤਨੁ ਦੇਹ ॥
ਪਾਣੀ ਧੋਤੈ ਉਤਰਸੁ ਖੇਹ ॥
ਮੂਤ ਪਲੀਤੀ ਕਪੜੁ ਹੋਇ ॥
ਦੇ ਸਾਬੂਣੁ ਲਈਐ ਓਹੁ ਧੋਇ ॥
ਭਰੀਐ ਮਤਿ ਪਾਪਾ ਕੈ ਸੰਗਿ ॥
ਓਹੁ ਧੋਪੈ ਨਾਵੈ ਕੈ ਰੰਗਿ ॥
(੫) ਜਿਨੀ ਨਾਮੁ ਧਿਆਇਆ
ਗਏ ਮਸਕਤਿ ਘਾਲਿ ॥
ਨਾਨਕ ਤੇ ਮੁਖ ਉਜਲੇ
ਕੇਤੀ ਛੁਟੀ ਨਾਲਿ ॥ (ਜਪੁ)

(੧੭) **ਸਜਨੋਂ !** ਇਸ ਕਾਂਡ ਵਿਚ ਉਨ੍ਹਾਂ ਨਾਮਅਭਯਾਸ ਤੋਂ ਅਗਯਾਤ, ਫੋਕਟ ਵਿਦਯਾ ਦੇ ਵਿਦ੍ਵਾਨਾਂ ਦੀਆਂ ਫੋਕਟ ਯੁਕ-ਤੀਆਂ ਪਰ ਵੀਚਾਰ ਕਰਨਾ ਜਰੂਰੀ ਭਾਸਦਾ ਹੈ, ਜਿਸਤੇ ਓਨ੍ਹਾਂ ਭ੍ਰਾਵਾਂ ਨੂੰ ਪਤਾ ਲਗ ਜਾਵੇ ਜੋ ਓਨ੍ਹਾਂ ਵਿਦ੍ਵਾਨ ਸੱਜਨਾਂ ਦੇ ਉਪ੍ਰੋਕਤ ਖ੍ਯਾਲ ਗੁਰੂ ਸਾਹਿਬਾਂ ਦੀ ਸਿਖ੍ਯਾ ਦੇ ਮੁਕਾਬਲੇ ਕਿਥੋਤਕ ਦਰੁਸਤ ਹਨ ?

ਅਤੇ ਓਹ ਵਿਦ੍ਵਾਨ **"ਸਿਖੀ ਸਿਖਿਆ ਗੁਰ ਵੀਚਾਰਿ। ਨਦਰੀ ਕਰਮਿ ਲੰਘਾਏ ਪਾਰਿ"** (ਆਸਾਵਾਰ ਪਉੜੀ ੫) ਮਹਾਂ ਵਾਕ ਦੇ ਕਿਤਨੇਕ ਧਾਰਨੀ ਹੈਨ ?

ਯਾਂਤੇ ਆਮ ਉਕਤੀਆਂ, ਯੁਕਤੀਆਂ ਦੇ ਥਾਂਓ ਕੇਵਲ ਗੁਰੂ ਸਾਹਿਬਾਂ ਦੀ ਮੁਖਵਾਕ ਬਾਣੀ ਦ੍ਵਾਰਾ ਹੀ ਸਾਬਤ ਕੀਤਾ ਜਾਂਦਾ ਹੈ **ਕਿ "ਖਾਲਸਾ ਧਰਮੀਆਂ ਲਈ ਨਾਂਮ ਅਭਯਾਸ ਕਰਨ ਹਿਤ ਗੁਰੂ ਸਾਹਿਬਾਂ ਵਲੋਂ ਕਿਤਨੀਕ ਵਧੀਕ ਤਾਕੀਦ ਕੀਤੀ ਗਈ ਹੈ ॥" ਯਥਾ:--**

ਸੁਖਮਨੀ ਮਹਲਾ ੫ ਅਸਟਪਦੀ ੧

ਸਫਾ $\frac{੨੬੨}{੨੩੪}$ ਸ੍ਰੀਗੁਰੂ:

(ਸ) **ਸਿਮਰਉ** ਸਿਮਰਿ ਸਿਮਰਿ ਸੁਖ ਪਾਵਉ ।
ਕਲਿਕਲੇਸ ਤਨ ਮਾਹਿ ਮਿਟਾਵਉ ।

ਸੂਚਨਾ--ਇਸ ਸਬਦ ਵਿਚ ਸਿਮਰਨ ਕਰਨ (ਪੁਨਹ ੨ ਅਭਯਾਸ ਕਰਨ) ਦੀ ਤੇਹਰੀ ਤਾਕੀਦ ਹੈ । ਪੁਨਾ:--

ਸੁਖਮਨੀ ਮਹਲਾ ੫ ਅਸਟਪਦੀ ੧੪

ਸਫਾ $\frac{੨੮੧}{੨੫੦}$ ਸ੍ਰੀਗੁਰੂ:

(ਹ) ਤਜਹੁ ਸਿਆਨਪ ਸੁਰਜਨਹੁ **ਸਿਮਰਹੁ** ਹਰਿ ਹਰਿ ਰਾਇ।
ਏਕ ਆਸ ਹਰਿ ਮਨ ਰਖਹੁ ਨਾਨਕ ਦੂਖੁ ਭਰਮ ਭਉ ਜਾਇ।

ਸੂਚਨਾ--ਇਸ ਸਬਦ ਵਿਚ **ਸਿਮਰਹੁ** ਪਦ ਦ੍ਵਾਰਾ ਸਿਮਰਨ ਕਰਨ ਦੀ ਸਖਤ ਤਾਕੀਦ ਕੀਤੀ ਹੈ, ਅਤੇ ਸਿਆਣਪ ਦੇ ਪੁਤਲਿਆਂ ਨੂੰ ਚੰਗੀਤਰਾਂ ਤਾੜਿਆ ਹੈ। ਪੁਨਾ:—

ਸੁਖਮਨੀ ਮ: ੫ ਅਸਟਪਦੀ ੧੬

ਸਫਾ $\frac{੨੮੪}{੨੫੩}$ ਸ੍ਰੀਗੁਰੂ:

ਧਿਆਇ ਧਿਆਇ ਭਗਤਹ ਸੁਖੁ ਪਾਇਆ।
ਨਾਨਕ ਤਿਸੁ ਪੁਰਖੁ ਕਾ ਕਿਨੈ ਅੰਤੁ ਨ ਪਾਇਆ।

ਇਸ ਸਬਦ ਵਿਚ ਪੁਨ: ੨ ਧਿਆਵਨ ਦੀ ਰੁਚੀ ਦਵਾਈ ਹੈ।

ਪੁਨਾ:—

ਦਖਣੀ ਓਅੰਕਾਰ ਰਾਮਕਲੀ ਮ: ੧ ਪਉੜੀ ੬

ਸਫਾ $\frac{੯੩੦}{੮੨੨}$ ਸ੍ਰੀਗੁਰੂ:

(ਕ) ਏਕੁ **ਸਰੇਵੈ** ਤਾ ਗਤਿ ਮਿਤ ਪਾਵੈ,
ਆਵਣਜਾਣ ਰਹਾਈ।

ਸੂਚਨਾ--ਇਸ ਸਬਦ ਵਿਚ **ਸਰੇਵੈ** (ਸਿਮਰਨ) ਦੀ ਦੱਸ ਦੱਸਕੇ ਸਿਮਰਨ ਕਰਨ ਦੇ ਫਲ ਦੱਸੇ ਹਨ।

ਪੁਨਾਃ—

ਰਾਗੁ ਟੋਡੀ ਮਹਲਾ ੫ ਸਬਦ ੨

ਸਫਾ $\frac{੧੧੨}{੬੩੧}$ ਸ੍ਰੀਗੁਰੂਃ

(ਖ) ਬਿਨੁ **ਸਿਮਰਨ** ਜੋ ਜੀਵਨੁ ਬਲਨਾ,
ਸਰਪ ਜੈਸੇ ਆਰਜਾਰੀ ।
ਨਵਖੰਡਨ ਕੋ ਰਾਜੁ ਕਮਾਵੈ,
ਅੰਤਿ ਚਲੈਗੋ ਹਾਰੀ ।

ਸੂਚਨਾ--ਇਸ ਸਬਦ ਵਿਚ ਸਿਮਰਨ—ਹੀਣਤਾ ਦੇ ਘਾਟੇ ਦਸੇ ਹਨ ਅਤੇ ਉਸਦੇ ਮੁਕਾਬਲੇ ਚੱਕ੍ਰਵਰਤੀ ਰਾਜ ਨੂੰ ਭੀ ਤੁਛਜ ਸਾਬਤ ਕੀਤਾ ਹੈ ॥

ਪੁਨਾਃ—

ਰਾਗੁ ਜੈਜਾਵੰਤੀ ਮਃ ੯ ਸਬਦ ੩

ਸਫਾ $\frac{੧੩੫੨}{੧੧੯੦}$ ਸ੍ਰੀਗੁਰੂਃ

(ਗ) ਨਾਨਕਜਨ ਕਹਿ ਪੁਕਾਰਿ, ਸੁਪਨੈ ਜਿਉ ਜਗੁ ਪਸਾਰਿ,
ਸਿਮਰਤ ਨਹ ਕਿਉ ਮੁਰਾਰਿ, ਮਾਇਆ ਜਾਕੀ ਚੇਰੀ ।

ਸੂਚਨਾ--ਇਸ ਸਬਦ ਵਿਚ ਭੀ ਹਰ ਇਕ ਪੁਰਖ ਨੂੰ ਅਕਾਲਪੁਰਖ ਦੇ ਸਿਮਰਨ ਦੀ ਤਾਕੀਦ ਕੀਤੀ ਹੈ ॥

ਪੁਨਾਃ—

ਰਾਗੁ ਧਨਾਸਰੀ ਮਃ ੪ ਸਬਦ ੧

ਸਫਾ $\frac{੬੬੬}{੫੯੨}$ ਸ੍ਰੀਗੁਰੂਃ

(ਘ) ਹਰਿ ਹਰਿ **ਜਪਨੁ ਜਪਉ** ਦਿਨੁ ਰਾਤੀ,

ਜਪਿ ਹਰਿ ਹਰਿ ਹਰਿ ਉਰਿਧਾਰੀ।
ਹਰਿ ਹਰਿ ਹਰਿ ਅਉਖਧੁ ਜਗਿ ਪੂਰਾ,
ਜਪਿ ਹਰਿ ਹਰਿ ਹਉਮੈ ਮਾਰੀ।

ਸੂਚਨਾ--ਇਸ ਸਬਦ ਵਿਚ ਜਪਨੁ, ਜਪਉ, ਜਪਿ ਦ੍ਵਾਰ ਪੁਰਸ਼ਾਂ ਨੂੰ ਅਕਾਲ ਆਰਾਧਨ ਦੀ ਤਾਕੀਦ ਕੀਤੀ ਹੈ॥

ਪੁਨਾਃ-

ਰਾਗੁ ਸੋਰਠਿ ਮਃ ੩ ਸਬਦ ੮

ਸਫਾ $\frac{੬੦੨}{੫੩੫}$ ਸ੍ਰੀਗੁਰੂਃ

(ਛ) ਮਨ ਰੇ ਹਰਿ ਹਰਿ ਸੇਤੀ ਲਿਵ ਲਾਇ॥
ਮਨ ਹਰਿ ਜਪਿ ਮੀਠਾ ਲਾਗੈ ਭਾਈ,
ਗੁਰਮੁਖਿ ਪਾਏ ਹਰਿ ਥਾਇ॥

ਭਾਵ-ਇਸ ਸਬਦ ਦੇ ਭਾਵ ਦ੍ਵਾਰਾ ਖਾਲਸਾ ਜੀ ਨੂੰ ਅਕਾਲ ਜਪਨ ਲਈ ਆਗਜਾ ਦੇਕੇ ਉਸਦੇ ਫਲ ਦਸੇ ਹਨ।

ਪੁਨਾਃ-

ਰਾਗੁ ਪ੍ਰਭਾਤੀ ਮਃ ੪ ਸਬਦ ੬

ਸਫਾ $\frac{੧੩੩੭}{੧੧੭੬}$ ਸ੍ਰੀਗੁਰੂਃ

ਮੁਏਜੀਵੇ ਹਰਿ ਜਪਿ ਭਾ।

ਭਾਵ-ਹੇ ਭਾਈ। ਮੁਰਦੇ ਤੁਲ ਹੋਏ ਹੋਏ ਜੀਵ, ਹਰਿਨਾਮ ਜਪਕੇ ਜੀਉਂਦੇ ਹੋ ਗਏ ਹਨ॥

ਸੂਚਨਾ-ਇਸ ਸਬਦ ਵਿਚ ਹਰਿਨਾਮ ਜਪਨ ਦੇ ਫਲ ਦਸੇ ਹਨ

ਪੁਨਾਃ—

ਰਾਗੁ ਆਸਾ ਮਹਲਾ ੪ ਸਬਦ ੫

ਸਫਾ $\frac{੪੪੧}{੩੬੮}$ ਸ੍ਰੀਗੁਰੂਃ

(ਚ) ਹਰਿ ਹਰਿ ਨਾਮੁ **ਜਪਿਆ, ਆਰਾਧਿਆ,**
ਮੁਖਿ ਮਸਤਕਿ ਭਾਗੁ ਸਭਾਗਾ ।

ਸੂਚਨਾ-ਇਸ ਸਬਦ ਵਿਚ ਹਰਿਨਾਮ ਜਪਨ, ਤੇ ਆਰਾਧਨ ਦਾ ਫਲ ਪ੍ਰਗਟ ਕੀਤਾ ਹੈ । ਪੁਨਾਃ—

ਰਾਗੁ ਕਾਨੜਾ ਮਹਲਾ ੪ ਸਬਦ ੮

ਸਫਾ $\frac{੧੨੯੬}{੧੧੪੧}$ ਸ੍ਰੀਗੁਰੂਃ

(ਛ) ਹਰਿਗੁਨ ਗਾਵਹੁ ਜਗਦੀਸ ।
ਏਕਾ ਜੀਹ ਕੀਚੈ ਲਖਬੀਸ ।
ਜਪਿ ਹਰਿ ਹਰਿ ਸਬਦਿ **ਜਪੀਸ** ।

ਭਾਵ--ਇਕ ਜੀਭ ਦੇ ਥਾਂਓ ਬੀਹ ਲਖ ਜੀਭਾਂ ਕਰਕੇ ਉਸ ਜਪਨਯੋਗ ਜਗਦੀਸ (ਜਗਤ ਦੇ ਈਸ੍ਵਰ) ਨੂੰ ਜਪੋ ਅਰਥਾਤ ਪੁਨਃ ੨ ਉਸਦੇ ਨਾਮ ਦਾ ਅਭ੍ਯਾਸ ਕਰੋ ।

ਸੂਚਨਾ--ਇਸ ਸਬਦ ਵਿਚ ਪੁਨਃ ੨ ਨਾਮ ਅਭ੍ਯਾਸ ਕਰਨ ਦੀ ਤਾਕੀਦ ਕੀਤੀ ਹੈ । ਪੁਨਾਃ—

ਵਾਰ ਰਾਮਕਲੀ ਮਃ ੫ ਪਉੜੀ ੧੭

ਸਫਾ $\frac{੯੬੨}{੮੫੨}$ ਸ੍ਰੀਗੁਰੂਃ

(ਜ) ਸੋਇ ਸੁਣੰਦੜੀ ਮੇਰਾ ਤਨੁ ਮਨੁ ਮਉਲਾ,

ਨਾਮੁ **ਜਪੰਦੜੀ** ਲਾਲੀ।

ਸੂਚਨਾ-- ਇਸ ਸਬਦ ਵਿਚ ਨਾਮ ਸੁਣਨ ਤੇ ਉਸਦੇ ਅਭਯਾਸ ਦੇ ਪ੍ਰਤੱਖ ਫਲ ਪ੍ਰਗਟ ਕੀਤੇ ਹਨ।

ਪੁਨਾਃ—

ਰਾਗੁ ਧਨਾਸਰੀ ਮਃ ੪ ਸਬਦ ੧੨

ਸਫਾ $\frac{੬੭੦}{੫੯੫}$ ਸ੍ਰੀਗੁਰੂਃ

(ਝ) **ਜਪਿ** ਮਨ **ਸਤਿਨਾਮੁ** ਸਦਾ ਸਤਿਨਾਮੁ ।
ਹਲਤਿ ਪਲਤਿ ਮੁਖ ਊਜਲ ਹੋਈ ਹੈ,
ਨਿਤਿ ਧਿਆਈਐ ਹਰਿ ਪੁਰਖੁਨਿਰੰਜਨਾ ।

ਸੂਚਨਾ--ਇਸ ਸਬਦ ਦ੍ਵਾਰਾ ਸਤਿਨਾਮ (ਵਾਹੁਗੁਰ)ਨੂੰ ਸਦਾ ਜਪਨ ਦੀ ਤਾਕੀਦ ਕਰਕੇ ਉਪ੍ਰੰਤ ਜਪਨ ਦਾ ਫਲ ਦਸਿਆ ਹੈ।

ਪੁਨਾਃ—

ਰਾਗੁ ਮਾਲੀ ਗਉੜਾ ਮਃ ੪ ਸਬਦ ੨

ਸਫਾ $\frac{੯੮੪}{੮੬੯}$ ਸ੍ਰੀਗੁਰੂਃ

(ਞ) **ਜਪਿ** ਮਨੁ ਰਾਮਨਾਮੁ ਸੁਖਦਾਤਾ ।
ਸਤਸੰਗਤਿ ਮਿਲ ਹਰਿਸਾਦੁ ਆਇਆ,
ਗੁਰਮੁਖਿ ਬ੍ਰਹਮ ਪਛਾਤਾ ॥

ਸੂਚਨਾ--ਇਸ ਸਬਦ ਵਿਚ ਜਪ ਕਰਨ ਦੀ ਤਾਕੀਦ ਕੀਤੀ ਹੈ ਅਤੇ ਅੰਤ ਨੂੰ ਬ੍ਰਹਮ ਦਾ ਪਛਾਨਣ (ਬ੍ਰਹਮ ਗਯਾਨ) ਉਸ ਦਾ ਫਲ ਦਸਿਆ ਹੈ ॥

ਪੁਨਾਃ—

ਆਸਾ ਮਹਲਾ ੪ ਛੰਤ ਕੇ

ਸਫਾ $\frac{੪੪੪}{੩੯੬}$ ਸ੍ਰੀਗੁਰੂਃ

(ਟ) ਹਰਿ ਊਤਮੁ ਕਾਮੁ, **ਜਪੀਐ** ਹਰਿਨਾਮੁ,
ਹਰਿ **ਜਪੀਐ** ਅਸ੍ਥਿਰੁ ਹੋਵੈ ।
ਜਨਮ ਮਰਣ ਦੋਵੈ ਦੁਖ ਮੇਟੇ,
ਸਹਜੇਹੀ ਸੁਖਿ ਸੋਵੈ ॥

ਭਾਵ--**ਵਾਹਗੁਰ** ਦਾ ਜਾਪ ਕਰਨਾਂ ਸਾਰੇ ਕੰਮਾਂ ਨਾਲੋਂ ਉਤਮ ਕੰਮ ਹੈ ਸੋ ਤਿਸਦਾ ਜਾਪ ਕਰਕੇ ਅਚਲ ਅਵਸਥਾ ਪ੍ਰਾਪਤ ਹੁੰਦੀ ਹੈ ਅਤੇ ਜਨਮ ਮਰਨ ਆਦਿ ਦੁਖ ਦੂਰਹੋਕੇ ਅੰਤ ਨੂੰ ਗਜ਼ਾਨ-ਸਰੂਪ ਵਿਚ ਮਗਨ ਹੋ ਜਾਈਦਾ ਹੈ ॥

ਸੂਚਨਾ--ਇਸਸਬਦ ਵਿਚ ਨਾਮ ਅਭਜਾਸ ਦੇ ਗੁਣ ਪ੍ਰਗਟ ਕੀਤੇ ਹਨ ॥ ਪੁਨਾਃ—

ਸਿਰੀ ਰਾਗੁ ਮਹਲਾ ੪ ਸਬਦ ੩

ਸਫਾ $\frac{੭੬}{੬੮}$ ਸ੍ਰੀਗੁਰੂਃ

(ਠ) ਹਰਿ ਹਰਿ ਨਾਮੁ **ਜਪੇ ਆਰਾਧੇ,**
ਵਿਚ ਅਗਨੀ **ਹਰਿਜਪਿ** ਜੀਵਿਆ ।

ਸੂਚਨਾ—ਇਸ ਸਬਦ ਵਿਚ**ਵਾਹਗੁਰ** ਦੇ ਜਪਨ ਤੇ ਆਰਾਧਨ ਹਿਤ ਡਾਢੀ ਰੁਚੀ ਦਵਾਈ ਹੈ ॥ ਪੁਨਾਃ—

ਰਾਗੁ ਕਾਨੜਾ ਵਾਰ ਮਃ ੪ ਪਉੜੀ ੪

ਸਫਾ $\frac{੧੩੧੪}{੧੧੫੬}$ ਸ੍ਰੀਗੁਰੂਃ

(ਡ) ਮਨਿ ਹਰਿ ਹਰਿ ਨਾਮੁ **ਧਿਆਇਆ**,
ਬਿਖੁ ਹਉਮੈ ਕਢੀ ਮਾਰਿ ॥
ਜਿਨ ਹਰਿ ਹਰਿਨਾਮੁ ਨ **ਚੇਤਿਓ**,
ਤਿਨ ਜੂਐ ਜਨਮੁ ਸਭਹਾਰਿ ॥

ਸੂਚਨਾ--ਇਸ ਸਬਦ ਵਿਚ **ਧਿਆਇਆ, ਚੇਤਿਓ** ਸਬਦਾਂ ਦ੍ਵਾਰਾ ਨਾਮ ਅਭਜਾਸ ਦੇ ਫਲ ਦਸੇ ਹਨ।

ਪੁਨਾਃ--

ਰਾਗੁ ਸੂਹੀ ਮਃ ੪ ਸਬਦ ੨

ਸਫਾ $\frac{\text{੭੩੧}}{\text{੬੪੯}}$ ਸ੍ਰੀਗੁਰੂਃ

(ਢ) ਹਰਿ ਹਰਿ ਨਾਮੁ **ਭਜਿਓ** ਪੁਰਖੋਤਮੁ,
ਸਭਿ ਬਿਨਸੇ ਦਾਲਦ ਦਲਘਾ ।

ਭਾਵ—ਜਿਨ੍ਹਾਂ ਨੇ ਅਕਾਲਪੁਰਖੁ ਦਾ ਨਾਮ ਭਜਿਆ (ਜਪਯਾ) ਹੈ ਉਨ੍ਹਾਂ ਦੇ ਬਡੇ ੨ ਭਾਰੀ ਪਾਪ ਨਾਸ ਹੋ ਗਏ ਹਨ।

ਸੂਚਨਾ--ਇਸ ਸਬਦ ਦ੍ਵਾਰਾ ਨਾਮ ਭਜਨ (ਨਾਮ ਅਭਜਾ-ਸ) ਕਰਨ ਦੀ ਤਾਕੀਦ ਕਰਦੇ ਹੋਏ ਉਸ ਦਾ ਫਲ ਭੀ ਦਸਿਆ ਹੈ।

ਪੁਨਾਃ--

ਰਾਗੁ ਵਡਹੰਸ ਮਃ ੧ ਸਬਦ ੪

ਸਫਾ $\frac{\text{੫੮੧}}{\text{੫੧੬}}$ ਸ੍ਰੀਗੁਰੂਃ

(ਣ) ਨਾਮੁ **ਧਿਆਏ** ਤਾ ਸੁਖੁ ਪਾਏ,
ਬਿਨੁ ਨਾਵੈ ਪਿੜ ਕਾਚੀ ।

ਸੂਚਨਾ--ਇਸ ਸਬਦ ਵਿਚ-ਨਾਮ ਧਿਆਵਨ ਦੇ ਸੁਖ

ਅਤੇ ਉਸਤੋਂ ਉਲਟ ਵਰਤੋਂ ਲਈ ਪਿੜ ਕਾਚੇ ਦੀ ਮਿਸਾਲ ਦੇਕੇ ਨੁਕਸਾਨ ਦਸੇ ਹਨ, ਕਿਉਂਕਿ ਜਿਸ ਕਰਸਾਨ ਦਾ ਛੀਮਹੀਨੇ ਦੀ ਕਮਾਈ ਪਿਛੋਂ ਖਾਲੀ ਪਿੜ ਹੋ ਜਾਵੇ ਤਦ ਓਹ ਬੜਾ ਦੁਖੀ ਹੁੰਦਾ ਹੈ ਉਸੇਤ੍ਰਾਂ ਪੁਰਖਾਂ ਨੂੰ ਆਯੂਭਰਦੀ ਯਾਤ੍ਰਾ ਪਿਛੋਂ **ਨਾਮ ਜਪਨੋਂ** ਖਾਲੀ ਰੈਹਕੇ ਪਛਾਤਾਪ ਕਰਨਾ ਪੈਂਦਾ ਹੈ।

ਪੁਨਾਃ--

ਰਾਗੁ ਟੋਡੀ ਮਃ ੫ ਸਬਦ ੯

ਸਫਾ $\frac{੭੧੭}{੬੩੭}$ ਸ੍ਰੀਗੁਰੂਃ

(ਤ) ਸਾਧਸੰਗਿ ਹਰਿ ਹਰਿ ਨਾਮੁ **ਚਿਤਾਰਾ** ।
ਸਹਜਿਅਨੰਦੁ ਹੋਵੈ ਦਿਨੁ ਰਾਤੀ ਅੰਕੁਰੁ ਭਲੋ ਹਮਾਰਾ।

ਸੂਚਨਾ--ਇਸ ਸ਼ਬਦ ਵਿਚ ਨਾਮ ਚਿਤਾਰਨ (ਨਾਮ ਅਰਾਧਨ) ਲਈ ਤਾਕੀਦ ਕੀਤੀ ਹੈ। ਅਤੇ ਨਾਮ ਅਭਜਾਸ ਦੇ ਸਮੇਂ ਨੂੰ ਸੁਭ ਅੰਕੁਰੁ ਪ੍ਰਗਟ ਹੋਣਾ ਦਸਿਆ ਹੈ।

ਪੁਨਾਃ--

ਬਾਰਹਮਾਹਾ ਮਾਝ ਮਹਲਾ ੫ ਪਉੜੀ ੧੪

ਸਫਾ $\frac{੧੩੬}{੧੨੦}$ ਸ੍ਰੀਗੁਰੂਃ

(ਥ) ਜਿਨਿ ਜਿਨਿ ਨਾਮੁ **ਧਿਆਇਆ** ਤਿਨ ਕੇ ਕਾਜ ਸਰੇ।

ਸੂਚਨਾ--ਇਸ ਸਬਦ ਵਿਚ ਨਾਮੁ ਧਿਆਵਨ ਲਈ ਤਾਕੀਦ ਕਰਕੇ ਦਸਿਆ ਹੈ ਕਿ "ਜਿਨ੍ਹਾਂ ਨੇ ਨਾਮ ਅਭਜਾਸ ਕੀਤਾ ਹੈ ਉਨ੍ਹਾਂਦੇ ਕੰਮ ਸਿਰੇ ਚੜ੍ਹਗਏ ।"

ਪੁਨਾਃ--

ਸਲੋਕ ਵਾਰਾਂ ਤੇ ਵਧੀਕ ਮ: ੫ ਸਬਦ ੧੦

ਸਫਾ $\frac{੧੪੨੫}{੧੨੫੩}$ ਸ੍ਰੀਗੁਰੂ:

(ਦ) ਨਾਮੁ **ਧਿਆਇਨਿ** ਸਾਜਨਾ ਜਨਮਪਦਾਰਥੁ ਜੀਤਿ।

ਭਾਵ-ਜੋ ਸਜਨ ਨਾਮਅਭਿਆਸ ਕਰਦੇ ਹਨ, ਓਹ ਮਾਨੁਖਾ ਜਨਮ ਨੂੰ ਜਿਤ ਲੈਂਦੇ ਹਨ, ਯਾਂਤੇ ਨਾਮ ਆਰਾਧਨਾ ਅਤੀ ਜਰੂਰੀ ਹੈ।

ਪੁਨਾ:—

ਵਾਰ ਗੂਜਰੀ ਮਹਲਾ ੫ ਪਉੜੀ ੨੦

ਸਫਾ $\frac{੫੨੩}{੪੬੦}$ ਸ੍ਰੀਗੁਰੂ:

(ਧ) ਜਿਨਿ ਜਿਨਿ **ਧਿਆਇਆ** ਖਸਮੁ ਤਿਨਿ ਸੁਖੁ ਪਾਇਆ।
ਸਫਲੁ ਜਨਮੁ ਪਰਵਾਨ ਗੁਰਮੁਖਿ ਆਇਆ।

ਸੂਚਨਾ-ਇਸ ਸਬਦ ਦੁਆਰਾ ਨਾਮੁ ਧਿਆਵਨ (ਨਾਮੁ ਅਭਿਆਸ) ਕਰਨ ਦੀ ਇਤਨੀ ਤਾਕੀਦ ਕੀਤੀ ਹੈ ਕਿ ਜੋ ਪੁਰਸ਼ ਨਾਮੁ ਨਹੀ ਜਪਦਾ ਓਹ ਗੁਰਮੁਖਿ ਪਦ ਤੋਂ ਉਲਟ ਮਨਮੁਖ ਦੀ ਪਦਵੀ ਨੂੰ ਪ੍ਰਾਪਤ ਕਰਲੈਂਦਾ ਹੈ॥ ਪੁਨਾ:—

ਰਾਗੁ ਪ੍ਰਭਾਤੀ ਮਹਲਾ ੧ ਸਬਦ ੩

ਸਫਾ $\frac{੧੩੨੮}{੧੫੬੮}$ ਸ੍ਰੀਗੁਰੂ

(ਨ) ਤੇ ਤਸਕਰ ਜੋ **ਨਾਮੁ ਨ ਲੇਵਹਿ,**
ਵਾਸਹਿ ਕੋਟ ਪੰਚਾਸਾ॥

ਸੂਚਨਾ-ਨਾਮੁ ਨ ਲੇਵਹਿ (ਨਾਮ ਨਾ ਜਪਨ ਵਾਲੇ) ਪ੍ਰਾਣੀਆਂ ਨੂੰ ਦੂਰ ਕੀਤੇ ਹੋਏ (ਦੁਰਕਾਰੇ ਹੋਏ) ਦਸਿਆ ਹੈ, ਜਿਸ

ਕਰਕੇ ਹਰਿ ਨਿਕਟਤਾ ਲਈ ਨਾਮੁ ਅਭਯਾਸ ਕਰਨਾ ਜਰੂਰੀ ਸਾਬਤ ਹੁੰਦਾ ਹੈ ॥ ਪੁਨਾਃ—

ਗਉੜੀ ਮਹਲਾ ੫ ਸਬਦ ੪੨

ਸਫਾ $\frac{੧੮੮}{੧੬੭}$ ਸ੍ਰੀਗੁਰੂਃ

(ਪ) ਦੁਲਭ ਦੇਹ ਪਾਈ ਵਡਭਾਗੀ ।
ਨਾਮ ਨ ਜਪਹਿ ਤੇ ਆਤਮਘਾਤੀ ॥

ਸੂਚਨਾ-ਇਸ ਸਬਦ ਵਿਚ ਨਾਮ ਨਾ ਜਪਨ ਵਾਲਿਆਂ ਨੂੰ ਆਤਮਘਾਤੀ (ਅਰਥਾਤ ਆਪਣੀ ਜਾਨ ਦੇ ਵੈਰੀ) ਦਸਿਆ ਹੈ ।

ਪੁਨਾਃ—

ਗੂਜਰੀ ਵਾਰ ਮਃ ੫ ਪਉੜੀ ੧੫

ਸਫਾ $\frac{੫੨੨}{੪੬੫}$ ਸ੍ਰੀਗੁਰੂਃ

(ਫ) ਕੋਟਿ ਬਿਘਨ ਤਿਸੁ ਲਾਗਤੇ, ਜਿਸ ਨੋ ਵਿਸਰੈ ਨਾਉ ॥
ਨਾਨਕ ਅਨ ਦਿਨੁ ਬਿਲਪਤੇ, ਜਿਉ ਸੁੰਞੈ ਘਰਿ ਕਾਉ ॥

ਸੂਚਨਾ--ਇਸ ਸਬਦ ਦ੍ਵਾਰਾ ਦਸਿਆ ਹੈ ਕਿ ਜੋ ਪ੍ਰਾਣੀ ਨਾਮ ਜਪਨ ਤੋਂ ਭੁਲ ਜਾਂਦੇ ਹਨ ਉਨ੍ਹਾਂ ਨੂੰ ਕਰੋੜਾਂ ਬਿਘਨ ਲਗ-ਜਾਂਦੇ ਅਤੇ ਓਹ ਸੰਸਾਰ ਵਿਚ ਸੁੰਞੇਘਰ ਦੇ ਕਾਂਉ ਵਤ ਬਿਲਕਦੇ ਰੈਂਹਦੇ ਹਨ। ਜਿਸਤੋਂ ਸਾਬਤ ਹੈ ਕਿ **ਨਾਮ ਅਭਯਾਸ** ਅਤੀ ਜਰੂਰੀ ਹੈ ॥ ਪੁਨਾਃ—

ਗੂਜਰੀ ਵਾਰ ਮਃ ੫ ਪਉੜੀ ੧੭

ਸਫਾ $\frac{੫੨੨}{੪੬੫}$ ਸ੍ਰੀਗੁਰੂਃ

(ਬ) ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ ।

ਧਿਆਇਦਿਆ ਤੂੰ ਪ੍ਰਭੂ ਮਿਲੁ, ਨਾਨਕ ਉਤਰੀ ਚਿੰਤ॥

ਇਸ ਸ਼ਬਦ ਵਿਚ ਜੀਵਨ ਯਾਤ੍ਰਾ ਦੀ ਵਿਧੀ ਦਸਦੇ ਹੋਏ ਨਾਮਅਭਯਾਸ ਵਾਹੁਗੁਰ ਮਿਲਨ ਦਾ ਸਾਧਨ ਦਸਿਆ ਹੈ ॥

ਪੁਨਾਃ—

ਰਾਗੁ ਜੈਤਸਰੀ ਮਹਲਾ ੪ ਸਬਦ ੫

ਸਫਾ ੬੯੭/੬੧੯ ਸ੍ਰੀਗੁਰੂਃ

(ਭ) ਤਿਨ ਸੁੰਞੀ ਦੇਹ ਫਿਰਹਿ **ਬਿਨੁ ਨਾਵੈ,**
ਓਇ ਖਪਿ ਖਪਿ ਮੁਏ ਕਰਾਂਝਾ ॥

ਸੂਚਨਾ--ਇਸ ਸ਼ਬਦ ਵਿਖੇ ਨਾਮ ਨਾ ਜਪਨ ਵਾਲਿਆਂ ਦੀ ਦੇਹੀ ਨੂੰ ਸੁੰਞੀ (ਭਾਵ ਗ੍ਯਾਨ ਰਹਿਤ) ਦਸਦੇ ਹੋਏ, ਏਹ ਦਸਿਆ ਹੈ ਕਿ ਅਜੇਹੇ ਪੁਰਸ਼ ਸੰਸਾਰ ਵਿਖੇ ਖਪ ਖਪ ਤੇ ਔਖੇ ਹੋ ਹੋਕੇ ਮਰਦੇ ਹਨ ॥ ਪੁਨਾਃ—

ਕਲਿਆਨ ਮਹਲਾ ੪ ਅਸਟਪਦੀ ੪

ਸਫਾ ੧੩੨੫/੧੧੬੬ ਸ੍ਰੀਗੁਰੂਃ

(ਮ) **ਨਾਮੁ ਬਿਨਾ ਨਕਟੇ** ਨਰ ਦੇਖਹੁ,
ਤਿਨ ਘਸਿ ਘਸਿ ਨਾਕ ਵਢੀਜੈ ॥
ਸਾਕਤਨਰ ਅਹੰਕਾਰੀ ਕਹੀਅਹਿ,
ਬਿਨ ਨਾਵੈ ਧ੍ਰਿਗੁ ਜੀਵੀਜੈ ॥

ਭਾਵ--ਨਾਮ ਜਪਨ (ਨਾਮੁ ਅਭਯਾਸ) ਤੋਂ ਖਾਲੀ ਮਾਨੋਂ ਨੱਕਵਢਿਆਂ ਸਦਰਸ ਸਮਝੋ ਬਲਕਿ ਨਾਮੁ ਅਭਯਾਸ ਹੀਨ ਪੁਰਸ਼ਾਂ ਦੇ ਨੱਕ ਰਗੜ ੨ ਕੇ ਵੱਢਣੇ ਯੋਗ ਹਨ। ਗੱਲ ਕੀ ਨਾਮੁ--ਅਭਯਾ-ਸ ਵਿਰੋਧੀ ਵੀਰ (ਭਾਵੇਂ ਓਹ ਕਿਤਨੇ ਭੀ ਵਿਦ੍ਵਾਨ ਹੋਣ)

ਸਾਕਤ ਹਨ, ਅਤੇ ਨਾਮ ਅਭ੍ਯਾਸ ਤੋਂ ਵਾਂਜੇ ਹੋਣ ਦੇ ਕਾਰਨ ਉਨ੍ਹਾ ਦਾ ਜੀਵਨ ਧ੍ਰਿਗ ਹੈ.॥

ਸੂਚਨਾ--ਹੁਣ ਸੋਚ ਲਵੋ ਜੋ '**ਨਾਮੁ-ਜਪਨਾ**' ਕਿਤਨਾ-ਕੁ ਜਰੂਰੀ ਹੈ ॥ ਪੁਨਾਃ-

ਰਾਗੁ ਭੈਰਉ ਮਹਲਾ ੫ ਸਬਦ ੩੨

ਸਫਾ $\frac{੧੧੪੯}{੧੦੧੨}$ -ਸ੍ਰੀਗੁਰੂਃ

(ਯ) ਲਾਜਮਰੈ ਜੋ **ਨਾਮੁ ਨ ਲੇਵੈ**।

ਨਾਮੁ ਬਿਹੂਨ ਸੁਖੀ ਕਿਉ ਸੋਵੈ ।
ਹਰਿ ਸਿਮਰਨੁ ਛਾਡਿ ਪਰਮਗਤਿ ਚਾਹੈ ।
ਮੂਲ ਬਿਨਾਂ ਸਾਖਾ ਕਤ ਆਹੈ ।

ਸੂਚਨਾ--ਇਸ ਸ਼ਬਦ ਵਿਚ ਸਾਬਤ ਕੀਤਾ ਗਿਆ ਹੈ, ਕਿ **ਨਾਮੁਜਪਨ** ਤੋਂ ਬਿਨਾਂ ਸਤਿਗੁਰਾਂ ਦੀ ਸੰਗਤਾਂ ਵਿਚ ਸਰਮਿੰਦਾ ਹੁੰਦਾ ਹੈ, ਅਤੇ ਦਸਿਆ ਹੈ ਕਿ "ਨਾਮੁ ਅਭ੍ਯਾਸ ਪਰਮਗਤੀ ਲਈ ਮੂਲ ਸਦਰਸ ਹੈ" ਯਾਂਤੇ ਨਾਮੁ ਅਭ੍ਯਾਸ ਕਰਨਾ ਪਰਮ ਜਰੂਰੀ ਹੈ।

ਪੁਨਾਃ-

ਸਾਰੰਗ ਕੀ ਵਾਰ ਮਹਲਾ ੪ ਪਉੜੀ ੨੬

ਸਫਾ $\frac{੧੨੪੭}{੧੦੯੯}$ ਸ੍ਰੀਗੁਰੂਃ

(ਰ) ਜਿਨ੍ਹੀ **ਨਾਮੁਵਿਸਾਰਿਆ** ਬਹੁ ਕਰਮ ਕਮਾਵਹਿ ਹੋਰ।
ਨਾਨਕ ਜਮਪੁਰਿ ਬਧੇ ਮਾਰੀਅਹਿ ਜਿਉ ਸੰਨ੍ਹੀ ਉਪਰਿ ਚੋਰ।

ਭਾਵ- ਜੋ ਪ੍ਰਾਣੀ ਨਾਮ (ਨਾਮਅਭ੍ਯਾਸ) ਨੂੰ ਛਡ ਕੇ (ਵਿਸਾਰਕੇ) ਕਰਮਕਾਂਡ ਦੁਆਰੇ ਹੋਰ ਹੋਰ (ਈਸ਼੍ਵਰ ਪ੍ਰਾਪਤੀ ਦੇ)

ਬਹੁਤ ਸਾਰੇ ਸਾਧਨ ਕਰਦੇ ਹੈਨ, ਉਹ ਜਮਪੁਰੀ ਵਿਖੇ ਸੱਨ੍ਹਫੜੇ ਚੋਰਾਂ ਵਤ ਕੁੱਟੇ ਜਾਨਗੇ, ਅਰਥਾਤ ਨਾਮਾਭ੍ਯਾਸ ਛਡਕੇ **ਧੂਣੀਤਾਪਨ ਜਲਧਾਰਾ ਚੰਦ੍ਰੈਣੀ ਆਦਿਕ ਵਰਤ** ਰਖਨੇ ਅਤੇ ਹੋਰ ਇਸ ਪ੍ਰਕਾਰ ਦੇ ਅਨੇਕ ਕਰਮ ਕਰਦੇ ਹਨ, ਉਨ੍ਹਾਂ ਸਭਨਾ ਨੂੰ ਪਾੜ ਵਿਚੋਂ ਪਕੜੇ ਗਏ ਚੋਰਾਂ ਵਤ ਜਮਪੁਰੀ ਵਿਖੇ ਤਕੜੀ ਮਾਰਕੁਟ ਹੋਊਗੀ, ਕਿਉਂਕਿ ਉਨ੍ਹਾਂ ਗੁਰੂ ਸਾਹਿਬਾਂ ਦੇ ਅਸਲੀ ਸਿਧਾਂਤ ਨੂੰ ਤਯਾਗ ਦਿਤਾ ਹੈ, ਭਾਵ ਨਾਮੁਅਭ੍ਯਾਸ ਤੋਂ ਸਖਣੇ ਹੋਗਏ ਹਨ ॥

ਪੁਨਾਃ-

ਫੁਨਹੇ ਮਹਲਾ ੫ ਸਬਦ ੧੪

ਸਫਾ $\frac{੧੩੬੨}{੧੧੯੯}$ ਸ੍ਰੀਗੁਰੂਃ

(ਲ) ਨੈਣ ਨ ਦੇਖਹਿ ਸਾਧ ਸਿ ਨੈਣ ਬਿਹਾਲਿਆ ।
ਕਰਨ ਨ ਸੁਨਹੀ ਨਾਦੁ ਕਰਨ ਮੁੰਦਿਘਾਲਿਆ ।
ਰਸਨਾ ਜਪੈ ਨ ਨਾਮੁ
ਤਿਲੁ ਤਿਲੁਕਰਿ ਕਟੀਐ ।
ਹਰਿਹਾਂ ਜਬ ਬਿਸਰੈ ਗੋਬਿੰਦਰਾਇ ਦਿਨੋ ਦਿਨੁ ਘਟੀਐ ।

ਸੂਚਨਾ- ਇਸ ਸ਼ਬਦ ਵਿਚ ਨਾਮੁ ਨਾਂ ਜਪਨ ਵਾਲੀ ਜਿਹਵਾ ਲਈ ਤਿਲ ਤਿਲ ਜਿਤਨੇ ਟੁਕੜੇ ਕਰਕੇ ਕੱਟ ਦੇਣ ਦੀ ਸਜਾ ਤਜਵੀਜ਼ ਕੀਤੀ ਗਈ ਹੈ, ਕੀ ਸਾਡੇ ਪਸਚਮੀ ਵਿਦ੍ਵਾਨਤਾ ਦੇ ਹੰਕਾਰੀ ਸੱਜਨ ਅਤੇ ਚੁੰਚਗਯਾਨੀ ਸਾਹਿਬਾਂਨ ਆਪਨੇ ਆਪ ਨੂੰ ਇਸ ਉਤਲੀ ਸਜਾ ਦੇ ਹੀ ਭਾਗੀ ਰਖਨਾਂ ਚਾਹੁੰਦੇ ਹਨ ?

ਅਥਵਾ **"ਨਾਮੁ ਜਪੰਦੜੀ ਲਾਲੀ"** ਦੀ ਉੱਚ ਪਦਵੀ ਪ੍ਰਾਪਤ ਕਰਕੇ ਜਨਮ ਸਫਲਾ ਕਰਨਾ ਚਾਹੁੰਦੇ ਹਨ ?

ਅਨਭਵੀ ਵਿਸ੍ਵਾਸ

(੧੮) ਸਾਨੂੰ ਪੂਰਨ ਯਕੀਨ ਹੈ ਕਿ ਨਾਮਾਭਜਾਸ ਤੋਂ ਸਖਣ ਵੀਰ ਉਤੇ ਲਿਖੇ ਸਭਨਾਂ ਸ਼ਬਦਾਂ ਦੇ ਭਾਵਾਂ ਤੋਂ ਜਾਣੂੰ ਹੋਕੇ, ਅਤੇ ਨੀਚੇ ਪ੍ਰਗਟ ਕੀਤੀ ਗਈ ਪੜਤਾਲ ਨੂੰ ਵਿਚਾਰਕੇ ਨਾਮੁ ਅਭਜਾਸ ਦੇ ਧਾਰਨੀ ਬਨ ਜਾਨਗੇ ॥

ਯਥਾ ਪੜਤਾਲ

(ਵ) ਉਤੇ ਲਿਖੇ ਸਬਦਾਂ ਵਿਚ ਭਲੀ ਪ੍ਰਕਾਰ ਨਿਰਣਯ ਹੋ ਚੁਕਾ ਹੈ ਕਿ

"ਸਿਮਰਉ ਸਿਮਰਿ ਸਿਮਰਿ ਸੁਖ ਪਾਵਉ" ਪੁਨਃ--
"ਸਿਮਰਹੁ ਹਰਿ ਹਰਿ ਰਾਇ" ਪੁਨਃ--
"ਧਿਆਇ ਧਿਆਇ ਭਗਤਹ ਸੁਖੁ ਪਾਇਆ" ਪੁਨਃ--
"ਏਕ ਸਰੇਵੈ ਤਾ ਗਤਿ ਮਿਤ ਪਾਵੈ" ਪੁਨਃ--
"ਬਿਨੁ ਸਿਮਰਨ ਜੋ ਜੀਵਨ ਬਲਨਾ" ਪੁਨਃ--
"ਸਿਮਰਤ ਨਹ ਕਿਉ ਮੁਰਾਰਿ" ਪੁਨਃ--
"ਹਰਿ ਹਰਿ ਜਪਨੁ ਜਪੋ ਦਿਨੁ ਰਾਤੀ" ਪੁਨਃ--
"ਜਪਿ ਹਰਿ ਹਰਿ ਹਉਮੈ ਮਾਰੀ" ਪੁਨਃ--
"ਮਨ ਹਰਿ ਜਪਿ ਮੀਠਾ ਲਾਗੇ" ਪੁਨਃ--
"ਮੁਏ ਜੀਵੇ ਹਰਿ ਜਪਿ ਭਾ" ਪੁਨਃ--
"ਨਾਮੁ ਜਪੰਦੜੀ ਲਾਲੀ" ਪੁਨਃ--
"ਜਪਿ ਮਨ ਸਤਿਨਾਮੁ ਸਦਾ ਸਤਿਨਾਮੁ" ਪੁਨਃ--
"ਜਪਿ ਮਨੁ ਰਾਮ ਨਾਮੁ ਸੁਖਦਾਤਾ" ਪੁਨਃ--
"ਹਰਿ ਊਤਮ ਕਾਮ ਜਪੀਐ ਹਰਿਨਾਉ" ਪੁਨਃ--
"ਹਰਿ ਹਰਿ ਨਾਮੁ ਜਪੇ ਆਰਾਧੇ" ਪੁਨਃ--

"ਤੇ ਤਸਕਰ ਜੋ ਨਾਮ ਨ ਲੇਵਹਿ" ਪੁਨਃ--
"ਨਾਮ ਨ ਜਪਹਿ ਤੇ ਆਤਮਘਾਤੀ" ਪੁਨਃ--
"ਧਿਆਇਦਿਆ ਤੂੰ ਪ੍ਰਭੂ ਮਿਲ" ਪੁਨਃ--
" ਨਾਮ ਬਿਨਾ ਨਕਟੇ ਨਰ ਦੇਖਹੁ" ਪੁਨਃ--
"ਰਸਨਾ ਜਪੈ ਨ ਨਾਮੁ ਤਿਲੁ ਤਿਲੁ ਕਰਿ ਕਟੀਐ"

ਪੁਨਃ--

ਗਉੜੀ ਵਾਰ ਮਹਲਾ ੪ ਪਉੜੀ ੧੧

ਸਫਾ $\frac{੩੦੫}{੨੭੨}$ ਸ੍ਰੀਗੁਰੂਃ

(੧੯) ਗੁਰ, ਸਤਿਗੁਰ ਕਾ ਜੋ ਸਿਖੁ ਅਖਾਏ,
ਸੁ ਭਲਕੇ ਉਠਿ ਹਰਿਨਾਮੁ ਧਿਆਵੈ ॥
ਉਦਮ ਕਰੇ ਭਲਕੇ ਪਰਭਾਤੀ,
ਇਸਨਾਨੁ ਕਰੇ ਅੰਮ੍ਰਿਤਸਰਿ ਨ੍ਹਾਵੈ ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ,
ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ।
ਫਿਰ ਚੜੈ ਦਿਵਸੁ ਗੁਰਬਾਣੀ ਗਾਵੈ,
ਬਹਦਿਆ ਉਠਦਿਆ ਹਰਿਨਾਮ ਧਿਆਵੈ ।
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ,
ਸੋ ਗੁਰਸ਼ਿਖ ਗੁਰੂ ਮਨਿ ਭਾਵੈ ॥
ਜਿਸਨੋ ਦਇਆਲ ਹੋਵੈ ਮੇਰਾ ਸੁਆਮੀ,
ਤਿਸੁ ਗੁਰਸਿਖ ਗੁਰੂ ਉਪਦੇਸ ਸੁਣਾਵੈ ॥
ਜਨ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ,
ਜੋ ਆਪ ਜਪੈ ਅਵਰਹ ਨਾਮੁ ਜਪਾਵੈ ॥

ਪੂਨਾਃ—

ਰਾਗੁ ਆਸਾ ਮਹਲਾ ੩ ਅਸਟਪਦੀ ੭

ਸਫਾ $\frac{੪੨੬}{੩੭੯}$ ਸ੍ਰੀਗੁਰੂਃ

(ੜ) ਆਪੈਆਪੁ ਪਛਾਣਿਆ ਸਾਦੁ ਮੀਠਾ ਭਾਈ ।
ਹਰਿਰਸਿ ਚਾਖਿਐ ਮੁਕਤੁ ਭਏ ਜਿਨਾ ਸਾਚੋ ਭਾਈ ॥੧॥
ਹਰਿਜੀਉ ਨਿਰਮਲ ਨਿਰਮਲਾ ਨਿਰਮਲ ਮਨਿਵਾਸਾ।
ਗੁਰਮਤੀ ਸਾਲਾਹੀਐ ਬਿਖਿਆ ਮਾਹਿ ਉਦਾਸਾ ॥੧॥ ਰਹਾਉ ॥
ਬਿਨੁ ਸਬਦੈ ਆਪੁ ਨ ਜਾਪਈ ਸਭ ਅੰਧੀ ਭਾਈ।
ਗੁਰਮਤੀ ਘਟਿ ਚਾਨਣਾ **ਨਾਮੁ ਅੰਤਿਸਖਾਈ** ॥ ੨ ॥
ਨਾਮੇ ਹੀ ਨਾਮਿ ਵਰਤਦੇ ਨਾਮੇ ਵਰਤਾਰਾ ।
'ਅੰਤਰਿ--ਨਾਮ' ਮੁਖਿ ਨਾਮੁ ਹੈ ਨਾਮੇ ਸਬਦ ਵੀਚਾਰਾ ॥ ੩ ॥
ਨਾਮੁ ਸੁਣੀਐ ਨਾਮੁ ਮੰਨੀਐ ਨਾਮੇ ਵਡਿਆਈ ।
ਨਾਮੁ ਸਲਾਹੇ ਸਦਾ ਸਦਾ ਨਾਮੇ ਮਹਲੁ ਪਾਈ ॥ ੪ ॥
ਨਾਮੇ ਹੀ ਘਟਿ ਚਾਨਣਾ ਨਾਮੇ ਸੋਭਾ ਪਾਈ ।
ਨਾਮੇ ਹੀ ਸੁਖੁ ਊਪਜੈ ਨਾਮੇ ਸਰਣਾਈ ॥ ੫ ॥
ਬਿਨੁ ਨਾਵੈ ਕੋਇ ਨ ਮੰਨੀਐ ਮਨਮੁਖਿ ਪਤਿ ਗਵਾਈ।
ਜਮਪੁਰਿ ਬਧੇ ਮਾਰੀਅਹਿ ਬਿਰਥਾ ਜਨਮੁ ਗਵਾਈ ॥ ੬ ॥
ਨਾਮੇ ਕੀ ਸਭ ਸੇਵਾ ਕਰੈ ਗੁਰਮੁਖਿ ਨਾਮ ਬੁਝਾਈ ।
ਨਾਮਹੁ ਹੀ ਨਾਮੁ ਮੰਨੀਐ ਨਾਮੇ ਵਡਿਆਈ ॥ ੭ ॥
ਜਿਸਨੋ ਦੇਵੈ ਤਿਸੁ ਮਿਲੈ ਗੁਰਮਤੀ ਨਾਮੁ ਬੁਝਾਈ।
ਨਾਨਕ ਸਭ ਕਿਛੁ ਨਾਵੈ ਕੇ ਵਸਿ ਹੈ ਪੂਰੈਭਾਗਿ ਕੋ ਪਾਈ॥੮॥

ਬਸ ਹੁਣ ਵੇਖੋ

(ਸ਼) ਗੁਰੂ ਸਾਹਿਬਾਂ ਦੇ ਮੁਖਵਾਕ ਸਬਦਾਂ ਵਿਚੋਂ

ਹਰਿਨਾਮੁ ਧਿਆਵੈ, ਜਪੁ ਜਾਪੈ, ਆਪ ਜਪੈ, ਅਵਰਹ ਨਾਮ ਜਪਾਵੈ, ਹਰਿ ਰਸਿ ਚਾਖੀਐ, ॥ ਬਿਨੁ ਸਬਦੈ ਆਪੁ ਨ ਜਾਪਈ, ਨਾਮੁ ਅੰਭਿਸਖਾਈ, ਨਾਮੇਹੀ ਘਟਿ ਚਾਨਣਾ, ਨਾਮੇਹੀ ਸੁਖੁ ਊਪਜੈ, ਬਿਨੁ ਨਾਵੈ ਕੋਇ ਨ ਮੰਨੀਐ,

ਆਦਿ ਗੁਰੂ ਪ੍ਰਮਾਣਾਂ ਅਨੁਸਾਰ ਤਾਕੀਦ ਕੀਤੀ ਗਈ ਹੈ ਕਿ "ਨਾਮ ਅਭਿਆਸ ਕਰਨਾ (ਭਾਵ ਵਾਹਿਗੁਰ ਨਾਮੁ ਦਾ ਪੁਨਃ ੨ ਅਭਿਆਸ ਕਰਨਾ) ਅਤੀ ਜਰੂਰੀ ਹੈ।"

ਅਤੇ ਏਹ ਭੀ ਪ੍ਰਗਟ ਹੈ ਕਿ "ਨਾਮ ਅਭਿਆਸੀਆਂ" (ਨਾਮ ਆਰਾਧੀਆਂ) ਨੂੰ ਉਤੇ ਦਸੇ ਮਰਤਬੇ ਪ੍ਰਾਪਤ ਹੋਣਗੇ।

ਅਤੇ "ਨਾਮ ਬਿਹੂਣੇ ਊਣੇ ਝੂਣੇ" ਹੁਕਮ ਅਨੁਸਾਰ ਤਥਾ ਉਤਲੇ ਸਬਦਾਂ ਵਿਚ ਪ੍ਰਗਟ ਕੀਤੇ ਗਏ ਹੁਕਮਾਂ ਅਨੁਸਾਰ ਡੰਡ ਦੇ ਭਾਗੀ ਹੋਣਗੇ ॥

ਸਿਧਾਂਤ

(੨੦) ਅਸੀ ਇਸ ਪ੍ਰਕਰਣ ਨੂੰ ਵਧੇਰੇ ਲੰਬਾ ਨਾ ਕਰਦੇ ਹੋਏ, ਕੇਵਲ ਅਸਲੀ ਸਿੱਟੇ ਕਢ ਆਉਂਦੇ ਹਾਂ ਕਿ 'ਨਾਮ ਅਭਿਆਸ-ਹੀਣ' ਤਥਾ 'ਨਾਮਾਭਿਆਸ ਵਿਰੋਧੀ' ਪ੍ਰਾਣੀ ਗੁਰਮਤਿ ਅਨੁਸਾਰ 'ਸੂਨਾ' (ਸ਼ੂਦ੍ਰਾ) ਹੈ ਇਸ ਲਈ ਉਸਦਾ ਤਿਆਗ ਹੀ ਸ਼ੁਭ ਹੈ ॥

ਨਾਮ ਅਭਿਆਸ ਦੀ ਲੋੜ ਹਰਇਕ ਸਿੱਖ ਮਾਤ੍ਰ ਲਈ ਜਰੂਰੀ ਹੈ ਤੇ ਜੋ ਇਸਤੋਂ ਉਲਟ ਹਨ, ਉਹ ਮਨਮੁਖ ਤਥਾ ਸਾਕਤ੍ਰ ਹਨ। ਜਿਨ੍ਹਾਂ ਦੀ ਸੰਗਤ ਕਰਨੀ ਭੀ ਭੈੜੀ ਹੈ ਕਯੋਂਕਿ ਹੁਕਮ ਹੈ:--

"ਸਾਕਤ ਸੰਗ ਨ ਕੀਜੀਐ
ਦੂਰਹੁ ਜਾਈਐ ਭਾਗ"

ਸੋ ਹਰਇਕ ਸਿੱਖ ਦਾ ਇਹ ਸਿਧਾਂਤਗ੍ਰਾਹੀ ਹੋਵਣਾ ਜਰੂਰੀ ਹੈ ਕਿ 'ਨਾਮ ਅਭਯਾਸ' ਦੀ ਸਿੱਖ ਨੂੰ, ਅਤੀ ਲੋੜ ਹੈ ? ਜਿਸਦੀ ਪ੍ਰੁਸ਼ਟੀ ਪਿਛਲੇ ਸਭੇ ਗੁਰੂਪ੍ਰਮਾਣਾਂ ਤੋਂ ਹੋ ਰਹੀ ਹੈ।

ਯਾਂਤੇ

ਜਰੂਰੀ ਹੈ ਕਿ "ਨਾਮ ਜਪੇ ਜਪੁ ਜੀਵਣਾ"
ਤਥਾ—"ਬਿਨ ਨਾਵੈ ਮਨੁ ਟੇਕ ਨ ਟਿਕਈ,
ਨਾਨਕ ਭੂਖ ਨ ਜਾਈ"
(ਸਿੱਧ ਗੋਸ਼ਟ)

ਆਦਿ ਹੁਕਮਾਂ ਅਨੁਸਾਰ ਹਰਇਕ ਸਿੱਖ ਪ੍ਰਾਣੀ "ਨਿਤਯ ਕਰਮਾਂ" ਸੰਯੁਕਤ "ਨਾਮੁ ਅਭਯਾਸ" ਦਾ ਧਾਰਨੀ ਬਨੇ, ਜੋ ਕਿ ਜੀਵਨ ਦਾ ਮੁੱਖ ਫਰਜ ਹੈ ਪ੍ਰੰਤੂ ਯਾਦ ਰਹੇ ਕਿ:--

"ਜਿਚਰੁ ਇਹੁ ਮਨ ਲਹਿਰੀ ਵਿਚ ਹੈ,
ਹਉਮੈ ਬਹੁਤ ਅਹੰਕਾਰ।
'ਸਬਦੈ' ਸਾਦ ਨ ਆਵਹੀ,
'ਨਾਮ' ਨ ਲਗੈ ਪਿਆਰ॥"

ਅਕਾਲੀ ਹੁਕਮ ਅਨੁਸਾਰ ਜਦ ਤਕ ਮਨ ਸ਼ੁਧ ਨਹੀਂ,

ਹਿਰਦੇ ਵਿਚ ਨਿਮ੍ਰਤਾ ਦਾ ਵਾਸਾ ਨਹੀਂ ਹੋਯਾ, ਤਦ ਤਕ '**ਸ਼ਬਦ**' ਦਾ ਰਸ ਨਹੀਂ ਆਸਕਦਾ ਤੇ ਨਾਮੁ ਨਾਲ ਪ੍ਰੀਤੀ ਨਹੀਂ ਹੋਸਕਦੀ ਭਾਵ-**ਨਾਮੁ ਅਭਯਾਸ** ਨਹੀਂ ਕੀਤਾ ਜਾ ਸਕਦਾ। ਇਸ ਨਮਿੱਤ ਸਾਧਨਾਂ ਦੀ ਲੋੜ ਅਵਸ਼ਯ ਹੈ, ਜੋ ਉਹ ਸਾਧਨ "**ਗੁਰੂਬਾਣੀ ਵੀਚਾਰ**" ਤੇ "**ਸਤਿਸੰਗ ਮਿਲਾਪ**" ਹੈਨ । ਜਿਨ੍ਹਾਂ ਦ੍ਵਾਰੇ ਨਾਮਾਭਯਾਸ ਦੇ ਕਰਨੇ ਕਰਕੇ "**ਅੰਦਰੁ ਮੁਸਕਿ ਝਕੋ-ਲਿਆ ਕੀਮਤਿ ਕਹੀ ਨ ਜਾਇ**" ਦੀ ਉੱਚ ਪਦਵੀ ਪ੍ਰਾਪਤ ਹੋਂਦੀ ਹੈ।

ਪਸ ਉਮੈਦ ਕੀਤੀ ਜਾਂਦੀ ਹੈ ਕਿ ਪੱਛਮੀ ਵਿੱਦਯਾ ਦੇ ਵਿਦ੍ਵਾਨ ਤਥਾ ਚੁੰਚਗਯਾਨੀ ਆਦਿ ਉਤਲੇ ਗੁਰੂ ਸਾਹਿਬਾਂ ਦੇ ਮੁਖਵਾਕ ਹੁਕਮਾਂ ਤੋਂ ਜਾਣੂ ਹੋਕੇ ਅਗੇ ਲਈ 'ਵਾਹਿਗੁਰੂ**' ਗੁਰਮੰਤ੍ਰ (ਮਹਾਂ ਮੰਤ੍ਰ) ਦ੍ਵਾਰਾ ਨਾਮਾਭਯਾਸ ਦੇ ਧਾਰਨੀ ਬਨਦੇ ਹੋਏ ਅਪਨੇ ਪਵਿਤ੍ਰ ਜਨਮ ਸਫਲੇ ਕਰਨਗੇ॥**

ਸੂਚਨਾ

ਇਸਤੋਂ, ਅਗਲੇ
ਕਾਂਡ ਵਿਚ ਭਲੀ ਪ੍ਰਕਾਰ
ਦਸਿਆ ਜਾਵੇਗਾ ਕਿ ਉਤੇ ਦਸਿਆ
ਹੋਯਾ ਨਾਮ (ਗੁਰਮੰਤ੍ਰ) ਕਿਥੋਂ
ਤੇ ਕਿਸ ਪ੍ਰਕਾਰ ਪ੍ਰਾਪਤ
ਕਰਨਾ ਜਰੂਰੀ ਹੈ।

੧ ਓ ਸਤਿ ਗੁਰ ਪ੍ਰਸਾਦਿ ॥

ਗੁਰਮੰਤ੍ਰ ਪ੍ਰਬੋਧ

ਪੰਜਵਾਂ ਕਾਂਡ

(੨੧) ਪਹਿਲੇ ਚਾਰੇ ਕਾਂਡਾਂ ਵਿਖੇ ਦੱਸਿਆ ਜਾ ਚੁੱਕਾ ਹੈ ਕਿ "ਜੋ ਖਾਲਸਾ ਵੀਰ ਭੈਣ **ਵਾਹਿਗੁਰੂ** ਨਾਮੀ ਸ਼ਬਦ ਨੂੰ ਅਕਾਲਪੁਰਖੁ ਲਖਾਇਕ ਗੁਰਮੰਤ੍ਰ (ਮਹਾਂਮੰਤ੍ਰ) ਮੰਨਦੇ ਹਨ, ਓਹ ਸੱਜਨ ਗੁਰੂ ਬਾਣੀ ਸਿੱਧਾਂਤ ਤੋਂ ਉੱਕੇ ਹੀ ਅਗਜਾਤ ਹੋਣ ਦੇ ਕਾਰਣ ਭੁਲੇਖੇ ਵਿੱਚ ਹਨ। ਅਤੇ ਗੁਰੂ ਸਾਹਿਬਾਂ ਦੀ ਮੁਖਵਾਕ ਬਾਣੀ ਅਨੁਸਾਰ **ਖਾਲਸਾ ਧਰਮੀਆਂ ਦਾ ਗੁਰਮੰਤ੍ਰ** (ਮਹਾਂਮੰਤ੍ਰ) **ਵਾਹੁਗੁਰ** ਹੈ, ਜਿਸ ਦੇ ਅਭਜਾਸ ਕਰਨ ਲਈ ਸਤਿਗੁਰਾਂ ਵੱਲੋਂ ਖਾਸ ਤਾਕੀਦ ਹੈ" **ਯਾਂਤੇ** ਹੁਣ ਇਸ ਪੰਜਵੇਂ ਕਾਂਡ ਵਿੱਚ ਇਹ ਦੱਸਿਆ ਜਾਵੇਗਾ, ਕਿ ਏਹੁ **ਨਾਮੁ** (ਗੁਰਮੰਤ੍ਰ) **ਕਿੱਥੋਂ ਤੇ ਕਿਸ ਪ੍ਰਕਾਰ** ਪ੍ਰਾਪਤ ਕਰਨਾ ਚਾਹੀਦਾ ਹੈ। ਸੋ ਇਸ ਵਿਚਾਰ ਦੇ ਨਿਰਣਯ ਲਈ, ਹੇਠ ਲਿਖੇ ਸਬਦਾਂ ਨੂੰ ਵਿਚਾਰੋ।

ਯਥਾ:—

ਸਾਰੰਗ ਕੀ ਵਾਰ ਮਹਲਾ ੪ ਪਉੜੀ ੧

ਸਫਾ $\frac{੧੨੩੭}{੧੦੯੦}$ ਸ੍ਰੀਗੁਰੂ॰

(ੳ) ਗੁਰੁ ਕੁੰਜੀ ਪਾਹੁ ਨਿਵਲੁ,ਮਨੁ ਕੋਠਾ ਤਨੁ ਛਤਿ।
ਨਾਨਕ ਗੁਰੁ ਬਿਨੁ ਮਨ ਕਾ ਤਾਕੁ ਨ ਉਘੜੈ,
ਅਵਰ ਨ ਕੁੰਜੀ ਹਥਿ॥

ਪੁਨਾ:-

ਰਾਗੁ ਗਉੜੀ ਪੂਰਬੀ ਮਹਲਾ ੫ ਸਬਦ ੧੨੨

ਸਫਾ ੨੦੫/੧੯੨ ਸ੍ਰੀਗੁਰੂ:

(ਅ) ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ,
ਕੁੰਜੀ ਗੁਰੁ ਸਉਪਾਈ ॥
ਅਨਿਕ ਉਪਾਵ ਕਰੇ ਨਹੀ ਪਾਵੈ,
ਬਿਨ ਸਤਿਗੁਰੁ ਸਰਣਾਈ ॥

ਸੂਚਨਾ—ਉਤਲੇ ਦੋਨੋਂ ਸਬਦਾਂ ਦੁਆਰਾ ਸਿੱਧ ਹੁੰਦਾ ਹੈ ਕਿ "ਵਾਹੁਗੁਰ" (ਗੁਰਮੰਤ੍ਰ) ਦੀ ਪ੍ਰਾਪਤੀ ਗੁਰੂ ਦੁਆਰਾ ਕਰਨੀ ਜਰੂਰੀ ਹੈ ਕਿਉਂਕਿ ਆਤਮ ਗਜ਼ਾਨ ਪ੍ਰਾਪਤੀ ਸਬੰਧੀ ਨਾਮੁ ਦੀ ਕੁੰਜੀ ਸਤਿਗੁਰੂ ਪਾਸ ਹੈ।

ਪੁਨਾ:-

ਰਾਮਕਲੀ ਮਹਲਾ ੧ ਦਖਣੀ ਓਅੰਕਾਰ ਪਉੜੀ੩੦

ਸਫਾ ੯੩੩/੮੨੫ ਸ੍ਰੀਗੁਰੂ:

(ੲ) ਦੇਹਿ ਦੇਹਿ ਆਖੈ ਸਭੁਕੋਈ,ਜੈ ਭਾਵੈ ਤੈ ਦੇਇ।
ਗੁਰੂਦੁਆਰੈ ਦੇਵਸੀ, ਤਿਖਾ ਨਿਵਾਰੈ ਸੋਇ॥

ਸੂਚਨਾ—ਭਾਵੇਂ ਹਰਇਕ ਪ੍ਰਾਣੀ ਹਰਪ੍ਰਕਾਰ ਦੀ ਮੰਗ ਖਾਸ ਕਰਕੇ ਸਦੀਵੀ ਸੁਖ (ਆਤਮ ਗਜ਼ਾਨ) ਦੀ ਪ੍ਰਾਪਤੀ ਦੀ ਮੰਗ

ਮੰਗਦਾ ਹੈ ਪ੍ਰੰਤੂ ਗੁਰੂ ਤੋਂ ਹੀ ਏਹ ਭੁਖ ਦੂਰ ਹੁੰਦੀ ਹੈ ਭਾਵ ਗੁਰੂ ਬਾਝੋਂ ਹੋਰ ਕਾਈ ਇਸ ਤ੍ਰਿਖਾ ਨੂੰ ਬੁਝਾ ਨਹੀ ਸਕਦਾ ਯਾਂਤੇ **ਗੁਰੂ** ਦੀ ਲੋੜ ਅਤੀ ਜਰੂਰੀ ਹੈ।

ਪੁਨਾ:-

ਬਿਹਾਗੜੇ ਕੀ ਵਾਰ ਮਹਲਾ ੪ ਪਉੜੀ ੧੫

ਸਫਾ ੫੫੩/੪੯੩ ਸ੍ਰੀ ਗੁਰੂ:

(ਸ) ਸਤਿਗੁਰੂ ਫੁਰਮਾਇਆ ਕਾਰੀ ਏਹ ਕਰੇਹੁ।
ਗੁਰੂਦੁਆਰੈ ਹੋਇਕੈ ਸਾਹਿਬੁ ਸੰਮ੍ਹਾਲੇਹੁ॥

ਸੂਚਨਾ—ਇਸ ਮਹਾਂਵਾਕ ਦ੍ਵਾਰਾ ਹਦਾਇਤ ਕੀਤੀ ਗਈ ਹੈ ਕਿ **ਗੁਰੂ** ਤੋਂ ਸਿਖ੍ਯਾ ਲੈਕੇ ਆਪਣੇ ਮਾਲਕ (ਅਕਾਲ-ਪੁਰਖ)ਨੂੰ ਚਿੰਤਨ ਕਰੋ। ਭਾਵ ਸਭ ਤੋਂ ਪਹਿਲਾਂ ਗੁਰੂ ਧਾਰਨ ਕਰੋ।

ਪੁਨਾ:-

ਸੂਹੀ ਮਹਲਾ ੧ ਸਬਦ ੬

ਸਫਾ ੭੩੦/੬੪੮ ਸ੍ਰੀ ਗੁਰੂ:

(ਹ) ਗੁਰੂਦੁਆਰੈ ਹੋਇ, ਸੋਝੀ ਪਾਇਸੀ॥
ਏਤੁ ਦੁਆਰੈ ਧੋਇ, ਹਛਾ ਹੋਇਸੀ॥

ਸੂਚਨਾ—ਇਸ ਸਬਦ ਦ੍ਵਾਰਾ ਸਾਬਤ ਹੁੰਦਾ ਹੈ ਕਿ ਜਨਮਜਨਮਾਂਤ੍ਰਾਂ ਦਾ ਮੈਲਾਪਨ (ਭਾਵ ਪਾਪਾਤਮਾਂ) **ਗੁਰੂ** ਰਾਹੀਂ ਸੋਝੀ ਪਾ ਲੈਂਦਾ ਹੈ ਅਤੇ ਹੱਛਾ (ਚੰਗਾ) ਸੁੱਧ ਭੀ ਗੁਰੂ ਰਾਹੀਂ ਹੀ ਹੁੰਦਾ ਹੈ। ਗੱਲ ਕੀ ਇਸ ਸਬਦ ਦ੍ਵਾਰਾ ਗੁਰੂ ਦੀ ਲੋੜ ਖਾਸ ਜ਼ਰੂਰੀ ਸਾਬਤ ਹੁੰਦੀ ਹੈ, ਕਿਉਂਕਿ ਗੁਰੂ ਬਿਨਾਂ ਗਜਾਨ ਤਥਾ ਮਨ

ਦੀ ਸ਼ੁੱਧੀ ਪ੍ਰਾਪਤ ਨਹੀਂ ਹੁੰਦੀ। ਪ੍ਰਮਾਣ:-

ਗਉੜੀ ਪੂਰਬੀ ਮਹਲਾ ੪ ਸਬਦ ਪ੮

ਸਫ਼ਾ ੧੭੦/੧੫੧ ਸ੍ਰੀ ਗੁਰ:

(ਕ) ਗੁਰਿ ਸਤਿਗੁਰਿ ਦਾਤੈ ਪੰਥੁ ਬਤਾਇਆ,
ਹਰਿ ਮਿਲਿਆ ਆਇ ਪ੍ਰਭੁ ਮੇਰੀ॥
ਅਨਦਿਨੁ ਅਨਦੁ ਭਇਆ ਵਡਭਾਗੀ,
ਸਭ ਆਸ ਪੁਜੀ ਜਨ ਕੇਰੀ॥

ਸੂਚਨਾ--ਇਸ ਸਬਦ ਦ੍ਵਾਰਾ ਪ੍ਰਗਟ ਕੀਤਾ ਗਿਆ ਹੈ ਕਿ ਜਦ ਗੁਰੂ ਜੀਨੇ ਰਸਤਾ ਦੱਸਿਆ ਤਾਂ ਪ੍ਰਭੁ (ਅਕਾਲਪੁਰਖੁ) ਮਿਲਗਿਆ ਜਿਸ ਕਰਕੇ ਪੂਰਨ ਖੁਸ਼ੀ ਸਹਿਤ ਸੱਭੇ ਆਸਾਂ ਪੂਰੀਆਂ ਹੋਗਈਆਂ॥

ਸਿਧਾਂਤ ਏਹ ਕਿ ਜੇ **ਗੁਰੂ** ਸਾਹਿਬ ਰਸਤਾ ਨਾਂ ਦੱਸਦੇ ਤਾਂ ਅਗਯਾਨਤਾ ਕਰਕੇ ਹਰਪ੍ਰਕਾਰ ਨਿਰਾਸਤਾ ਹੀ ਰੈਹਣੀ ਸੀ॥ **ਯਾਂਤੇ ਗੁਰੂ** ਧਾਰਨਾ ਅਤੀ ਜਰੂਰੀ ਹੈ।

ਸਿੱਟਾ

(ਖ) ਭਾਵੇਂ ਗੁਰੂ ਧਾਰਨ ਕਰਨ, ਤੇ ਗੁਰੂ ਸ਼ਰਣ ਪ੍ਰਾਪਤੀ, ਗੁਰੂ ਆਗਯਾ ਪਾਲਨ, ਗੁਰੂ ਵਿਸ਼੍ਵਾਸਤਾ, ਗੁਰੂ ਕ੍ਰਿਪਾਲਤਾ ਸਬੰਧੀ ਗੁਰੂ ਸਾਹਿਬਾਂ ਦੀ ਮੁਖਵਾਕ ਬਾਣੀ ਵਿੱਚ ਬੇਅੰਤ ਅਤੁੱਟ ਪ੍ਰਮਾਣ ਹਨ। ਪ੍ਰੰਤੂ ਵਿਸਤਾਰ ਨੂੰ ਛੱਡਕੇ ਕੇਵਲ ਉੱਤੇ ਲਿਖੇ ਸ਼ਬਦਾਂ ਦੇ ਪ੍ਰਮਾਣ ਹੀ ਕਾਫ਼ੀ ਸਮਝ ਕੇ ਸਿਧਾਂਤ ਪ੍ਰਕਾਸ਼ਿਤ ਕੀਤਾ ਜਾਂਦਾ ਹੈ ਕਿ "ਖਾਲਸਾ ਧਰਮ ਪ੍ਰਾਪਤੀ ਲਈ **ਗੁਰੂ** ਦਾ ਧਾਰਨ ਕਰਨਾ ਅਤਿ ਜਰੂਰੀ ਹੈ।"

ਭਏ ਖਾਲਸਾ ਧਰਮ ਵਿਖੇ ਗੁਰੂ ਧਾਰਨ ਕਰਨਵਾਲਿਆਂ

ਨੂੰ "ਸਿਖੀ ਸਿਖਿਆ ਗੁਰਵੀਚਾਰ" (ਗੁਰੂਵਾਕ) ਦੇ ਅਨੁਸਾਰ ਸਿੱਖ ਕਿਹਾ ਜਾਂਦਾ ਹੈ।

(ਗ) ਅਤੇ ਗੁਰੂ ਨਾਂ ਧਾਰਨ ਕਰਨ ਵਾਲਿਆਂ ਨੂੰ ਸੂਰ, ਕੁੱਤੇ ਤੇ ਗਧੇ ਆਦਿ ਦੀ ਪਦਵੀ ਦਿੱਤੀ ਹੈ, ਔਰ ਉਨ੍ਹਾਂ ਦੇ ਜੀਵਨ ਨੂੰ ਭ੍ਰਿਸ਼ਟ ਤੇ ਧ੍ਰਿਕਾਰ ਯੋਗ ਲਿਖਿਆ ਹੈ। ਯਥਾ:-

ਸਲੋਕ ਤੇ ੩ ਸਹਸਕ੍ਰਿਤੀ ਮਃ ੫

ਸਫ਼ਾ $\frac{੧੩੫੬}{੧੧੯੪}$ ਸ੍ਰੀਗੁਰੂ:

ਗੁਰਮੰਤ੍ਰ ਹੀਣਸ੍ਯ ਜੋ ਪ੍ਰਾਣੀ,
ਧ੍ਰਿਗੰਤ ਜਨਮ ਭ੍ਰਸਟਣਹ ॥
ਕੂਕਰਹ, ਸੂਕਰਹ, ਗਰਧਭਹ, ਕਾਕਹ,
ਸਰਪਨਹ ਤੁਲਿ ਖਲਹ ॥

ਯਾਂਤੇ ਮਾਨਸੀ ਜੀਵਨ ਸਫਲਤਾ ਹਿਤ ਜ਼ਰੂਰੀ ਹੈ ਜੋ ਸਭ ਤੋਂ ਪਹਿਲਾਂ ਗੁਰੂ ਨੂੰ ਟੋਲੀਏ, ਭਾਵ ਗੁਰੂ ਲੱਭ ਕੇ ਧਾਰਨ ਕਰੀਏ **ਪ੍ਰੰਤੂ** ਇਹ ਗੁਰੂ ਟੋਲਨ ਦਾ ਸੁਆਲ ਇਹੋ ਜਿਹਾ ਕਠਨ ਹੈ, ਜੋ ਥੋੜ੍ਹੀ ਜੇਹੀ ਭੁਲ ਹੋਜਾਂਨ ਦੇ ਕਾਰਨ ਪ੍ਰਾਣੀ 'ਖਾਲਸਾਧਰਮੋਂ' ਬੇ ਓੜਕੇ ਦੁਰਾਡੇ ਜਾ ਗਿਰਦਾ ਹੈ ॥

ਇਸੇ ਲਈ ਗੁਰੂ ਸਾਹਿਬਾਂ ਨੇ ਗੁਰੂ ਦੀ ਟੋਲ (ਢੂੰਡ) ਭਾਵ ਗੁਰੂ ਲੱਭਨ ਲਈ ਐਲਾਨ ਕੀਤਾ ਹੈ ॥

ਯਥਾਃ-

ਨਟ ਮਹਲਾ ੪ ਅਸਟਪਦੀ ੪ ਪਉੜੀ ੫

ਸਫ਼ਾ $\frac{੯੮੨}{੮੬੭}$ ਸ੍ਰੀਗੁਰੂਃ

(ਘ) ਬਾਣੀ ਗੁਰੂ ਗੁਰੂ ਹੈ ਬਾਣੀ,
ਵਿਚਿ ਬਾਣੀ ਅੰਮ੍ਰਿਤੁ ਸਾਰੇ ॥

ਗੁਰੁਬਾਣੀ ਕਹੈ ਸੇਵਕੁ ਜਨੁ ਮਾਨੈ,
ਪਰਤਖਿ ਗੁਰੂ ਨਿਸਤਾਰੇ ॥

ਯਾਂਤੇ ਸਿੱਟਾ ਏਹ ਨਿਕਲਿਆ ਜੋ ਸਭਤੋਂ ਪਹਿਲਾਂ ਅਸੀ ਗੁਰੂ ਸਾਹਿਬਾਂ ਦੀ ਬਾਣੀ ਦ੍ਵਾਰੇ ਵਿਚਾਰੀਏ ਕਿ "ਖਾਲਸਾ ਧਰਮੀਆਂ ਲਈ ਗੁਰੂ ਕੌਨ ਹੋਸੱਕਦਾ ਹੈ ? ਅਤੇ ਉਹ ਗੁਰੂ ਕੈਸਾ ਹੋਣਾ ਚਾਹੀਏ ?" **ਇਸ ਕਰਕੇ** ਗੁਰੂ ਸਾਹਿਬਾਂ ਦੀ ਮੁਖਵ੍ਵਾਕ ਬਾਣੀ ਵਿਚੋਂ ਗੁਰੂਦੱਸ ਕਸਵੱਟੀ ਕੁਛਕ ਪ੍ਰਮਾਣ ਦਰਜ ਕੀਤੇ ਜਾਂਦੇ ਹਨ ॥ ਯਥਾ:—

ਸਿਰੀ ਰਾਗੁ ਮਹਲਾ ੧ ਸਬਦ ੧

ਸਫਾ $\frac{੭੨}{੬੫}$ ਸ੍ਰੀਗੁਰੂ:

(ਛ) ਨਾਨਕ ਸਤਿਗੁਰ ਐਸਾ ਜਾਣੀਐ,
ਜੋ ਸਭਸੈ ਲਏ ਮਿਲਾਇ ਜੀਉ ।

ਭਾਵ—ਏਹੋ ਜੇਹਾ ਸਤਿਗੁਰੂ ਚਾਹੀਏ ਜੋ ਸਰਣ ਆਏ ਹਰਇਕ ਪ੍ਰਾਣੀ ਨੂੰ (ਆਪਣਾ ਸੱਚਾ ਖਾਲਸ ਉਪਦੇਸ ਦੇਕੇ) ਆਪਣੇ ਨਾਲ ਮਿਲਾ ਲੇਵੇ ਜਿਸ ਪ੍ਰਕਾਰ ਸ੍ਰੀਗੁਰੂ ਨਾਨਕ ਦੇਵ ਜੀ ਤੋਂ ਲੈਕੇ ਦਸਮ ਗੁਰੂ ਸਾਹਿਬਾਂ ਨੇ ਪ੍ਰਤਖਜ ਸਰੂਪ ਵਿਚ ਵਰਤੋਂ ਵਰਤੀ । ਜਿਸਦਾ ਅੰਤਮਸਬੂਤ **ਪੰਜ ਪਜਾਰਿਆਂ ਦਾ ਪ੍ਰੰਜ, ਪੰਚ ਖਾਲਸਾ** (ਖਾਲਸਾ ਪਾਰਲੀਮੈਂਟ) ਹੈ, ਅਰਥਾਤ ਸੱਚਾ ਗੁਰੂ ਓਹ ਹੈ ਜੋ ਆਪਣੇ ਸਿਖ ਨੂੰ ਪੂਰਨ ਅਧਿਕਾਰ ਦਿੰਦਾ ਹੋਯਾ ਅਭੇਦਤਾ ਵਿਚ ਵਰਤੇ ।

ਤਾਂਹੀਓਂ ਸ੍ਰੀਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਜਾਰਿਆਂ ਨੂੰ ਅੰਮ੍ਰਿਤ ਛਕਾ ਕੇ ਪਸਚਾਤ ਉਨ੍ਹਾਂ ਪਾਸੋਂ ਆਪ ਅੰਮ੍ਰਿਤ ਛਕ ਕੇ **ਸਾਮਾਨਤਾ** ਦਾ ਵਰਤਾਰਾ ਵਰਤਾਯਾ ਹੈ ॥

ਪੁਨਾਃ-

ਸਿਰੀ ਰਾਗੁ ਮਃ੧ ਅਸਟਪਦੀ ੧੦ ਪਉੜੀ ੩

ਸਫਾ ੫੯/੬੨ ਸ੍ਰੀਗੁਰੂ

(ਚ)ਸੁਖਦਾਤਾ ਦੁਖ ਮੇਟਣੋ ਸਤਿਗੁਰੁ ਅਸੁਰ ਸੰਘਾਰੁ ॥

ਭਾਵ- ਗੁਰੂ ਓਹ ਹੋ ਸਕਦਾ ਹੈ ਜੋ ਸਰਬ ਸੁਖਾਂ ਦਾ ਦਾਤਾ ਹੋਵੇ ਅਰਥਾਤ ਜਿਸਦੀ ਸਰਣ ਵਿਚ ਆਵਨ ਕਰਕੇ ਸਭੇ ਸੁਖ ਪ੍ਰਾਪਤ ਹੋ ਜਾਨ, ਅਤੇ ਕਾਮ, ਕ੍ਰੋਧ ਆਦਿ ਜੋ ਅਸੁਰ (ਦੈਂਤ) ਪ੍ਰਾਣੀਆਂ ਨੂੰ ਹਰ ਵਕਤ ਦੁਖ ਦਿੰਦੇ ਹਨ,ਓਹ ਸਭੇ ਨਾਸ ਹੋ ਜਾਨ।

ਪੁਨਾਃ-

ਗਉੜੀ ਬੈਰਾਗਣਿ ਮਹਲਾ ੪ ਸਬਦ ਪ੨

ਸਫਾ ੧੬੮/੧੪੯ ਸ੍ਰੀਗੁਰੂ

(ਛ) ਜਿਸੁ ਮਿਲਿਐ ਮਨਿ ਹੋਇ ਅਨੰਦੁ,
ਸੋ ਸਤਿਗੁਰੁ ਕਹੀਐ।
ਮਨ ਕੀ ਦੁਬਿਧਾ ਬਿਨਸਜਾਇ,
ਹਰਿ ਪਰਮ ਪਦੁ ਲਹੀਐ।

ਭਾਵ--ਜਿਸਦੇ ਦਰਸਨਾਂ ਕਰਕੇ ਮਨ ਆਨੰਦ (ਪ੍ਰਸੰਨ)ਹੋ ਜਾਵੇ ਅਤੇ ਚਿਤ ਦੀ ਦੁਬਿਧਾ ਨਾਸ ਹੋਕੇ ਪਰਮ ਪਦ ਪ੍ਰਾਪਤ ਹੋ ਜਾਵੇ, ਸੋ ਉਸ ਐਸੇ ਗੁਣਕਾਰੀ ਨੂੰ **ਗੁਰੂ** ਆਖੀਦਾ ਹੈ।

ਸੂਚਨਾ—ਉਤਲੇ ਸਬਦਾਂ ਦੇ ਭਾਵਅਰਥ ਤੋਂ ਸੁਤੇ ਹੀ ਪਤਾ ਲਗ ਜਾਊ ਜੋ ਕੇਹੜ੨ ਗੁਣ ਵਾਲੇ ਨੂੰ **ਗੁਰੂ** ਪਦਵੀ ਮਿਲਸਕਦੀ ਹੈ।

ਪੁਨਾ:-

ਗਉੜੀ ਸੁਖਮਨੀ ਮਹਲਾ ੫ ਅਸਟਪਦੀ ੧੦

ਸਫਾ $\frac{੨੮੬}{੨੧੫}$ ਸ੍ਰੀਗੁਰੂ:

(ਟ) ਸਤਿਪੁਰਖੁ ਜਿਨਿ ਜਾਨਿਆ, ਸਤਿਗੁਰੁ ਤਿਸ ਕਾ ਨਾਉ ।
ਤਿਸ ਕੈ ਸੰਗਿ ਸਿਖ ਉਧਰੈ ਨਾਨਕ ਹਰਿਗੁਨ ਗਾਉ ।

ਸੂਚਨਾ—ਹੁਣ ਸੋਚ ਲਵੋ ਜੋ ਸਭ ਤੋਂ ਪਹਿਲਾਂ **ਸਤਿਪੁਰਖੁ** (ਅਕਾਲਪੁਰਖੁ) ਨੂੰ ਕਿਸ ਨੇ ਜਾਣਿਆਂ ਹੈ ? ਬਸ ਜਦ ਖਾਲਸਾ ਧਰਮੀ ਚੰਗੀ ਤਰਾਂ ਜਾਨਦੇ ਹਨ ਕਿ, ਸ੍ਰੀਗੁਰੂ ਨਾਨਕ ਦੇਵ ਜੀ ਦੇ ਸੰਸਾਰ ਵਿਖੇ ਪ੍ਰਗਟ ਹੋਣ ਤੋਂ ਪ੍ਰਿਥਮ '**ਕੂੜ ਅਮਾਵਸ ਸਚ ਚੰਦ੍ਰਮਾ, ਦੀਸੈ ਨਾਹੀ ਕਹਿ ਚੜਿਆ**' ਗੁਰੂ ਵਾਕ ਅਨੁਸਾਰ ਸੰਸਾਰ ਵਿਖੇ ਸਤਿ, ਅਸਤਿ ਦੀ ਕੀ ਕੁਛ ਵਰਤੋ ਸੀ। ਜਿਸਦੇ ਸਬੂਤ ਵਿਚ ਇਕ ਅਕਾਲਪੁਰਖ ਨੂੰ ਛਡਕੇ ਅਨੇਕ ਦੇਵੀ ਦੇਵਤਾ ਜੜ ਪਦਾਰਥ ਆਦਿਕ ਪੂਜਾ ਦਾ ਪਰਚਾਰ ਸੀ ਇਸ ਕਰਕੇ ਅਕਾਲਪੁਰਖ ਨੂੰ ਸ੍ਰੀਗੁਰੂ ਨਾਨਕ ਦੇਵ ਜੀ ਨੇ ਹੀ ਜਾਣਿਆਂ। ਉਪ੍ਰੰਤ ਉਨ੍ਹਾਂ ਨੇ ਸਭ ਨੂੰ ਜਣਾਯਾ ਹੈ ॥ ਪੁਨਾ:-

ਗਉੜੀ ਵਾਰ ੧ ਮਹਲਾ ੪ ਪਉੜੀ ੧

ਸਫਾ $\frac{੩੦੦}{੨੬੮}$ ਸ੍ਰੀਗੁਰੂ:

(ਝ) ਸਤਿਗੁਰ ਪੁਰਖੁ ਦਇਆਲੁ ਹੈ, ਜਿਸ ਨੋ ਸਮਤੁ ਸਭੁ ਕੋਇ ।
ਏਕ ਦ੍ਰਿਸਟਿ ਕਰ ਦੇਖਦਾ, ਮਨਿ ਭਾਵਨੀ ਤੇ ਸਿਧਿ ਹੋਇ ।
ਸਤਿਗੁਰੂ ਵਿਚਿ ਅੰਮ੍ਰਿਤੁ ਹੈ, ਹਰਿ ਉਤਮੁ ਹਰਿ ਪਦੁ ਸੋਇ ।

ਭਾਵ—ਜਿਸਨੂੰ ਹਰਪ੍ਰਕਾਰ ਦੀ ਸੁਮਤ ਹੋਵੇ ਅਤੇ ਦਿਆਲਤਾ ਦਾ ਸਰੂਪ ਹੋਵੇ ਓਹੀ ਸਤਿਗੁਰੂ ਮੰਨਿਆਂ ਜਾਂਦਾ ਹੈ ਅਤੇ ਸਤਿਗੁਰੂ ਦੇ ਇਕ ਨਜ਼ਰ ਵੇਖਨ ਨਾਲ ਮਨਇੱਛਤ ਫਲ ਪ੍ਰਾਪਤ ਹੁੰਦੇ ਹੈਨ ਅਤੇ ਸਤਿਗੁਰਾਂ ਦੀ ਸੰਗਤ ਵਿਖੇ ਅੰਮ੍ਰਿਤ ਹੈ, ਜਿਸਦੇ ਪਾਨ ਕਰਨੇ ਕਰਕੇ ਸਿਖ ਜੀਵਨ ਮੁਕਤ ਹੋਕੇ ਅੰਤ ਨੂੰ ਪਰਮ ਪਦ ਦਾ ਅਧਿਕਾਰੀ ਹੁੰਦਾ ਹੈ। ਪੁਨਾਃ—

ਵਾਰ ਵਡਹੰਸ ਮਹਲਾ ੪ ਪਉੜੀ ੧੯

ਸਫਾ $\frac{੫੯੪}{੫੨੮}$ ਸ੍ਰੀਗੁਰੂਃ

(ਵ) ਧਨੁ ਧਨੁ ਹਰਿਗਿਆਨੀ ਸਤਿਗੁਰੂ ਹਮਾਰਾ,
ਜਿਨਿ ਵੈਰੀ ਮਿਤ੍ਰ ਹਮ ਕਉ ਸਭ ਸਮਦ੍ਰਿਸਟਿ ਦਿਖਾਈ।

ਭਾਵ—ਗੁਰੂ ਓਹ ਹੈ ਜੋ ਸਤ੍ਰ ਮਿਤ੍ਰ ਨੂੰ ਸਮ ਕਰਕੇ ਦਿਖਾ ਦੇਵੇ ਅਥਵਾ ਸਮਦ੍ਰਿਸਟੀ ਕਰ ਦੇਵੇ। ਪੁਨਾਃ—

ਵਾਰ ਰਾਮਕਲੀ ਮਹਲਾ ੫ ਪਉੜੀ ੭

ਸਫਾ $\frac{੯੬੦}{੮੪੮}$ ਸ੍ਰੀਗੁਰੂਃ

(ਟ) ਸਤਿਗੁਰੁ ਨਿਰਵੈਰੁ ਪੁਤ੍ਰ ਸਤ੍ਰ ਸਮਾਨੇ,
ਅਉਗੁਣ ਕਟੇ ਕਰਿ ਸੁਧੁ ਦੇਹਾ।

ਭਾਵ—ਗੁਰੂ ਓਹ ਹੈ ਜਿਸਦੇ ਨਜਦੀਕ ਪੁਤ੍ਰ, ਸਤ੍ਰ ਸਮਾਨ ਹੋਣ ਅਤੇ ਓਹ ਉਕਤ ਦੋਨਾਂ ਕਿਸਮਾਂ ਦੇ ਪ੍ਰਾਣੀਆਂ ਦੀ ਖੋਟਾਂ ਕਢਕੇ ਉਨਾਂ ਨੂੰ ਸੁਧ ਕਰ ਦੇਵੇ। ਪੁਨਾਃ—

ਮਾਰੂ ਮਹਲਾ ੫ ਅਸਟਪਦੀ ੩

ਸਫਾ $\frac{੧੦੧੭}{੮੯੮}$ ਸ੍ਰੀਗੁਰੂਃ

(ਠ) ਸਸਤ੍ਰਿ ਤੀਖਣਿ ਕਾਟਿ ਡਾਰਿਓ ਮਨਿ ਨ ਕੀਨੋ ਰੋਸੁ ॥
ਕਾਜ ਉਆਕੋ ਲੇ ਸਵਾਰਿਓ ਤਿਲੁ ਨ ਦੀਨੋ ਦੋਸੁ ॥

ਭਾਵ--**ਗੁਰੂ** ਓਹ ਹੈ ਕਿ ਭਾਂਵੇ ਉਸਨੂੰ ਤਿੱਖੇ ਸ਼ਸਤ੍ਰ ਨਾਲ ਕਟ ਦਿਤਾ ਜਾਵੇ ਪਰ ਓਹ ਚਿਤ ਵਿਚ (ਅਕਾਲੀਭਾਣਾ ਮੰਨਕੇ) ਰੰਜ ਨਹੀਂ ਹੁੰਦਾ, ਬਲਕੇ ਉਸ ਕਟਨ (ਦੁਖ ਦੇਣ) ਵਾਲੇ ਦਾ ਕਾਰਜ ਸੁਾਰਦਾ ਹੈ, ਅਤੇ ਤਿਲ ਸਮਾਨ ਭੀ ਉਸ ਦੁਖਦੇਵੇ ਨੂੰ ਦੋਸ਼ ਨਹੀਂ ਦਿੰਦਾ। ਪੁਨਾਃ—

ਗਉੜੀ ਕੀ ਵਾਰ ਮਹਲਾ ੪ ਪਉੜੀ ੮

ਸਫ਼ਾ $\frac{੩੦੪}{੨੭੧}$ ਸ੍ਰੀਗੁਰੂਃ

(ਡ) ਸੋਈ ਸਤਿਗੁਰੁ ਪੁਰਖੁ ਹੈ ਜਿਨ ਪੰਜੇਦੂਤ ਕੀਤੇ ਵਸਿਛਿਕੇ।

ਭਾਵ-**ਸਤਿਗੁਰੂ** ਪਦਵੀ ਦੇ ਓਹ ਯੋਗ ਹੈ ਜਿਸਨੇ ਕਾਮ ਆਦਿ ਪੰਜੇ ਦੂਤ ਪਕੜਕੇ ਵਸ ਕਰਲਿਤੇ ਹੋਣ ॥

ਪੁਨਾਃ—

ਗਉੜੀ ਸੁਖਮਨੀ ਮਃ ੫ ਅਸਟਪਦੀ ੧੮

ਸਫ਼ਾ $\frac{੨੮੭}{੨੫੬}$ ਸ੍ਰੀਗੁਰੂਃ

(ਢ) ਆਠ ਪਹਰ ਹਰਿ ਕਾ ਨਾਮੁ ਲੇਇ।
ਸਚੁ ਉਪਦੇਸ ਸੇਵਕ ਕਉ ਦੇਇ ॥
ਮੋਹ ਮਾਇਆ ਕੈ ਸੰਗਿ ਨ ਲੇਪੁ।
ਮਨ ਮਹਿ ਰਾਖੈ ਹਰਿ ਹਰਿ ਏਕੁ ॥

ਭਾਵ--ਗੁਰੂ ਓਹ ਹੈ ਜੋ ਅਠੋਂ ਪਹਿਰ ਹਰੀ ਨਾਮ ਦੀ ਰੰਗਣ ਵਿਚ ਰੱਤਿਆ ਰਹੇ ਅਤੇ ਅਪਨੇ ਸੇਵਕ (ਸਿਖ) ਨੂੰ **ਸਚੁ** (ਅਕਾਲਪੁਰਖੁ) ਦਾ ਉਪਦੇਸ ਦੇਵੇ, ਪੁਨਾਃ—ਸੰਸਾਰਕ ਪਦਾਰਥਾਂ

ਨਾਲ ਮੋਹ ਨਾਂ ਕਰੇ ਤੇ ਮਾਯਾ ਤੋਂ ਅਸੰਗ ਹੋਵੇ ਅਰ ਉਸਦੇ ਚਿੱਤ ਵਿਚ ਕੇਵਲ ਇੱਕ ਹਰੀ (ਵਾਹੁਗੁਰ) ਦਾ ਨਿਵਾਸ ਹੋਵੇ ॥

(ਣ) ਸਜਨੋ ! ਉਤੇ ਦਸੇ **ਗੁਰੂ** ਸਬਦਾਂ ਤੋਂ ਸਪਸ਼ਟ ਸਿੱਧ ਹੈ ਕਿ ਖਾਲਸਾ ਧਰਮ ਪ੍ਰਾਪਤੀ ਲਈ ਕੇਹੋ ਜੇਹਾ ਗੁਰੂ ਧਾਰਨ ਕਰਨਾ ਚਾਹੀਏ ?

ਬਸ ਜਦ ਏਹਨਾਂ ਸਬਦਾਂ ਦੇ ਪੂਰਨ ਭਾਵ ਵਲ ਗਹੁ ਕੀਤਾ ਜਾਂਦਾ ਹੈ ਤਦ ਸਾਬਤ ਹੁੰਦਾ ਹੈ ਜੋ ਏਹੋ ਜਿਹੇ ਗੁਣ ਕੇਵਲ ਸ੍ਰੀਗੁਰੂ ਨਾਨਕ ਦੇਵ ਜੀ ਤੋਂ ਲੈਕੇ ਦਸਮ ਗੁਰੂ ਜੀ ਵਿਚ ਹੀ ਪਾਏ ਜਾ ਸਕਦੇ ਹਨ ਅਤੇ ਉਨਾਂ ਤੋਂ ਬਿਨਾਂ ਹੋਰ ਕਿਸੇ ਭੀ ਦੇਹਧਾਰੀ ਗੁਰੂ ਵਿਚ ਇਹ ਗੁਣ ਨਹੀਂ ਅਰੋਪੇ ਜਾ ਸਕਦੇ ।

ਪਰ ਏਹ ਠੀਕ ਹੈ ਕਿ ਜਦ ਦੁਨੀਆਂ ਦੇ ਸਭਨਾਂ ਫਿਰਕਿਆਂ ਸਬੰਧੀ ਦੇਹਧਾਰੀ ਗੁਰੂ ਧਾਰਨਾਂ ਪ੍ਰਚਾਰ ਦੇ ਖਯਾਲ ਨੂੰ ਛਡਕੇ ਕੇਵਲ ਸਿਖ ਧਰਮ ਦੇ (ਆਪੋਧਾਪੀ ਬਨੇ ਹੋਏ) ਕਈਕੁ ਫਿਰਕਿਆਂ ਵਲ ਦੇਖੀਦਾ ਹੈ ਤਦ ਉਨ੍ਹਾਂ ਵਿਚ ਭੀ ਦੇਹ ਧਾਰੀ **ਗੁਰੂ** ਧਾਰਨ ਕਰਨ ਦੀ ਵਾਦੀ ਪਾਈ ਜਾਂਦੀ ਹੈ, ਪ੍ਰੰਤੂ ਜਦ ਗੁਰੂ ਬਾਣੀ ਅਤੇ ਗੁਰੂ ਸਾਹਿਬਾਂ ਦੀ ਵਰਤੋਂ ਵਲ ਦੇਖੀਦਾ ਹੈ ਤਦ ਦੇਹਧਾਰੀ ਗੁਰੂ ਸਬੰਧੀ ਵਰਤੋਂ ਸਭ ਦੀ ਸਭ ਗੁਰਮਤਿ ਵਿਰੁਧ ਸਾਬਤ ਹੁੰਦੀ ਹੈ ॥

(ਤ) **ਪਯਾਰੇ ਖਾਲਸਾ ਜੀ** ! ਏਹ ਬਾਤ ਸੋਲਾਂ ਆਨੇ ਸਚ ਹੈ ਕਿ "ਹਰਇਕ ਸਿਖ ਬਲਕਿ ਮਨੁਸ਼ ਮਾਤ੍ਰ ਦਾ ਮੁਖ ਧਰਮ ਹੈ ਜੋ ਓਹ **ਨਾਮੁ ਜਪੇ**" ਔਰ ਇਸਤੇ ਬਿਨਾਂ ਉਤੇ ਲਿਖੇ ਸਭਨਾ ਪਰ-ਮਾਣਾਂ ਤੋਂ ਨਿਰਸੰਸੇ ਸਾਬਤ ਹੈ ਜੋ **ਗੁਰਮੰਤ੍ਰ** (ਨਾਮੁ) ਗੁਰੂ ਦ੍ਵਾਰਾ ਪ੍ਰਾਪਤ ਕੀਤਾ ਜਾਵੇ ।

ਅਤੇ **ਨਾਮ** ਜਪਨ ਦਾ **ਮੁਖ** ਸਿੱਧਾਂਤ ਇਹ ਹੈ, ਜੋ ਨਾਮੀ (ਅਕਾਲਪੁਰਖੁ) ਵਿਚ ਅਭੇਦ ਹੋਕੇ ਪਰਮ ਸੁਖ (ਪਰਮ ਪਦ)

ਪ੍ਰਾਪਤ ਕਰੀਏ, ਪਰ ਨਾਮੁ ਦੀ ਪ੍ਰਾਪਤੀ, ਗੁਰੂ ਧਾਰਨ ਕੀਤੇ ਬਿਨਾ ਹੋ ਨਹੀਂ ਸਕਦੀ।

ਭਲਾ ਜੇ ਕੋਈ ਕਿਸੇ ਪਾਸੋਂ (ਅਰਥਾਤ ਸਚੇ ਗੁਰੂ ਬਾਝੋਂ) "ਨਾਮੁ ਸ਼ਬਦ" ਸੁਣ ਭੀ ਲੇਵੇ।

(ਥ) ਤਾਂ "ਸੋਹੰਦੜੋ ਹਭ ਠਾਇ, ਕੋਇ ਨ ਦਿਸੈ ਡੂਜੜੋ।
ਖੁਲੜੇ ਕਪਾਟ ਨਾਨਕ ਸਤਿਗੁਰ ਭੇਟਤੇ" ॥
(ਸਿਰੀ ਰਾਗੁ ਮਃ ੫ ਛੰਤ ਸ੍ਰੀਗੁਰੂਃ)

ਪੁਨਾਃ—

(ਦ) ਬਿਨ ਸਬਦੈ ਅੰਤਰ ਆਨੇਰਾ। ਨ ਵਸਤੁ ਲਹੈ ਨ ਚੂਕੈ ਫੇਰਾ॥
ਸਤਗੁਰੂ ਹਥ ਕੁੰਜੀ ਹੋਰਤ ਦਰ ਖੁਲੈ ਨਾਹੀ,
ਗੁਰੁ ਪੂਰੈ ਭਾਗ ਮਿਲਾਵਣਿਆ।
(ਮਾਝ ਮਃ ੩ ਅਸਟਪਦੀ ਸ੍ਰੀ ਗੁਰੂਃ)

ਆਦਿ ਗੁਰੂ ਵਾਕਾਂ ਦੇ ਭਾਵ ਅਨੁਸਾਰ **'ਨਾਮ-ਪ੍ਰਾਪਤੀ'** ਨਹੀ ਹੋਸਕਦੀ ਜਦਤਕ ਕਿ **ਗੁਰਮੰਤ੍ਰ**, **(ਵਾਹਿਗੁਰੁ) ਨਾਮੁ** ਅਤੇ **ਮੂਲਮੰਤ੍ਰ** ("੧ੴ ਸਤਿਨਾਮੁ, ਕਰਤਾ, ਪੁਰਖੁ, ਨਿਰਭਉ, ਨਿਰਵੈਰੁ, ਅਕਾਲ, ਮੂਰਤਿ, ਅਜੂਨੀ, ਸੈਭੰ, ਗੁਰ, ਪ੍ਰਸਾਦਿ") ਖਾਲਸਾ ਮ੍ਰਯਾਦਾ ਅਨੁਸਾਰ ਗੁਰਾਂ ਦੇ ਮੁਖ ਦ੍ਵਾਰਾ ਨਾ ਸੁਣਿਆ ਜਾਵੇ।

ਭਾਂਵੇ ਉਤੇ ਲਿਖੇ ਮੁਖਵਾਕ ਸ਼ਬਦਾਂ ਦੇ ਵਿਚਾਰਨ ਕਰਕੇ ਸਭੇ ਸ਼ੰਕੇ ਦੂਰ ਹੋ ਜਾਂਦੇ ਹਨ ਪ੍ਰੰਤੂ ਫਿਰ ਭੀ ਕਈ ਜਿੱਦੀ ਵੀਰਾਂ ਨੂੰ ਬਧੀਕ ਨਿਰਸੰਸੇ ਕਰਨ ਹਿਤ ਦੇਹਧਾਰੀ ਪ੍ਰਚਾਰ (ਗੁਰੂ ਡੰਮ) ਸਬੰਧੀ ਕੁਛ ਹੋਰ ਨਿਰਣਯ ਦੀ ਲੋੜ ਭਾਸਦੀ ਹੈ, ਕਿ ਹਰ ਪ੍ਰਕਾਰ ਨਿਰਸੰਸਤਾ ਹੋ ਜਾਵੇ।

(੨੨) **ਬੇਸ਼ਕ** ਇਹ ਬਾਤ ਮੰਨਨ ਵਿਚ ਕਿਸੇ ਗੁਰ ਸਿਖ ਨੂੰ ਉਜਰ ਨਹੀ ਕਿ "ਸ੍ਰੀਗੁਰੂ ਨਾਨਕ ਦੇਵ ਜੀ ਤੋਂ ਲੈਕੇ ਦਸਮ ਨਾਨਕ (ਸ੍ਰੀਗੁਰੂ ਗੋਬਿੰਦ ਸਿੰਘ) ਜੀ" ਤਕ ਇੱਕ ਦੂਜੇ ਪਿਛੋਂ

ਜੋਤਿ ਓਹਾ ਜੁਗਤਿ ਸਾਇ,
ਸਹਿ ਕਾਇਆ ਫੇਰ ਪਲਟੀਐ ॥

ਅਨੁਸਾਰ ਅੰਤ੍ਰੀਵ ਇੱਕੋ ਸਰੂਪ ਹੋਂਦੇ ਹੋਯਾਂ, ਪੰਜਭੂਤਕ ਸਰੀਰ (ਦੇਹ ਧਾਰੀ) ਗੁਰੂ ਸਾਹਿਬਾਂ ਦਾ ਸਿਲਸਿਲਾ ਚਲਦਾ ਆਯਾ ਹੈ ।

ਪਰ ਸ੍ਰੀਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਗੁਰੂ ਘਰ ਦੀ ਪ੍ਰਸਿੱਧ ਪਰੰਪਰਾ ਮ੍ਰਿਯਾਦਾ ਅਨੁਸਾਰ **ਸ੍ਰੀਗੁਰੂ ਗ੍ਰੰਥ ਸਾਹਿਬ ਜੀ** ਨੂੰ ਗੁਰਿਆਈ ਦੀ ਗੱਦੀ ਦਿੱਤੀ ਤਥਾ ਅਪਨੇ ਸਚਖੰਡ ਚਲਾਣੇ ਸਮੇ ਖਾਲਸਾ ਜੀ ਪ੍ਰਤੀ ਸੰਦੇਸਾ ਦਿਤਾ ਕਿ—

"ਆਗਯਾ ਭਈ ਅਕਾਲ ਕੀ ਤਬੀ ਚਲਾਇਓ ਪੰਥ॥
ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ"

ਸੋ ਸਤਿਗੁਰਾਂ ਦੀ ਇਸ ਆਗਯਾ ਅਨੁਸਾਰ ਖਾਲਸਾ ਜੀ ਦੇ ਜੁਗੋਜੁਗੰਤ੍ਰ (ਸਦੀਵੀ) ਗੁਰੂ **ਸ੍ਰੀਗੁਰੂ ਗ੍ਰੰਥ ਸਾਹਿਬ ਜੀ ਹੈਨ**

ਔਰ ਖਾਲਸਾ ਧਰਮ ਦੇ ਪ੍ਰਚਾਰ ਲਈ ਸ੍ਰੀਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ

ਪੰਜਪਯਾਰਿਆਂ ਦਾ ਪੁੰਜ { **ਪੰਚ ਖਾਲਸਾ** ਅਰਥਾਤ **ਖਾਲਸਾ ਪਾਰਲੀਮੈਂਟ** } ਗੁਰੂ ਸਰੂਪ ਹੈ

ਯਥਾ ਸਬੂਤ

(੧) ਗੁਰਮਤਿ ਪੰਚ ਸਖੇ ਗੁਰ ਭਾਈ ॥
ਗੁਰਮਤਿ ਅਗਨਿ ਨਿਵਾਰਿ ਸਮਾਈ॥

(ਮਾਰੂ ਸੋਲਹੇ)

ਪੁਨਾਃ—

(ਨ) ਪੰਚ ਪਰਵਾਣ ਪੰਚ ਪਰਧਾਨ। ਪੰਚੇ ਪਾਵਹਿ ਦਰਗਹਿ ਮਾਨੁ।
ਪੰਚੇ ਸੋਹਹਿ ਦਰ ਰਾਜਾਨੁ। ਪੰਚਾ ਕਾ ਗੁਰੁ ਏਕ ਧਿਆਨੁ॥
(ਜਪੁ)

ਪੁਨਾਃ—

(ਪ) ਗੁਰੂਸਿਖ (ਸਾਧਸੰਗਤ) ਸਿਖ ਗੁਰੂ ਹੈ,
ਏਕੋ ਗੁਰ ਉਪਦੇਸ ਚਲਾਏ ॥ (ਰਾਗੁ ਆਸਾ ਮਃ ੪ ਛੰਤ)

ਪੁਨਾਃ—

(ਫ) ਜਿਨ ਕੇ ਬੰਧਨ ਕਾਟੇ ਸਤਿਗੁਰੁ,
ਤਿਨ ਸਾਧ ਸੰਗਤ ਲਿਵ ਲਾਈ।
ਪੰਚਜਨਾ ਮਿਲ ਮੰਗਲ ਗਾਇਆ,
ਹਰਿ ਨਾਨਕ ਭੇਦ ਨ ਭਾਈ।
(ਰਾਗੁ ਗਉੜੀ ਪੂਰਬੀ ਮਃ ੫)

ਪੁਨਾਃ—

(ਬ) ਇਕ ਸਿਖ ਦੁਇ ਸਾਧ ਸੰਗਤਿ, ਪੰਜੀ ਪਰਮੇਸਰ ॥
(ਭਾਈ ਗੁਰਦਾਸ)

ਬੱਸ ਉਤਲੇ ਪ੍ਰਮਾਣਾਂ ਤੋਂ ਸਿਧ ਹੋਯਾ ਕਿ ਜਦ ਪੰਚ ਪਜਾਰੇ ਸ੍ਰੀਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਨਿਰੋਲ ਪੰਥਕ ਸੇਵਾ ਲਈ ਹਾਜਰ ਹੋਨ, ਤਦ ਹੀ ਓਹ ਪੰਜ ਪਜਾਰੇ **ਗੁਰੂ ਸਰੂਪ** ਹੈਨ॥

ਇਸ ਕਰਕੇ ਸ੍ਰੀਗੁਰੂ **ਗੋਬਿੰਦ ਸਿੰਘ** ਜੀ ਮਹਾਰਾਜ ਦੇ ਸਚਖੰਡ ਕਮਰਕੱਸੇ ਕਰਨ ਪਿਛੋਂ ਖਾਲਸਾ ਧਰਮੀਆਂ ਦਾ **ਇੱਕ (ਇਕੱਲਾ) ਪੁਰਸ਼ ਗੁਰੂ ਨਹੀਂ ਹੋ ਸਕਦਾ ਬਲਕਿ ਇਕਇਕੱਲਾ ਪ੍ਰਾਣੀ ਆਪਨੇ ਆਪਨੂੰ ਗੁਰੂ ਕਹਾਵਨ ਵਾਲਾ ਮਨਮੁਖ ਹੈ।**

(ਭ) **ਇਸ** ਪਰ ਕਈਕ ਵੀਰ ਕਹਿੰਦੇ ਸੁਣੀਦੇ ਹਨ ਕਿ "ਜਦ ਤਾਈਂ ਸਾਨੂੰ ਕੋਈ ਸ਼ਖਸ ਗੁਰੂਬਾਣੀ ਦਾ ਭਾਵ ਨਾਂ

ਦੱਸੇ ਉਸ ਵਕਤ ਤਕ ਸਾਨੂੰ ਉਸਦੇ ਸਿਧਾਂਤ ਦਾ ਪਤਾ ਨਹੀਂ ਲਗ ਸਕਦਾ"। ਸੋ **ਜੋ ਰਾਹ ਪਾਉਣ ਵਾਲਾ ਹੈ ਓਹੀ ਗੁਰੂ ਹੈ।** ਕਿਉਂਕਿ ਗੁਰੂ ਦੇ ਏਹੀ ਅਰਥ ਹਨ, ਜੋ ਰਾਹ ਦੱਸੇ।

ਇਸ ਸ਼ੰਕੇ ਦੀ ਮੂੜ ਨਵਿਰਤੀ ਵਾਸਤੇ ਪ੍ਰਗਟ ਕੀਤਾ ਜਾਂਦਾ ਹੈ, ਕਿ ਗੁਰੂ ਸਾਹਿਬਾਂ ਦੇ ਵੇਲੇ ਭੀ ਤਾਂ ਕਈਕ ਗੁਰੂ ਘਰ ਦੇ ਪ੍ਰੇਮੀ ਗੁਣੀ, ਗਜਾਨੀ, ਵਿਦ੍ਵਾਨ ਜੈਸੇ ਕਿ ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ, ਤੇ ਭਾਈ ਮਨੀ ਸਿੰਘਜੀ ਆਦਿਕ ਗੁਰਬਾਣੀ ਤੇ ਸਿੱਖ-ਧਰਮ ਦਾ ਪ੍ਰਚਾਰ ਕਰਦੇ ਸਨ, ਤਾਂ ਕੀ ਉਸ ਵੇਲੇ ਸਿਖਾਂ (ਸਿੰਘਾਂ) ਨੇ ਉਕਤ ਗੁਰੂ ਜੀ ਦੇ ਪਿਆਰਿਆਂ ਵਿਚੋਂ ਕਿਸੇ ਨੂੰ **ਗੁਰੂ** ਪਦਵੀ ਦਿਤੀ ਸੀ ? ਹਰਗਿਜ ਨਹੀਂ॥

ਜਿੱਥੇ ਕਿੱਥੇ ਦੇਖੋ ਸਿੱਖ ਇਤਿਹਾਸਾਂ ਵਿਚ ਤੇ ਵਰਤਵਾਰੇ ਵਿਚ ਐਸੇ ਗੁਰਮੁਖਾਂ (ਪੰਥਸੇਵਕਾਂ) ਲਈ **ਬਾਬਾ ਜੀ, ਭਾਈ ਜੀ** ਪਦ ਕਰਕੇ ਵਰਤੇ ਜਾਂਦੇ ਰਹੇ ਹਨ।

ਸੋ ਹੁਣ ਓਹੀ ਦਸੋਂ ਗੁਰੂ ਜੀ ਬਾਣੀ ਸਰੂਪ (ਸ੍ਰੀਗੁਰੂ ਗ੍ਰੰਥ ਸਾਹਿਬ ਜੀ) ਹੋਕੇ ਖਾਲਸਾ ਜੀ ਦੇ (ਪ੍ਰਤੱਖ) ਗੁਰੂ ਸਭ ਥਾਂਈ ਵਿਦਮਾਨ ਹਨ।

ਯਥਾ ਗੁਰਵਾਕ

"ਬਾਣੀ ਗੁਰੂ, ਗੁਰੂ ਹੈ ਬਾਣੀ, ਵਿਚ ਬਾਣੀ ਅੰਮ੍ਰਿਤ ਸਾਰੇ।
ਗੁਰਬਾਣੀ ਕਹੈ ਸੇਵਕ ਜਨ ਮਾਨੈ, ਪ੍ਰਤਖ ਗੁਰੂ ਨਿਸਤਾਰੇ"

(ਮ) **ਯਾਂਤੇ** ਜੋ ਹੁਣ ਭੀ ਇਸ ਵੇਲੇ ਗੁਰੂ ਜੀ ਦੇ ਪਿਆਰੇ ਆਪ **ਨਾਮੁ** ਜਪਦੇ ਤੇ ਪੂਰਨ ਗੁਰਮਤ ਪਰ ਚਲਦੇ ਹੋਏ ਹੋਰਨਾਂ ਨੂੰ ਨਾਮੁ ਜਪਾਉਂਦੇ ਅਤੇ ਗੁਰਮਤ ਪਰ ਚਲਾਉਂਦੇ ਹਨ, ਓਹ ਗੁਰੂ ਸਾਹਿਬਾਂ ਦੇ ਸਮੇ ਦੇ ਗੁਰੂ ਪਿਆਰਿਆਂ ਤਥਾ ਗੁਰਮੁਖਾਂ ਵਤ ਹਨ ਜੇਹੜੇ ਕਿ ਗੁਰੂ ਸਾਹਿਬਾਂ ਦੇ ਵਕਤ ਆਪ ਸਿੱਖੀ ਪਰ ਚਲਦੇ ਤੇ ਦੂਜਿਆਂ ਨੂੰ ਚਲਾਉਂਦੇ ਸਨ।

ਸਬੂਤ ਲਈ ਵਿਚਾਰੋ, ਇਕ ਬਾਗ, (ਅਤੇ ਉਸਦੇ ਅਸਲ ਮਾਲਕ ਅਤੇ ਉਸ ਬਾਗ ਦੇ ਮਾਲੀ (ਜਿਸਨੂੰ ਕਿ ਅਸਲ ਮਾਲਕ ਵਲੋਂ ਬਾਗ ਦੇ ਲਗਾਨ ਦਾ ਹੁਕਮ ਹੋਇਆ ਹੋਯਾ ਹੈ,) ਔਰ ਉਸ ਬਾਗ ਦੇ ਗੋਡੀ ਦੇਣ, ਪਾਣੀ ਸਿੰਚਨ ਕਰਨ, ਤੇ ਹਫਾਜ਼ਤੀ, ਬਾੜ ਗੱਡਨ ਅਤੇ ਰਾਖੀ ਕਰਨ ਵਾਲਿਆਂ ਸੇਵਾਦਾਰਾਂ) ਦਾ ਦ੍ਰਿਸ਼ਟਾਂਤ ।

ਭਾਂਵੇ ਬਾਗ ਦੇ ਲਗਾਨ ਵਾਲੇ ਮਾਲੀ ਅਤੇ ਬਾਗ ਦੇ ਸਭੇ ਸੇਵਾਦਾਰ, ਅਗਜਾਤ ਪੁਰਸ਼ਾਂ ਦੀ ਨਜ਼ਰ ਵਿਚ ਮਾਲਕ ਪ੍ਰਤੀਤ ਹੁੰਦੇ ਹਨ, ਪ੍ਰੰਤੂ ਸਿਆਣੇ ਪੁਰਸ਼ ਓਹਨਾਂ ਨੂੰ ਉਸ ਬਾਗ ਦੇ ਸੇਵਾਦਾਰ ਹੀ ਸਮੇਝਨਗੇ, ਬਾਗਦਾ ਮਾਲੀ ਤੇ ਉਸ ਬਾਗਦਾ ਮਾਲਕ ਵਖ ਜਾਨਨਗੇ

(ਯ) **ਸਿਟਾ ਏਹ** ਨਿਕਲਿਯਾ ਕਿ ਖਾਲਸਾ ਪੰਥ ਰੂਪੀ ਬਾਗ ਦਾ ਅਸਲ ਮਾਲਕ **ਵਾਹੁਗੁਰ** (ਅਕਾਲਪੁਰਖ) ਹੈ। **ਸਬੂਤ** ਲਈ ਵਿਚਾਰੋ **"ਵਾਹੁਗੁਰ ਜੀ ਕਾ ਖਾਲਸਾ, ਵਾਹੁਗੁਰ ਜੀ ਕੀ ਫਤਹ"** ਖਾਲਸਾ ਪੰਥ ਦਾ ਪ੍ਰਸਿੱਧ ਮਿਲਾਪੀ ਬੋਲਾ ਅਤੇ ਦਸੇ ਗੁਰੂ ਉਸ **ਖਾਲਸਾ ਪੰਥ** ਰੂਪੀ ਬਾਗ ਦੇ ਮਾਲੀ ਹਨ, ਜਿਨਾਂ ਨੇ **"ਆਗਿਆ ਭਈ ਅਕਾਲ ਕੀ, ਤਬੀ ਚਲਾਇਓ ਪੰਥ"** ਵਾਕ ਅਨੁਸਾਰ ਉਕਤ ਬਾਗ ਨੂੰ ਮਾਲੀ ਸਰੂਪ ਹੋਕੇ ਲਗਾਯਾ ਹੈ ਅਤੇ ਉਕਤ ਬਾਗ ਦੀ ਸਦੀਵੀ ਸਫਾਈ, ਰਾਖੀ, ਪਾਲਨਾ, ਆਦਿ ਸੇਵਾ ਲਈ **ਗ੍ਰੰਥੀ, ਗਯਾਨੀ, ਉਪਦੇਸ਼ਕ, ਰਾਗੀ ਸਿੰਘ, ਸੇਵਕ** (ਸਕੱਤ੍ਰ) **ਮੀਤ-ਸੇਵਕ, ਜਥੇਦਾਰ, ਮੀਤ ਜਥੇਦਾਰ,** ਭੰਡਾਰੀ ਆਦਿ ਨੀਯਤ ਕੀਤੇ ਹਨ, ਜਿਨ੍ਹਾਂ ਦਾ ਫਰਜ ਹੈ ਜੋ ਪੂਰਬੋਕਤ ਆਸ਼ੇ ਅਨੁਸਾਰ ਖਾਲਸਾ ਪੰਥ ਰੂਪੀ ਬਾਗ ਦੀ ਯਥਾ ਯੋਗ ਸੰਭਾਲਨਾ ਕਰਦੇ ਰਹਿਣ, ।

ਤਾਤਪਰਜ ਏਹ ਜੋ ਉਕਤ ਸੇਵਾਦਾਰ ਆਪਣੇ ਆਪਨੂੰ ਖਾਲਸਾ ਪੰਥ ਰੂਪੀ ਬਾਗ ਦੇ ਸੇਵਾਦਾਰ ਸਮਝਨ, ਨਾਕਿ ਉਸਤੋਂ ਉਲਟ ਉਸ ਬਾਗ ਦੇ ਆਪ ਮਾਲਕ ਬਣ ਬੈਠਨ, **ਭਾਵ ਗੁਰੂ ਨਾ ਬਣ ਜਾਣ ।**

(੨੩) **ਹੁਣ** ਏਹ ਸੁਆਲ ਪੈਦਾ ਹੁੰਦਾ ਹੈ ਕਿ "ਬੇਸ਼ਕ ਦਸੇ ਗੁਰੂ ਸਾਹਿਬਾਂ ਦੇ ਪਿਛੋਂ ਖਾਲਸਾ ਧਰਮੀਆਂ ਦਾ **ਗੁਰੂ** ਤਾਂ ਸਿਵਾਏ ਸ੍ਰੀਗੁਰੂ ਗ੍ਰੰਥ ਸਾਹਿਬ ਜੀ ਦੇ ਹੋਰ ਕੋਈ (ਦੇਹਧਾਰੀ ਗੁਰੂ) ਨਹੀਂ ਹੋਸਕਦਾ" ਪ੍ਰੰਤੂ ਪੰਥ ਵਿਚ ਵਡੇ ੨ **ਮਹਾਤਮਾਂ, ਉਪਦੇਸ਼ਕਾਂ, ਗੁਣੀਆਂ, ਗਿਆਨੀਆਂ, ਗ੍ਰੰਥੀਆਂ, ਅੰਮ੍ਰਿਤ ਪ੍ਰਚਾਰਕਾਂ,** ਅਤੇ **ਜਥੇਦਾਰਾਂ,** ਆਦਿ **ਪੰਥ ਸੇਵਕਾਂ** ਨੂੰ ਜੋ ਖਾਲਸਾ ਧਰਮ ਦਾ ਉਪਦੇਸ਼ ਤਥਾ ਪ੍ਰਚਾਰ ਕਰਦੇ ਹਨ, ਕੀ ਸਮਝਿਆ ਜਾਵੇ ?

(ਰ) **ਉਤ੍ਰ** ਜਿਸਤਰਾਂ ਕੋਈਪੁਰਸ਼ ਆਪਣੇ ਪ੍ਰਦੇਸਗਵਨ ਅਥਵਾ ਦੇਹਾਂਤ ਸਮੇ ਆਪਨੇ ਬੇਟਿਆਂ (ਔਲਾਦ) ਲਈ ਉਪਦੇਸ਼ ਰੂਪੀ ਲਿਖਤ ਲਿਖਕੇ ਦੇ ਗਿਆ ਹੋਵੇ ਅਤੇ ਕਹਿ ਗਿਆ ਹੋਵੇ ਜੋ ਇਸ ਲਿਖਤ ਦੇ ਲੇਖ ਅਨੁਸਾਰ ਵਰਤੋਂ ਕਰਨਾ ਔਰ ਉਸਦਾ ਵਡਾ ਲੜਕਾ ਉਸ ਲਿਖਤ ਦੇ ਭਾਵ ਨੂੰ ਆਪਣੇ ਪਿਤਾ ਪਾਸੋਂ ਅੱਛੀ ਤਰਾਂ ਸਮਝ ਚੁਕਾ ਹੋਵੇ, ਉਹ ਆਪਨੇ ਛੋਟੇ ਭਰਾਵਾਂ ਨੂੰ ਉਸ ਲਿਖਤ ਦੇ ਭਾਵ ਚੰਗੀਤ੍ਰਾਂ ਸਮਝਾਕੇ ਆਪਣੇ ਪਿਤਾ ਦੇ ਆਗਜਾ-ਪਾਲਕ ਬਨਾਵੇ । ਇਸ ਕਰਕੇ ਛੋਟਿਆਂ ਭਰਾਵਾਂ ਦਾ ਫਰਜ਼ ਹੈ ਜੋ ਆਪਨੇ ਵੱਡੇ ਭਰਾ ਦਾ ਉਪਕਾਰ ਜਾਨਣ ।

ਪ੍ਰੰਤੂ ਜੇ ਕਦੀ ਵਡਾ ਭਰਾ (ਉਸ ਲਿਖਤਭਾਵ ਸਮਝਾਨ ਦੇ ਕਾਰਨ ਹੰਕਾਰ ਵਿਚ ਫਸਕੇ ਏਹ ਸਮਝੇ ਕਿ "ਜੇਕਰ ਉਸ ਲਿਖਤ ਦਾ ਭਾਵ ਮੈਂ ਨਾਂ ਸਮਝਾਂਦਾ ਤਾਂ ਕੀ ਉਸ ਲਿਖਤ ਨੇ ਆਪੇ ਬੋਲਨਾ ਸੀ ?") ਮਸਤੀ ਵਿਚ ਫਸਕੇ ਆਪਨੇ ਅਞਾਣੇ ਭਰਾਵਾਂ ਦਾ ਬਾਪ ਬਣਨਾ

ਚਾਹੇ, ਅਥਵਾ ਛੋਟੇ ਭਰਾ ਜਾਣ ਬੁਝਕੇ ਉਪਰਲੇ ਖਿਆਲ ਅਨੁਸਾਰ, ਆਪਨੇ ਵਡੇ ਭਰਾ ਨੂੰ ਉਕਤ ਲਿਖਤ ਦਾ ਭਾਵ ਦੱਸਣ ਦੇ ਬਦਲੇ ਬਾਪ ਬਣਾ ਲੈਣ ਜੋ ਧਰਮ ਅਤੇ ਸੰਸਾਰਿਕ ਵਿਹਾਰ ਤੋਂ ਅਤਿਯੰਤ ਵਿਰੁਧ ਹੈ ।

ਪਰ ਹਾਂ ! ਵਡੇ ਭਰਾ ਦਾ ਮੁਖਜ ਫਰਜ਼ ਹੈ ਜੋ ਓਹ ਆਪਣੇ ਛੋਟੇ ਭ੍ਰਾਵਾਂ ਨੂੰ ਪੁਤ੍ਰਾਂਵਤ ਪਾਲਨਾ ਕਰੇ ਤੇ ਸੁਭਸਿਖਜਾ ਦੇਵੇ ਤਾਂਕਿ ਉਸਦੇ ਛੋਟੇ ਭਰਾ ਭੀ ਪਿਤਾ ਦੀ ਵੋਛੱਡੀ ਲਿਖਤ ਦੇ ਪੂਰਨਿਆਂ ਪਰ ਚਲਨ ਲਗ ਜਾਨ, ਅਤੇ ਵਡੇ ਭਰਾ ਦੇ ਮੁਕਾਬਲੇ ਛੋਟੇ ਭ੍ਰਾਵਾਂ ਦਾ ਪਹਿਲਾ ਫਰਜ਼ ਹੈ ਜੋ ਓਹ ਆਪਣੇ ਵਡੇ ਭਰਾ ਦੀ ਪੂਰਨ ਇਜ਼ਤ ਤੇ ਸਨਮਾਨ ਕਰਨ, ਨਾਂਕਿ ਪਿਤਾ ਬਨਾ ਲੈਣ ।

(ਲ) **ਸੋ** ਉਪਰਲੇ ਦ੍ਰਿਸ਼ਟਾਂਤ ਵਤ ਸਾਡੇ ਦਸ ਸਤਿਗੁਰੂ ਸਾਹਿਬ (ਪਿਤਾ ਵਤ) ਆਪਨੀ ਪਵਿਤ੍ਰ ਬਾਣੀ (ਸ੍ਰੀਗੁਰੂ ਗ੍ਰੰਥ ਸਾਹਿਬ ਜੀ) ਖਾਲਸਾ ਪੰਥੀਆਂ ਲਈ ਅਸਥਾਪਨ ਕਰਗਏ ਹਨ,ਜਿਸਦੇ ਹੁਕਮ ਦੀ ਆਗਜਾ ਪਾਲਨ ਕਰਨਾ ਸਾਡਾ ਸਭਦਾ ਮੁਖਜ ਧਰਮ ਹੈ, ਅਰ ਸਤਿਗੁਰਾਂ ਦੇ ਓਹ ਪਿਆਰੇ (ਸਪੁਤ੍ਰ) ਜੋ ਸਾਨੂੰ ਅਪਨੇ ਉਪਦੇਸ਼ ਦ੍ਵਾਰਾ ਅਪਨਾ ਫਰਜ਼ ਸਮਝਕੇ ਗੁਰਬਾਣੀ ਦੇ ਪਵਿਤ੍ਰ ਭਾਵ ਅਤੇ ਖਾਲਸਾ ਧਰਮ ਦੀ ਨਿਰੋਲ ਵਾਕਫੀ ਕਰਾਕੇ ਆਪਣੇ ਵਤ ਸਾਨੂੰ ਭੀ ਸਤਿਗੁਰੂ ਜੀ ਦੇ ਸਪੁਤ੍ਰ ਹੋਣ ਦੇ ਯੋਗ ਬਨਾਉਂਦੇ ਹਨ ।

ਇਸ ਪਰ ਸਾਡਾ ਫਰਜ਼ ਹੈ ਜੋ ਅਸੀ ਉਨ੍ਹਾਂ ਦੀ ਇਜ਼ਤ ਤੇ ਸੇਵਾ ਆਪਣੇ ਵਡੇ ਭਰਾ ਜਾਨਕੇ ਕਰੀਏ,ਜਿਸਤ੍ਰਾਂ ਕਿ ਗੁਰੂ ਸਾਹਿਬਾਂ ਦੇ ਵੇਲੇ **ਬਾਬਾ ਬੁੱਢਾ ਜੀ ਭਾਈ ਗੁਰਦਾਸ ਜੀ ਤੇ ਭਾਈ ਮਨੀ ਸਿੰਘ ਜੀ** ਆਦਿਕਾਂ ਦਾ ਸਨਮਾਨ ਸੰਗਤਾਂ ਵਿਚ ਕੀਤਾ ਜਾਂਦਾ ਸੀ ॥

(ਵ) **ਬਸ** ਇਸ ਉਪਰਲੇ ਲੇਖ ਦਾ ਅਸਲ ਭਾਵ ਏਹ ਹੈ ਕਿ ਖਾਲਸਾ ਪੰਥੀਆਂ ਦੇ **ਗੁਰੂ** ਸ੍ਰੀ-

ਗੁਰੂ ਨਾਨਕ ਦੇਵ ਜੀ ਤੋਂ ਲੈਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਅਤੇ ਦਸੋਂ ਗੁਰੂ ਸਾਹਿਬਾਂ ਦੇ (ਬਾਣੀ ਰੂਪ) "**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ**" ਹਨ ਜਿਨ੍ਹਾਂ ਨੂੰ ਸ੍ਰੀ ਕਲਗੀਧਰ ਜੀ ਨੇ ਅਪਨੇ ਸਚਖੰਡ ਚਲਾਣੇ ਸਮੇ ਸ੍ਰੀ ਹਜ਼ੂਰ ਅਬਚਲ ਨਗਰ ਸਾਹਿਬ ਵਿਖੇ "ਸਭ ਸਿੱਖਨ ਕੋ ਹੁਕਮ ਹੈ **ਗੁਰੂ** ਮਾਨੀਓ **ਗ੍ਰੰਥ**" ਐਲਾਨ ਦ੍ਵਾਰਾ **ਸਦੀਵੀ ਗੁਰਤਾ** ਦੀ ਪਦਵੀ ਪ੍ਰਗਟ ਕੀਤੀ ਹੈ।

ਇਸਤੇ ਬਿਨਾਂ ਖਾਲਸਾ ਧਰਮ ਦੇ **ਪ੍ਰਚਾਰਕਾਂ, ਉਪਦੇਸ਼ਕਾਂ, ਗਿਆਨੀਆਂ, ਗ੍ਰੰਥੀਆਂ, ਗੁਰਦ੍ਵਾਰਿਆਂ,** ਤੇ **ਤਖਤ ਸਾਹਿਬਾਂ ਦੇ ਸੇਵਕਾਂ** (ਭਾਵ ਪੁਜਾਰੀਆਂ, ਤੇ ਮਹੰਤਾਂ) ਔਰ **ਅੰਮ੍ਰਿਤ ਛਕਾਉਨ ਵਾਲਿਆਂ ਬਿਹੰਗਮਾਂ,** (ਬਿਰਕਤ ਸਿੰਘਾਂ) **ਨਿਹੰਗਾਂ ਸਿੰਘਾਂ,** ਆਦਿ ਵਿਚੋਂ ਹਰ ਕਿਸੇ ਨੂੰ (ਭਾਂਵੇ ਕੋਈ ਭੀ ਹੋਵੇ, ਓਨ੍ਹਾਂ ਦੀ ਵਡੀ ਤੋਂ ਵਡੀ ਮਾਨ ਪ੍ਰਤਿਸ਼ਟਾ ਹੁੰਦਿਆਂ ਭੀ). ਉਨ੍ਹਾਂ ਦੇ ਗੁਣਾਂ ਅਨੁਸਾਰ ਓਨ੍ਹਾਂ ਦੀ ਕਦਰ ਕਰਨੀ ਯੋਗ ਹੈ।

ਤਥਾ ਉਨ੍ਹਾਂ ਨੂੰ **ਭਾਈ ਸਾਹਿਬ, ਜਥੇਦਾਰ ਸਾਹਿਬ, ਸਿੰਘ ਸਾਹਿਬ, ਸੇਵਕ ਸਾਹਿਬ, ਬਾਬਾ ਜੀ,** ਆਦਿ ਕਹਿਣਾ ਚਾਹੀਏ।

ਕਿਉਂਕਿ "ਗੁਰਸਿਖਾਂ ਪੁਤਾਂ, ਭਾਈਆਂ ਭਾਉ ਇਕੋ ਜੇਹਾ" ਵਾਕ ਅਨੁਸਾਰ ਖਾਲਸਾ ਧਰਮ ਵਿਚ ਦੂਜੇ ਪੁਤਾਂ ਨਾਲੋਂ ਏਹੋ ਵਿਸ਼ੇਸਤਾ ਹੈ । ਪਰ ਗੁਰੂ ਬਣਨ ਯਾ ਬਣਾਉਣ ਦੀ ਆਗਜਾ ਨਹੀਂ ॥

(ੜ) **ਬਸ** ਉੱਤੇ ਦੱਸੇ ਪੰਥਸੇਵਕਾਂ ਨੂੰ ਜਦ ਓਹ ਅੰਮ੍ਰਿਤਪ੍ਰਚਾਰ ਦੀ ਸੇਵਾ ਕਰਦੇ ਹਨ **ਪੰਜ ਪਜਾਰੇ** ਆਖਿਆ ਜਾਂਦਾ ਹੈ।

ਗਲ ਕੀ ਇਸ ਉਤਲੇ, ਅਤੇ ਪਿਛਲੇ ਲੇਖ ਅੰਕ ੨੨ ਦੇ ਸਿੱਟੇ ਮੂਜਬ ਏਨ੍ਹਾਂ

ਪੰਜ ਪਜਾਰਿਆਂ ਦਾ ਪੁੰਜ	ਪੰਚ ਖਾਲਸਾ ਅਰਥਾਤ ਖਾਲਸਾ ਪਾਰਲੀਮੈਂਟ

ਸ੍ਰੀਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ **ਗੁਰੂ** ਸਰੂਪ ਹੈ ।

ਬਲਕੇ ਉਤਲੀ ਮ੍ਰਯਾਦਾ ਤੋਂ ਵਿਰੁੱਧ ਇਕ, ਦੋ, ਤਿੰਨ, ਚਾਰ ਤਕ ਦੀ ਗਿਣਤੀ ਵਿਚ ਪੂਰਨ ਤਯਾਰ ਬਰਤਯਾਰ ਖਾਲਸਾ ਜੀ ਦਾ ਪੁੰਜ ਭੀ ਗੁਰੂ ਸਰੂਪ ਨਹੀਂ ਬਨ ਸਕਦਾ, ਜਦ ਤਕ ਪੂਰੇ ਪੰਜ ਨਾ ਹੋਜਾਨ ।

ਯਾਂਤੇ ਸਿੱਧ ਹੋਯਾ ਜੋ ਉਤੇ ਦੱਸੇ ਗੁਰੂ-ਸਰੂਪ ਪੰਜ ਪਯਾਰਿਆਂ ਤੋਂ ਅੰਮ੍ਰਿਤ ਪ੍ਰਚਾਰ ਸਮੇ ਗੁਰਮੰਤ੍ਰ ਵਾਹੁਗੁਰ (ਨਾਮੁ) ਔਰ "੧ ਓ ਸਤਿਨਾਮੁ, ਕਰਤਾ, ਪੁਰਖੁ, ਨਿਰਭਉ, ਨਿਰਵੈਰੁ, ਅਕਾਲ, ਮੂਰਤਿ, ਅਜੂਨੀ, ਸੈਭੰ, ਗੁਰ, ਪ੍ਰਸਾਦਿ" ਨਾਂਮੀ ਮੂਲ ਮੰਤ੍ਰ ਪ੍ਰਾਪਤ ਕੀਤਾ ਜਾਵੇ।

ਬਸ ਹੁਣ

(੨੪) ਸੁਤੇਹੀ ਦੋ ਪ੍ਰਸ਼ਨ ਉਤਪਨ ਹੋ ਸਕਦੇ ਹਨ, ਇਕ ਤਾਂ ਏਹ ਕਿ ਨਾਮੁ ਪ੍ਰਾਪਤੀ ਕਰਕੇ ਅਗੇ ਲਈ ਸਦੀਵੀ ਕੀ ਵਰਤੋਂ ਕੀਤੀ ਜਾਵੇ, ?

ਦੂਜੇ ਉਸ ਵਰਤੋਂ ਦੇ ਮਗਰੋਂ ਕੀ ਫਲ ਪ੍ਰਾਪਤ ਹੋਵੇਗਾ ?

ਉਤ੍ਰ

ਮਨੋਕਤ ਜੁਗਤੀ, (ਯੁਕਤੀ) ਛਡਕੇ ਪ੍ਰਿਥਮ ਪ੍ਰਸ਼ਨ ਦੇ ਉਤਰ ਸਬੰਧੀ ਗੁਰੂ ਸਾਹਿਬ ਦੇ ਹੁਕਮ ਸੁਣੋ।

ਯਥਾਃ—

ਗੂਜਰੀ ਮਹਲਾ ੫ ਸਬਦ ੧੩

ਸਫਾ $\frac{੪੯੮}{੪੪੪}$ ਸ੍ਰੀਗੁਰੂਃ

(ੳ/ੳ) ਦਿਨੁ ਰਾਤੀ ਆਰਾਧਹੁ ਪਿਆਰੇ,

ਨਿਮਖ ਨ ਕੀਜੈ ਢੀਲਾ ॥
ਸੰਤਸੇਵਾ ਕਰਿ ਭਾਵਨੀ ਲਾਈਐ,
ਤਿਆਗਿ ਮਾਨੁ ਹਾਠੀਲਾ ।

ਭਾਵ--ਮਨ ਦਾ ਮਾਨ (ਹੰਕਾਰ) ਹਠ (ਹਉਮੈ) ਤਜੇ ਤੇ ਭਾਵਨੀ (ਸਰਧਾ ਪ੍ਰੇਮ ਸਹਿਤ ਭਗਤੀ) ਕਰਦੇ ਹੋਏ ਅਕਾਲ ਆਰਾਧਹੁ ਅਰਥਾਤ ਦਿਨ ਰਾਤ ਨਾਮ ਅਭਯਾਸ ਕਰੋ ।

ਪੁਨਾਃ--

ਸੁਖਮਨੀ ਮਹਲਾ ੫ ਅਸਟਪਦੀ ੧੫

ਸਫਾ $\frac{੨੮੩}{੨੫੩}$ ਸ੍ਰੀਗੁਰੂਃ

(ਅ) ਜਪ ਜਨ ਸਦਾ ਸਦਾ ਦਿਨ ਰੈਣੀ ।
ਸਭ ਤੇ ਊਚ ਨਿਰਮਲ ਇਹ ਕਰਨੀ ।

ਭਾਵ--ਸਦੀਵ ਨਾਮ ਜਪਦੇ ਰਹੋ, ਕਿਉਂਕਿ ਏਹ ਕਰਨੀ ਸਭ ਤੋਂ ਉੱਚੀ ਤੇ ਨਿਰਮਲ ਹੈ ॥ ਪੁਨਾਃ--

ਗਉੜੀ ਸੁਖਮਨੀ ਮਹਲਾ ੫ ਅਸਟਪਦੀ ੩

ਸਫਾ $\frac{੨੬੬}{੨੩੯}$ ਸ੍ਰੀਗੁਰੂਃ

(ੲ) ਸਰਬ ਧਰਮ ਮਹਿ ਸ੍ਰੇਸਟ ਧਰਮ ।
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ।

ਭਾਵ--ਕਿਉਂ ਜੋ ਸਾਰੇ ਧਰਮਾਂ ਵਿਚੋਂ ਨਾਮ ਜਪਨਾ ਉਤਮ ਧਰਮ ਹੈ ਅਤੇ ਏਹ ਨਿਰਮਲ ਕਰਮ ਹੈ, ਯਾਂਤੇ ਨਾਮ ਅਭਯਾਸ ਕਰੋ।

ਪੁਨਾਃ—

ਜੈਤਸਰੀ ਮਹਲਾ ੪ ਸਬਦ ੧੧

ਸਫਾ $\frac{੬੯੯}{੬੨੧}$ ਸ੍ਰੀਗੁਰੂਃ

(ਸੁ/ਸ) **ਮਿਲਿ ਸਤਸੰਗਤਿ** ਸੰਗਿ ਗੁਰਾਹਾ।

ਪੂੰਜੀਨਾਮੁ ਗੁਰਮੁਖਿ ਵੇਸਾਹਾ।

ਹਰਿ ਹਰਿ ਕ੍ਰਿਪਾਧਾਰਿ ਮਧੁਸੂਦਨ

ਮਿਲਿ ਸਤਸੰਗਿ ਉਮਾਹਾ ਰਾਮ ॥੧॥

ਹਰਿਗੁਣ ਬਾਣੀ ਸ੍ਰਵਣਿ ਸੁਣਾਹਾ।

ਕਰਿ ਕਿਰਪਾ ਸਤਿਗੁਰੂ ਮਿਲਾਹਾ।

ਗੁਣ ਗਾਵਹ ਗੁਣ ਬੋਲਹ ਬਾਣੀ,

ਹਰਿਗੁਣ ਜਪਿ ਓਮਾਹਾ ਰਾਮ॥੨॥

ਸਭਿ ਤੀਰਥ ਵਰਤ ਜਗ ਪੁੰਨ ਤੁੋਲਾਹਾ।

ਹਰਿ ਹਰਿ ਨਾਮੁ ਨ ਪੁਜਹਿ ਪੁਜਾਹਾ।

ਹਰਿ ਹਰਿ ਅਤੁਲੁ ਤੋਲੁ ਅਤਿ ਭਾਰੀ,

ਗੁਰਮਤਿ ਜਪਿ ਓਮਾਹਾ ਰਾਮ॥੩॥

ਸਭਿ ਕਰਮ ਧਰਮ **ਹਰਿਨਾਮ ਜਪਾਹਾ**।

ਕਿਲਵਿਖ ਮੈਲੁ ਪਾਪ ਧੋਵਾਹਾ।

ਦੀਨ ਦਇਆਲ ਹੋਹੁ ਜਨ ਊਪਰਿ,

ਦੇਹੁ ਨਾਨਕ **ਨਾਮੁ ਉਮਾਹਾ** ਰਾਮ ॥੪॥

ਪੁਨਾਃ—

ਰਾਗੁ ਬਸੰਤੁ ਮਹਲਾ ੫ ਸਬਦ ੧੯

ਸਫਾ $\frac{੧੧੮੫}{੧੦੪੪}$ ਸ੍ਰੀਗੁਰੂਃ

(ਓ/ਹ) ਹੋਇ ਇਕਤ੍ਰ ਮਿਲਹੁ ਮੇਰੇ ਭਾਈ,
ਦੁਬਿਧਾ ਦੂਰ ਕਰਹੁ ਲਿਵ ਲਾਇ।
ਹਰਿ ਨਾਮੈ ਕੇ ਹੋਵਹੁ ਜੋੜੀ,
ਗੁਰਮੁਖਿ ਬੈਸਹੁ ਸਫਾ ਵਿਛਾਇ ॥ ੧ ॥
ਇਨ ਬਿਧਿ ਪਾਸਾ ਢਾਲਹੁ ਬੀਰ।
ਗੁਰਮੁਖਿ ਨਾਮੁ ਜਪਹੁ ਦਿਨੁ ਰਾਤੀ,
ਅੰਤਕਾਲਿ ਨਹ ਲਾਗੈ ਪੀਰ ॥੧॥ਰਹਾਉ॥
ਕਰਮ ਧਰਮ ਤੁਮ ਚਉਪੜਿ ਸਾਜਹੁ,
ਸਤੁ ਕਰਹੁ ਤੁਮ ਸਾਰੀ।
ਕਾਮੁ ਕ੍ਰੋਧੁ ਲੋਭੁ ਮੋਹੁ ਜੀਤਹੁ,
ਐਸੀ ਖੇਲ ਹਰਿ ਪਿਆਰੀ ॥ ੨ ॥
ਉਠਿ ਇਸਨਾਨੁ ਕਰਹੁ ਪਰਭਾਤੇ,
ਸੋਏ ਹਰਿ ਆਰਾਧੇ।
ਬਿਖੜੇ ਦਾਉ ਲੰਘਾਵੈ ਮੇਰਾ ਸਤਿਗੁਰੁ,
ਸੁਖ ਸਹਿਜ ਸੇਤੀ ਘਰਿ ਜਾਤੇ ॥ ੩ ॥
ਹਰਿ ਆਪੇ ਖੇਲੈ ਆਪੇ ਦੇਖੈ,
ਹਰਿ ਆਪੇ ਰਚਨੁ ਰਚਾਇਆ।
ਜਨ ਨਾਨਕ ਗੁਰਮੁਖਿ ਜੋ ਨਰੁ ਖੇਲੈ,
ਸੋ ਜਿਣਿ ਬਾਜੀ ਘਰਿ ਆਇਆ ॥ ੪ ॥

ਸੂਚਨਾ

(ਞੂ) ਪੂਰਬੋਕਤ ਦੋਨੋਂ ਸਬਦਾਂ ਦ੍ਵਾਰਾ ਸਾਬਤ ਹੈ ਕਿ "ਸਤਿਸੰਗਤ ਵਿਚ ਮਿਲ ਰੈਹਣਾ,, ਅਤੇ "ਨਾਮੁ ਅਭ੍ਯਾਸ ਰੂਪੀ ਪੂੰਜੀ

ਖੂੰਦਨੀ" ਅਤੇ "ਅਕਾਲ ਯਸ ਸਬੰਧੀ ਬਾਣੀ ਸੁਣਨੀ" ਔਰ "ਹਰਿਨਾਮੁ ਦਾ ਜਪਨਾ" ਉਪ੍ਰੰਤ "ਖਾਲਸਾ ਧਰਮੀਆਂ ਨਾਲ ਮਿਲਨਾ" ਇਸਤੇ ਬਿਨਾਂ "ਹਰਨਾਮੇ ਕੇ ਜੋੜੀ ਹੋਣਾ ਭਾਵ ਨਾਮ ਅਭਿਆਸੀ ਸਤ ਸੰਗਤ ਦਾ ਸਾਥੀ ਹੋਣਾ" ਗਲਕੀ 'ਰਾਤਦਿਨ ਨਾਮ ਜਪਨਾ" "ਸਤਤਾ ਦੀ ਖੇਲ ਖੇਲਨਾ' ਪੁਨਃ "ਅੰਮ੍ਰਿਤ ਵੇਲੇ ਸਾਵਧਾਨ ਹੋਕੇ ਸੌਚ ਆਦਿ ਨਿਤ ਕਰਮ ਕਰਨਾ" ਅੰਮ੍ਰਿਤ ਧਾਰੀਆਂ ਦਾ ਭਾਵ ਖਾਲਸਾ ਧਰਮੀਆਂ ਦਾ ਮੁਖ ਧਰਮ ਹੈ ॥

ਪੁਨਾਃ—

ਗਉੜੀ ਕੀ ਵਾਰ ਮਹਲਾ ੪ ਪਉੜੀ ੧੧

ਸਫਾ $\frac{੩੦੫}{੨੭੨}$ ਸ੍ਰੀਗੁਰੂਃ

(ਖ/ਖ) ਗੁਰ ਸਤਿਗੁਰ ਕਾ ਜੋ ਸਿਖੁ ਅਖਾਏ,
ਸੁ ਭਲਕੇ ਉਠਿ ਹਰਿਨਾਮੁ (ਵਾਹੁਗੁਰ) ਧਿਆਵੈ ।
ਉਦਮੁ ਕਰੈ ਭਲਕੇ ਪਰਭਾਤੀ,
ਇਸਨਾਨੁ ਕਰੇ ਅੰਮ੍ਰਿਤਸਰਿ ਨ੍ਹਾਵੈ ।
ਉਪਦੇਸ ਗੁਰੂ ਹਰਿ ਹਰਿ (ਵਾਹੁਗੁਰ) ਜਪੁ ਜਾਪੈ,
ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ।
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ
ਬਹਦਿਆ ਉਠਦਿਆ ਹਰਿਨਾਮੁ (ਵਾਹੁਗੁਰ) ਧਿਆਵੈ।
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ (ਵਾਹੁਗੁਰ)

ਸੋ ਗੁਰਸਿਖੁ ਗੁਰੂ ਮਨਿ ਭਾਵੈ ॥
ਜਿਸਨੋ ਦਇਆਲ ਹੋਵੈ ਮੇਰਾ ਸੁਆਮੀ
ਤਿਸ ਗੁਰਸਿਖ ਗੁਰੂ ਉਪਦੇਸ ਸੁਣਾਵੈ ।
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ(ਵਾਹਗੁਰ) ਜਪਾਵੈ।

ਭਾਵ--ਇਸ ਉਤਲੇ ਸਬਦ ਵਿਚ ਖਾਲਸਾ ਧਰਮੀਆਂ ਦੀ ਰਾਤ ਦਿਨ ਸਬੰਧੀ ਜਰੂਰੀ ਸਮਾਂਵੰਡ (ਟਾਈਮਟੇਬਲ) ਹੈ, ਜਿਸਦੇ ਅਨੁਸਾਰ ਵਰਤੋਂ ਕਰਨੀ ਖਾਲਸਾ ਜੀ ਦਾ ਮੁਖ੍ਯ ਫਰਜ਼ ਹੈ ।

ਬੱਸ

ਉਤੇ ਦਸੇ ਪ੍ਰਮਾਣਾਂ ਦ੍ਵਾਰਾ ਸਾਬਤ ਹੈ ਕਿ ਗੁਰ ਸਿਖਾਂ ਨੂੰ ਨਾਮਪ੍ਰਾਪਤੀ ਪਸਚਾਤ'ਨਾਮੁਅਭਯਾਸ ਕਰਨਾ' ਅਤਿ ਜਰੂਰੀ ਹੈ, ਤਾਂਕਿ "ਗੁਰਮੁਖ ਨਾਮ ਦਾਨ ਇਸਨਾਨ,, ਤਥਾ "ਗੁਰ ਮੁਖ ਰੋਮ ਰੋਮ ਹਰਿ ਧਿਆਵੈ" ਦੀ ਉਚ ਪਦਵੀ '**ਗੁਰਮੁਖ ਪਦ**' ਨੂੰ ਸਹਿਜ ਹੀ ਪ੍ਰਾਪਤ ਕਰ ਲੈਨ। ਵਧੀਕ ਵਿਸਥਾਰਲਈ **ਗੁਰਸੰਗਤਾਂ** ਦੀ ਸੰਗਤ ਕਰਨਾਂ ਅਤੇ ਸ੍ਰੀਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਵੀਚਾਰ ਸਹਿਤ ਕਰਨਾ ਯਾ ਸੁਨਣਾ ਜਰੂਰੀ ਹੈ ॥

(ਗਾ) ਹੁਣ ਸੁਣੋ ਦੂਜੇ ਪ੍ਰਸ਼ਨ ਦਾ ਉਤ੍ਰ, ਜਿਸ ਦ੍ਵਾਰਾ

ਪੁਛਿਆ ਗਿਆ ਹੈ, ਕਿ **ਨਾਮੁ ਅਭਯਾਸ ਦਾ ਕੀ ਫਲ ਪ੍ਰਾਪਤ ਹੋਊ** ? ਅਥਵਾ ਨਾਮ ਅਭਯਾਸ ਦ੍ਵਾਰੇ ਪ੍ਰਾਪਤ ਪਦ ਦੀ ਉਚੇਰੀ ਅਵਸਥਾ ਕੈਸੀ ਹੋਊ ?

ਇਸਦਾ ਉਤ੍ਰ ਅਖਰਾਂ ਦ੍ਵਾਰੇ ਦੇਣਾ ਅਤਿ ਕਠਿਨ ਹੈ, ਸਗੋਂ ਅਸੰਭਵ ਹੈ ।

ਯਾਂਤੇ ਇਸਦੇ ਉਤ੍ਰ ਸਬੰਧੀ ਏਹੋ ਯੋਗ ਜਾਪਦਾ ਹੈ, ਕਿ "ਇਸਦੇ ਉਤ੍ਰ ਸਬੰਧੀ ਗੁਰੂ ਸਾਹਿਬ ਜੀ ਦੀ ਮੁਖਵਾਕ ਬਾਣੀ ਵਿਚੋਂ ਹੀ", ਸ਼ਬਦ ਪ੍ਰਮਾਣ ਦੇਕੇ **ਸਮਾਪਤੀ ਕੀਤੀ ਜਾਵੇ** ।

ਯਥਾ:—

ਰਾਗੁ ਬਿਲਾਵਲ ਮਹਲਾ ੫ ਸਬਦ ੩੩

ਸਫਾ $\frac{੮੦੮}{੭੧੭}$ ਸ੍ਰੀਗੁਰੂ:

(ਘ/ਘ) **ਲਾਲ ਰੰਗੁ ਤਿਸ ਕਉ ਲਗਾ**
ਜਿਸਕੇ ਵਡਭਾਗਾ ।
ਮੈਲਾ ਕਦੇ ਨ ਹੋਵਈ
ਨਹ ਲਾਗੈ ਦਾਗਾ ॥ ੧ ॥
ਪ੍ਰਭੁ ਪਾਇਆ ਸੁਖਦਾਈਆ
ਮਿਲਿਆ ਸੁਖ ਭਾਇ ।
ਸਹਜਿ ਸਮਾਨਾ ਭੀਤਰੇ
ਛੋਡਿਆ ਨਹ ਜਾਇ ॥ ੧ ॥ ਰਹਾਉ ॥
ਜਰਾ ਮਰਾ ਨਹ ਵਿਆਪਈ

ਫਿਰ ਦੂਖੁ ਨ ਪਾਇਆ ।
ਪੀ ਅੰਮ੍ਰਿਤੁ ਆਘਾਨਿਆ
ਗੁਰਿ ਅਮਰ ਕਰਾਇਆ ॥ ੨ ॥
ਸੋ ਜਾਨੈ ਜਿਨਿ ਚਾਖਿਆ
ਹਰਿਨਾਮੁ ਅਮੋਲਾ ॥
ਕੀਮਤ ਕਹੀ ਨ ਜਾਈਐ
ਕਿਆ ਕਹਿ ਮੁਖਿ ਬੋਲਾ ॥ ੩ ॥
ਸਫਲ ਦਰਸੁ ਤੇਰਾ ਪਾਰਬ੍ਰਹਮ
ਗੁਣਨਿਧਿ ਤੇਰੀ ਬਾਣੀ ॥
ਪਾਵਉ ਧੂਰਿ ਤੇਰੇ ਦਾਸ ਕੀ
ਨਾਨਕ ਕੁਰਬਾਣੀ ॥ ੪ ॥

ਸੂਚਨਾ-ਇਸ ਸਾਰੇ ਸ਼ਬਦ ਦਾ ਏਹ ਭਾਵ ਹੈ ਕਿ ਨਾਮ ਅਭਯਾਸ ਦਾ ਫਲ ਓਹੀ ਜਾਣ ਸਕਦਾ ਹੈ ਜਿਸਨੇ ਨਾਮ ਅਭਯਾਸ ਕੀਤਾ ਹੈ। ਕਿਉਂਕਿ ਨਾਮ ਅਭਯਾਸ ਦੀ ਕੀਮਤ ਕਥਨ ਤੋਂ ਬਾਹਰ ਹੈ ॥

ਸਿਧਾਂਤ

(੨੫) ਇਸ ਪੰਜਮੇਂ ਕਾਂਡ ਵਿਚ ਸਿੱਧ ਕੀਤਾ ਗਿਆ ਹੈ ਕਿ ਗੁਰਮਤ੍ਰ ਤਥਾ ਨਾਮ ਦੀ ਪ੍ਰਾਪਤੀ ਪੰਜ ਪਯਾਰਿਆਂ ਦੇ ਪੁੰਜ 'ਪੰਚਖਾਲਸਾ' (ਗੁਰੂ ਸਰੂਪ) ਦ੍ਵਾਰਾ ਹੋਣੀ ਜਰੂਰੀ ਹੈ, ਜੋ ਕਿ ਖਾਲਸਾ ਪੰਥ ਦੀ

ਮ੍ਰਯਾਦਾ ਅਨੁਸਾਰ ਅੰਮ੍ਰਿਤਪਾਨ ਕਰਨੇ ਸਮੇ ਇਹ ਨਾਮੁ ਦੀ ਦਾਤ ਪੰਜਾਂ ਪਜਾਰਿਆਂ ਦ੍ਵਾਰੇ 'ਅੰਤਰ-ਆਤਮੇ' ਸਿੰਚਨ ਕੀਤੀ ਜਾਂਦੀ ਹੈ ਭਾਵ ਜਿਸਦਾ ਮੁੰਢ ਅੰਮ੍ਰਿਤਪਾਨ ਕਰਣਾ ਹੈ। ਇਸਤੋਂ ਅਗਲੀ ਕਰਣੀ **ਨਾਮ ਅਭਜਾਸ** ਤਥਾ 'ਨਾਮ ਪ੍ਰਵਾਹ' ਦੇ ਸਦਾ ਜਾਰੀ ਰਖਨ ਦੀ ਹੈ, ਤਾਂਕਿ ਪ੍ਰਾਣੀ "**ਉਠਤ ਬੈਠਤ ਸੋਵਤ ਨਾਮ**" (ਸੁਖਮਨੀ) ਵਾਕ ਅਨੁਸਾਰ ਨਾਮ ਰੰਗਣ ਵਿਚ ਰੱਤਾ ਹੋਯਾ ਵਿਸਮਾ-ਦਤਾ ਦਾ ਆਨੰਦ ਲੈਂਦਾ ਰਹੇ॥

ਇਹ ਨਾਮੁ ਅਭਜਾਸ ਦੀ ਕਰਣੀ **ਗੁਰਮੁਖ ਕਰਣੀ** ਹੈ, ਜਿਸਦਾ ਭੇਦ ਕੇਵਲ ਗੁਰੁਬਾਣੀ ਵੀਚਾਰ ਅਤੇ ਸਤਸੰਗ ਦ੍ਵਾਰੇ ਹੀ ਖੁਲ ਸਕਦਾ ਹੈ। ਸੋ ਇਸ "ਸੂਖਮ-ਕਰਣੀ" ਵਲ ਬਿਨਾ ਸਾਧਨ ਟੁਰਨਾ ਐਸਾ ਹੈ ਜੈਸਾ ਕਿ ਪਿੰਗਲੇ ਦਾ ਪਰਬਤ ਪਰ ਗਵੰਨ ਕਰਨਾ॥ **ਯਾਂਤੇ** ਸਤਸੰਗ ਦ੍ਵਾਰੇ ਗੁਰੁਬਾਣੀ ਦਾ ਵੀਚਾਰ **ਅੰਤਰ ਆਤਮੇ** ਕਰਨਾ, ਅਤੇ ਸਿੱਖੀ ਜੀਵਨ ਦੇ **ਨਿੱਤ ਕਰਮਾਂ** ਵਿਚ ਕਦੇ ਟੋਟ ਨਾ ਪੈਣ ਦੇਣਾ, ਇਹ **ਸਾਧਨ** ਹਨ ਜਿਨ੍ਹਾਂ

ਦ੍ਵਾਰੇ ਹੀ ਇਸ ਪਾਸੇ ਦੀ ਸੂਝ ਪੈਸਕਦੀ ਹੈ ਅਤੇ '**ਅੰਤਰ ਆਤਮੈ ਪ੍ਰਕਾਸ਼**' ਹੋ ਸਕਦਾ ਹੈ॥ ਸੋ ਇਹ ਉੱਚ ਅਵਸਥਾ **ਗੁਰਮੁਖ** ਦੀ ਹੈ, ਜਿਸਦਾ ਲੱਛਨ ਗੁਰੂ ਜੀ ਨੇ ਇਹ ਦਸਿਆ ਹੈ

ਯਥਾਃ–

(੧) ਗੁਰਮੁਖਿ ਨਾਮੁ ਦਾਨ ਇਸਨਾਨੁ।
(ਸਿਧਗੋਸਟ)

(੨) ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ
(ਸਿਧਗੋਸਟ)

ਪ੍ਰੰਤੂ ਇਹ ਅਵਸਥਾ ਉਸਨੂੰ ਪ੍ਰਾਪਤ ਹੁੰਦੀ ਹੈ. ਜਿਸਨੂੰ ਪ੍ਰਮੇਸੁਰ ਕ੍ਰਿਪਾ ਕਰਕੇ ਆਪਨੀ **ਸਿਫਤ ਸਲਾਹ** ਬਖਸ਼ੇ ਯਥਾਃ–

ਜਿਸਨੋ ਬਖਸੇ ਸਿਫਤ ਸਲਾਹ।
ਨਾਨਕ ਪਾਤਿਸਾਹੀ ਪਾਤਸਾਹ [ਜਪੁ]

ਯਾਂਤੇ

ਜਰੂਰੀ ਹੈ ਕਿ **ਗੁਰਮੁਖ ਪਦ** ਦੀ ਪ੍ਰਾਪਤੀ ਦੇ ਚਾਹਵਾਨ ਵੀਰ ਅਥਵਾ ਅਪਨੀ ਜੀਵਨ ਯਾਤ੍ਰਾ ਦੀ ਸਫਲਤਾ ਦੇ ਚਾਹਵਾਨ **ਵਾਹੁਗੁਰ** ਮਹਾਂਵਾਕ ਦ੍ਵਾਰਾ ਅਕਾਲਪੁਰਖ ਦਾ 'ਇਕ–ਰਸ' ਅਰਾਧਨ ਕਰਨ, ਤਾਂਕਿ ਗੁਰਮੁਖ ਪਦ--ਪੂਰਨ ਪਦ--ਨਿਰਬਾਨ ਪਦ ਨੂੰ 'ਸਹਿਜ ਜੋਗ' ਦ੍ਵਾਰੇ ਪ੍ਰਾਪਤ ਕਰ ਲੈਨ । ਜਿਸਨੂੰ ਗੁਰੂ ਜੀ ਨੇ **ਜੀਵਨ ਮੁਕਤਿ** ਕਰਕੇ ਭੀ ਲਿਖਿਆ ਹੈ।

ਇਸ ਅਦਭੁਤ ਅਵਸਥਾ ਦਾ ਹਾਲ ਅਖਰਾਂ ਵਿਚ ਕਥਨ ਕਰਨਾ ਅਸੰਭਵ ਹੈ, ਜੋ ਪਹੁੰਚੇ ਹਨ ਜਾਣਦੇ ਹਨ। ਯਥਾਃ—

ਕਬੀਰ ਚਰਨ-ਕਮਲ ਕੀ ਮਉਜ ਕੋ ਕਹਿ ਕੈਸੇ ਅਨੁਮਾਨ।
ਕਹਿਬੇ ਕਉ ਸੋਭਾ ਨਹੀਂ ਦੇਖਾ ਹੀ ਪਰਵਾਨ। (ਸਲੋਕ ਕਬੀਰ)

ਬਸ ਇਹੀ ਖਾਲਸਾ ਜੀ ਦੀ ਉਚੇਰੀ ਅਵ-ਸਥਾ ਹੈ, ਜਿਥੇ ਪਹੁੰਚਕੇ ਨਾਮੁ ਅਤੇ ਨਾਮੀ ਦੀ ਅਭੇ-ਦਤਾ ਹੁੰਦੀ ਹੈ। ਪ੍ਰੰਤੂ ਇਸ ਅਵਸਥਾ ਤਕ ਪਹੁੰਚੇ ਹੋਏ ਗੁਰਸਿੱਖ ਭੀ **ਭਗਤੀ ਭਾਵ** ਵਿਚ ਰਤੇ ਹੋਏ ਸਦਾ **ਅਰਦਾਸ** (ਵਿਨਯ) ਵਿਚ ਰਹਿੰਦੇ ਹਨ

ਯਥਾਃ--

ਤੇਰਾ ਕੀਤਾ ਜਾਤੋ ਨਾਹੀ, ਮੈਨੋ ਜੋਗੁ ਕੀਤੋਈ।
ਮੈ ਨਿਰਗੁਣਿਆਰੇ ਕੋ ਗੁਣੁ ਨਾਹੀ,
ਆਪੇ ਤਰਸੁ ਪਇਓਈ।
ਤਰਸੁ ਪਇਆ ਮਿਹਰਾਮਤਿ ਹੋਈ,
ਸਤਿਗੁਰ ਸਜਣੁ ਮਿਲਿਆ।
ਨਾਨਕ ਨਾਮੁ ਮਿਲੈ ਤਾਂ ਜੀਵਾਂ,
ਤਨੁ ਮਨੁ ਥੀਵੈ ਹਰਿਆ ॥ ੧ ॥
(ਸਲੋਕ ਮਹਲਾ ੫)

॥ ਇਤੀ ॥